People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA | On line paper | 06 ਅਪਰੈਲ 2025 ਐਤਵਾਰ "ਰੋਜ਼ਾਨਾ" ਸਾਲ ਚੌਥਾ | w.e.f. 15 August 2022 | ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

**ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ**



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਵਲੋਂ ਬਸਪਾ ਦੇ ਪੰਜਾਬ ਪ੍ਰਧਾਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੀ ਨਿੰਦਾ, ਅਜੀਤ ਭੈਣੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ /ਬੇਅੰਤ ਸਿੰਘ ਰੋਹਟੀ ਖਾਸ)ਖ਼ਾਲਸਤਾਨੀ ਗੁਰਪਤਵੰਤ ਸਿੰਘ ਪੰਨੂ ਵਲੋਂ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ।ਜਿਸ ਦੀ ਅਸੀਂ ਨਿਖੇਧੀ ਕਰਦੇ ਹਾਂ।

ਪੰਨੂੰ ਵਲੋਂ ਇਕ ਵੀਡੀਓ ਰਾਹੀਂ ਕਿਹਾ ਜਾ ਰਿਹਾ ਹੈ ਕਿ ਡਾਕਟਰ ਅੰਬੇਡਕਰ ਦੇ ਬੁੱਤ 14 ਅਪ੍ਰੈਲ ਨੂੰ ਲਾਹ ਕੇ ਭਗਤ ਰਵਿਦਾਸ ਜੀ ਦੇ ਬੁੱਤ ਲਗਾਉਣ ਵਾਲੇ ਨੂੰ 10 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਸਿੱਖ ਫਾਰ ਜਸਟਿਸ ਦਾ ਸੁਨੇਹਾ ਕਿ ਅੰਬੇਡਕਰ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹਿੱਸਾ ਦੱਸਦਾ ਹੈ ਸਿੱਖ ਨਸਲਕੁਸ਼ੀ ਲਈ ਜ਼ਿੰਮੇਵਾਰ ਹੈ। ਭਗਤ ਅੰਬੇਡਕਰ ਦੇ ਭਗਤ ਸੰਪਲਾਂ, ਤੇ ਕਰੀਮਪੁਰੀ ਸਿੱਖ ਫਾਰ ਜਸਟਿਸ ਦੇ ਨਿਸ਼ਾਨੇ ਤੇ ਹਨ।

ਅਸੀਂ ਪੰਨੂੰ ਨੂੰ ਦੱਸਣਾ ਚਾਹੁੰਦੇ ਹਾਂ ਕਿ ਸਾਰੇ ਪੰਜਾਬ ਦਾ ਸਮੂੰਚਾ ਬਹੁਜਨ ਸਮਾਜ ਤੇ ਬਹੁਜਨ ਸਮਾਜ ਪਾਰਟੀ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਦੀ ਸੁਰੱਖਿਆ ਕਰੇਗੀ ਤੇ ਉਹਨਾਂ ਦਾ ਹਰ ਪੱਖੋਂ ਸਾਥ ਦੇਵੇਗੀ। ਗੁੱਸੇ ਭਰੇ ਲਹਿਜੇ ਨਾਲ ਅਜੀਤ ਸਿੰਘ ਭੈਣੀ ਨੇ ਕਿਹਾ ਕਿ ਗੁਰਪਤਵੰਤ ਪੰਨੂ ਇਹ ਵੀ ਸਮਝ ਲਵੇ ਕਿ ਦਲਿਤ ਸਮਾਜ ਵਿਚ ਵਥੇਰੇ ਜੋਧੇ ਨੇ--- ਜੋ ਤੈਨੂੰ ਦੇਖ ਲੈਣਗੇ।

ਉਨ੍ਹਾਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ



ਪੰਜਾਬ ਦੇ DGP ਤੋਂ ਮੰਗ ਕੀਤੀ ਹੈ ਕਿ ਪੰਜਾਬ ਪ੍ਰਧਾਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ ਤੇ ਉਨ੍ਹਾਂ ਦੇ ਪ੍ਰੀਵਾਰ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ -- Z+ ਸਕਿਉਰਟੀ ਮੁਹਾਈਆ ਕਾਰਵਾਈ ਜਾਵੇ।

## ਗੁਰਪਤਵੰਤ ਪੰਨੂ 'ਤੇ ਗਿਆਸਪੁਰਾ ਦਾ ਤਿੱਖਾ ਹਮਲਾ - "ਨਫਰਤ ਫੈਲਾਉਣ ਵਾਲਾ ਸਿੱਖ ਨਹੀਂ ਹੋ ਸਕਦਾ, ਪੰਨੂ ਨੂੰ ਸਿੱਖ ਧਰਮ ਨਾਲ ਜੋੜਨਾ ਗ਼ਲਤ!"

### ਕਿਹਾ - ਸਾਡੇ ਗੁਰੂਆਂ ਨੇ ਸਾਨੂੰ ਨਫਰਤ ਅਤੇ ਹਿੰਸਾ ਨਹੀਂ, 'ਸਰਬੱਤ ਦਾ ਭਲਾ' ਦਾ ਪਾਠ ਪੜ੍ਹਾਇਆ ਹੈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ: ਗਰਮਖਿਆਲੀ ਗੁਰਪਤਵੰਤ ਪੰਨੂ ਵੱਲੋਂ ਡਾ. ਭੀਮ ਰਾਓ ਅੰਬੇਡਕਰ ਬਾਰੇ ਕੀਤੀ ਗਈ ਅਪਮਾਨਜਨਕ ਟਿੱਪਣੀ 'ਤੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਨਫ਼ਰਤ ਦੀ ਗੱਲ ਕਰਨ ਵਾਲਾ ਵਿਅਕਤੀ ਸਿੱਖ ਨਹੀਂ ਹੋ ਸਕਦਾ।

ਗਿਆਸਪੁਰਾ ਨੇ ਕਿਹਾ ਕਿ ਸਾਡੇ ਗੁਰੂਆਂ ਨੇ ਸਾਨੂੰ ਨਫਰਤ ਤੇ ਹਿੰਸਾ ਦੀ ਗੱਲ ਕਰਨੀ ਨਹੀਂ ਸਿਖਾਈ। ਉਨ੍ਹਾਂ ਨੇ ਸਾਨੂੰ 'ਸਰਬੱਤ ਦਾ ਭਲਾ' ਦਾ ਪਾਠ ਪੜ੍ਹਾਇਆ ਹੈ। ਇਸ ਵਿਅਕਤੀ ਨੂੰ ਸਿੱਖ ਸਿਧਾਂਤਾਂ ਬਾਰੇ ਕੁਝ ਨਹੀਂ ਪਤਾ। ਉਹ ਅਕਲ ਤੋਂ ਅੰਨ੍ਹਾ ਆਦਮੀ ਹੈ। ਗੁਰਪਤਵੰਤ ਪੰਨੂ ਸਾਡੇ ਗੁਰੂ ਸਾਹਿਬਾਨ ਦੁਆਰਾ ਸਾਨੂੰ ਦਿੱਤੀਆਂ ਗਈਆਂ ਸਿੱਖਿਆਵਾਂ ਦੇ ਇੱਕ ਨੁਕਤੇ 'ਤੇ ਵੀ ਖਰਾ ਨਹੀਂ ਉੱਤਰਦਾ।

ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਨੇ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਨਾਲ ਨਾ ਸਿਰਫ਼ ਦਲਿਤਾਂ ਨੂੰ ਸਗੋਂ ਔਰਤਾਂ ਸਮੇਤ ਸਾਰੇ ਲੋਕਾਂ ਨੂੰ ਮਹੱਤਵਪੂਰਨ ਸੰਵਿਧਾਨਕ ਅਧਿਕਾਰ ਦਿੱਤੇ। ਪਰ ਗੁਰਪਤਵੰਤ ਪੰਨੂੰ ਵਰਗੇ ਲੋਕ ਧਰਮ ਅਤੇ ਜਾਤ ਦੇ ਨਾਂ 'ਤੇ ਆਮ ਲੋਕਾਂ ਨੂੰ ਆਪਸ ਵਿੱਚ ਲੜਾਉਣਾ ਚਾਹੁੰਦੇ ਹਨ। ਪੰਜਾਬ ਅਜਿਹੇ ਲੋਕਾਂ ਨੂੰ ਕਦੇ ਵੀ ਸਵੀਕਾਰ ਨਹੀਂ ਕਰੇਗਾ।

ਉਨ੍ਹਾਂ ਕਿਹਾ ਕਿ ਅਸੀਂ ਗੁਰਪਤਵੰਤ ਪੰਨੂ ਨੂੰ ਚੇਤਾਵਨੀ ਦਿੰਦੇ ਹਾਂ ਕਿ ਉਹ ਬਾਹਰ ਬੈਠ ਕੇ ਭੜਕਾਊ ਗੱਲਾਂ ਨਾ ਕਰੇ, ਜੇਕਰ ਹਿੰਮਤ ਹੈ ਤਾਂ ਪੰਜਾਬ ਆ ਕੇ ਇਹ ਗੱਲਾਂ ਕਹੇ। ਆਪ ਆਗੂ ਨੇ ਕਿਹਾ ਕਿ 14 ਤਰੀਕ ਨੂੰ ਬਾਬਾ ਸਾਹਿਬ ਦੇ ਜਨਮ ਦਿਨ ਮੌਕੇ ਸੂਬੇ ਭਰ ਵਿੱਚ ਉਨ੍ਹਾਂ ਦੇ ਬੁੱਤਾਂ ਦੀ ਰਾਖੀ ਲਾਠੀਆਂ ਅਤੇ ਝੰਡਿਆਂ ਨਾਲ ਕਰਾਂਗੇ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਾਂਗੇ। ਅਸੀਂ ਅਜਿਹੀ ਧਮਕੀਆਂ ਤੋਂ ਡਰਨ ਵਾਲੇ ਨਹੀਂ।

ਗਿਆਸਪੁਰਾ ਨੇ ਪੰਨੂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਸੁਧਾਰ ਜਾਵੇ ਨਹੀਂ ਤਾਂ ਸਾਡਾ ਸਮਾਜ ਉਸ ਨਾਲ ਅਜਿਹਾ ਸਲੂਕ ਕਰੇਗਾ ਜੋ ਇਤਿਹਾਸ ਵਿੱਚ ਕਦੇ ਨਹੀਂ ਹੋਇਆ ਹੋਵੇਗਾ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਲੋਕ ਕਦੇ ਵੀ ਬਾਬਾ ਸਾਹਿਬ ਅੰਬੇਡਕਰ ਖ਼ਿਲਾਫ਼ ਗ਼ਲਤ ਟਿੱਪਣੀਆਂ ਨਹੀਂ



ਕਰਦੇ ਅਤੇ ਕਿਸੇ ਖ਼ਿਲਾਫ਼ ਵੀ ਅਜਿਹੀਆਂ ਟਿੱਪਣੀਆਂ ਕਰਨਾ ਸਾਡਾ ਸਭਿਆਚਾਰ ਨਹੀਂ ਹੈ।

ਉਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਗੁਰਪਤਵੰਤ ਪੰਨੂ ਵਰਗੇ ਲੋਕਾਂ ਦੀਆਂ ਗੱਲਾਂ ਵਿੱਚ ਨਾ ਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਬੈਠੇ ਇਹ ਲੋਕ ਇੱਥੋਂ ਦੇ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਹਿੰਸਾ ਦੀ ਅੱਗ ਵਿੱਚ ਧੱਕਦੇ ਹਨ।

## ਖਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਘਿਨਾਉਣੀਆਂ ਹਰਕਤਾਂ ਕਰਕੇ ਪੰਜਾਬ ਵਿੱਚ ਅੱਗ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ : ਕੌਂਸ਼ਲਰ ਮੁਕੇਸ਼ ਕੁਮਾਰ ਮੱਲੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ 3 ਅਪ੍ਰੈਲ ( ਤਰਸੇਮ ਦੀਵਾਨਾ ) ਵਿਦੇਸ਼ਾਂ ਵਿੱਚ ਬੈਠੇ ਭਾਰਤ ਦੇਸ਼ ਦੀ ਏਕਤਾ,ਅਖੰਡਤਾ ਅਤੇ ਭਾਈਚਾਰਕ ਸਾਂਝ ਦੇ ਵਿਰੋਧੀ ਅਖੌਤੀ ਖਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਖਿਲਾਫ ਕੀਤੀਆਂ ਭੈੜੀਆਂ ਟਿੱਪਣੀਆਂ ਨਾਲ ਜਿਥੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਅਪਮਾਨ ਹੋਇਆ ਹੈ ਓਥੇ ਇਸ ਬਹੂਦਾ ਹਰਕਤ ਨਾਲ ਦੇਸ਼ ਦੇ ਕਰੋੜਾਂ ਆਦਿ ਵਾਸੀ ਬਹੁਜਨਾਂ ਦਾ ਸਮਾਜਿਕ ਅਪਮਾਨ ਹੋਇਆ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼ਹਿਰ ਦੇ ਵਾਰਡ ਨੰਬਰ 46 ਦੇ ਹੋਣਹਾਰ ਕੌਂਸਲਰ ਮੁਕੇਸ਼ ਕੁਮਾਰ ਮੱਲੂ ਨੇ ਸਾਡੇ ਪੱਤਰਕਾਰ ਨਾਲ ਇੱਕ ਵਿਸ਼ੇਸ਼ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾਂ ਕਿਹਾ ਕਿ ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਇਕੱਲੇ ਐਸਸੀ ਸਮਾਜ ਜਾਂ ਕਿਸੇ ਇਕ ਫਿਰਕੇ ਦੇ ਆਗੂ ਨਹੀਂ ਹਨ ਬਲਕਿ ਪੂਰੇ ਭਾਰਤ ਵਾਸੀਆਂ ਦੇ ਹਰਮਨ ਪਿਆਰੇ ਰਹਿਬਰ ਹਨ। ਬਾਬਾ ਸਾਹਿਬ ਦੇ ਲਿਖੇ ਸੰਵਿਧਾਨ ਨਾਲ ਭਾਰਤ ਦਾ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਵਪਾਰਕ ਸਿਸਟਮ ਚੱਲਦਾ ਹੈ। ਕਿਸੇ ਵੀ ਫੁੱਟ-ਪਾਊ ਅਤੇ ਸ਼ਰਾਰਤੀ ਅਨਸਰ ਵੱਲੋਂ ਬਾਬਾ ਸਾਹਿਬ ਦੇ ਖਿਲਾਫ਼ ਇਹੋ ਜਿਹੀ ਘਟੀਆ ਸ਼ਬਦਾਵਲੀ ਵਰਤਣ ਨੂੰ ਆਦਿ ਵਾਸੀ ਐਸਸੀ ਸਮਾਜ ਸਹਿਣ ਨਹੀਂ ਕਰੇਗਾ। ਉਹਨਾਂ ਕਿਹਾ ਕਿ ਇਹੋ ਜਿਹੇ ਸ਼ਰਾਰਤੀ ਅਨਸਰ ਦੇਸ਼ ਅੰਦਰ ਪੱਖਪਾਤ, ਉਚ-ਨੀਚ ਤੇ ਜਾਤ-ਪਾਤ ਦਾ ਵੱਡੇ ਪੱਧਰ 'ਤੇ ਵਖਰੇਵਾਂ ਪਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ । ਉਨਾਂ ਹਰ ਵਰਗ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਸੀ ਪਿਆਰ, ਏਕਤਾ ਅਤੇ ਭਾਈਚਾਰਕ ਸਾਂਝ ਬਣਾ ਕੇ ਰੱਖਣ ਅਤੇ ਇਹੋ ਜਿਹੀਆਂ ਫੁੱਟ ਪਾਊ ਹਰਕਤਾਂ ਕਰਨ ਵਾਲਿਆਂ ਨੂੰ ਮੂੰਹ ਤੋੜ ਜਬਾਬ ਦੇਣ । ਉਨਾਂ ਕਿਹਾ ਕਿ ਡਾ. ਭੀਮ ਰਾਉ ਅੰਬੇਡਕਰ ਨੂੰ ਭਾਰਤ ਅੰਦਰ ਹੀ ਨਹੀਂ ਪੂਰੇ ਵਿਸ਼ਵ ਵਿੱਚ ਸਭ ਤੋਂ ਵੱਧ ਪੜ੍ਹੇ-ਲਿਖੇ ਹੋਣ ਦਾ ਮਾਣ ਪ੍ਰਾਪਤ ਹੈ ਇਸੇ ਕਰਕੇ ਭਾਰਤ ਸਰਕਾਰ ਵਲੋਂ ਉਨਾਂ ਨੂੰ ਭਾਰਤ ਰਤਨ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ । ਉਹਨਾਂ ਕਿਹਾ ਕਿ ਪੰਨੂ ਵਰਗੇ ਸ਼ਰਾਰਤੀ ਅਨਸਰ ਸਮਾਜ ਵਿਚ ਜ਼ਹਿਰ ਤੇ ਨਫਰਤ ਫੈਲਾਉਂਦੇ ਹਨ ਤੇ ਦੇਸ਼ ਨੂੰ ਤੋੜਨ ਦਾ ਯਤਨ ਕਰਦੇ ਹਨ । ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਨੇ ਕਰੋੜਾਂ ਆਦਿ ਵਾਸੀ ਬਹੁਜਨਾਂ ਨੂੰ ਸੰਵਿਧਾਨਕ ਅਧਿਕਾਰ ਲੈ ਕੇ ਦਿੱਤੇ, ਜਿਸ ਸਦਕਾ ਅੱਜ ਸਮਾਜ ਪੜ੍ਹ ਲਿਖਕੇ ਰਾਸ਼ਟਰਪਤੀ, ਕੇਂਦਰੀ ਮੰਤਰੀ, ਮੁੱਖ ਮੰਤਰੀ, ਐਮ ਪੀ, ਐਮ ਐਲ ਏ , ਅਤੇ ਸਰਕਾਰੀ ਚੰਗੀਆਂ ਚੰਗੀਆਂ ਨੌਕਰੀਆਂ ਦਾ ਅਨੰਦ ਮਾਣਦੇ ਹਨ



। ਉਹਨਾਂ ਕਿਹਾ ਬਾਬਾ ਸਾਹਿਬ ਨੇ ਬਿਨਾਂ ਕਿਸੇ ਪੱਖ ਪਾਤ, ਭੇਦ ਭਾਵ ਦੇ ਸੰਵਿਧਾਨ ਅੰਦਰ ਹਰ ਵਰਗ ਨੂੰ ਬਰਾਬਰ ਦੇ ਅਧਿਕਾਰ ਲੈ ਕੇ ਦਿੱਤੇ ਹਨ, ਨੀਚ ਅਤੇ ਅਬਲਾ ਕਹਿਣ ਵਾਲੀ ਔਰਤ ਨੂੰ ਬਰਾਬਰਤਾ ਦਾ ਅਧਿਕਾਰ ਦੇ ਕੇ ਸਿਰ ਦਾ ਤਾਜ ਬਣਾਇਆ। ਉਨਾਂ ਲੋਕਾ ਨੂੰ ਅਪੀਲ ਕੀਤੀ ਕਿ ਇਨਾਂ ਫੁੱਟ ਪਾਉਣ ਵਾਲੇ ਭਾਰਤ,ਪੰਜਾਬ ਦੀ ਅਮਨ ਸ਼ਾਂਤੀ ਨੂੰ ਅੱਗ ਲਾਉਣ ਵਾਲੇ ਲੋਕਾਂ ਦਾ ਡੱਟ ਕੇ ਵਿਰੋਧ ਕਰਨ ਅਤੇ ਆਪਸੀ ਪਿਆਰ, ਏਕਤਾ ਭਾਈਚਾਰਕ ਸਾਂਝ ਬਣਾ ਕੇ ਰੱਖਣ। ਉਨਾਂ ਸਰਕਾਰਾਂ ਨੂੰ ਵੀ ਅਪੀਲ ਕੀਤੀ ਕਿ ਅਜਿਹੇ ਲੋਕਾਂ ਖਿਲਾਫ਼ ਸਖਤ ਕਾਰਵਾਈ ਕਰੇ

## ਰਾਜਪਾਲ ਦੀ ਨਸ਼ਿਆਂ ਖ਼ਿਲਾਫ਼ ਯਾਤਰਾ ਦਾ ਲੋਕਾਂ ਵੱਲੋਂ ਥਾਂ-ਥਾਂ ਨਿੱਘਾ ਸਵਾਗਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਨਸ਼ਿਆਂ ਖ਼ਿਲਾਫ਼ ਕੀਤੀ ਜਾ ਰਹੀ ਪੈਦਲ ਯਾਤਰਾ ਅੱਜ ਤੀਜੇ ਦਿਨ ਨਵਾਂ ਪਿੰਡ (ਫਤਿਹਗੜ੍ਹ ਚੂੜੀਆਂ ਰੋਡ) ਤੋਂ ਸ਼ੁਰੂ ਹੋਈ।

ਰਾਜਪਾਲ ਦੀ ਨਸ਼ਿਆਂ ਖਿਲਾਫ ਪੈਦਲ ਯਾਤਰਾ ਦਾ ਥਾਂ-ਥਾਂ ਸਕੂਲਾਂ-ਕਾਲਜਾਂ ਦੇ ਬੱਚਿਆਂ ਅਤੇ ਆਮ ਲੋਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਸ਼ਾਸਨ ਦੀ ਅਧਿਕਾਰੀ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ ਅਤੇ ਸੁਰੱਖਿਆ ਦੇ ਕਰੜੇ ਪ੍ਰਬੰਧ ਕੀਤੇ ਹੋਏ ਹਨ।

ਇਸ ਮੌਕੇ ਰਾਜਪਾਲ ਪੰਜਾਬ ਨੇ ਕਿਹਾ ਹੈ ਕਿ ਨਸ਼ਿਆਂ ਨੂੰ ਪੂਰੀ ਤਰ੍ਹਾਂ ਮੁੱਢ ਤੋਂ ਖਤਮ ਕਰਨ ਲਈ ਲੋਕਾਂ ਦਾ ਵੱਡਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਅਲਾਮਤ ਨੂੰ ਸਾਰਿਆਂ ਦੇ ਸਹਿਯੋਗ ਨਾਲ ਹੀ ਖ਼ਤਮ ਕੀਤਾ ਜਾ ਸਕਦਾ ਹੈ।




# ਇਲਾਹਾਬਾਦ ਹਾਈ ਕੋਰਟ ਦੇ ਚੀਫ਼ ਜਸਟਿਸ ਅਰੁਣ ਭਸਾਲੀ ਨੇ ਉਨ੍ਹਾਂ ਨੂੰ ਸਹੁੰ ਚੁਕਾਈ।

## ਜਸਟਿਸ ਯਸ਼ਵੰਤ ਵਰਮਾ ਨੇ ਕਿਹਾ ਸੀ, ਮੈਂ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੁਆਰਾ ਉਸ ਸਟੋਰਰੂਮ ਵਿੱਚ ਕੋਈ ਨਕਦੀ ਨਹੀਂ ਰੱਖੀ ਗਈ ਸੀ। ਇਹ ਦਾਅਵਾ ਕਿ ਇਹ ਨਕਦੀ ਸਾਡੀ ਹੈ, ਹਾਸੋਹੀਣਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

Justice Yashwant Verma takes oath as Judge of Allahabad High Court: ਜਸਟਿਸ ਯਸ਼ਵੰਤ ਵਰਮਾ ਨੇ ਅੱਜ ਇਲਾਹਾਬਾਦ ਹਾਈ ਕੋਰਟ ਦੇ ਜੱਜ ਵਜੋਂ ਸਹੁੰ ਚੁੱਕੀ। ਇਹ ਸਹੁੰ ਚੁੱਕ ਸਮਾਗਮ ਉਨ੍ਹਾਂ ਦੀ ਮੂਲ ਅਦਾਲਤ ਵਿੱਚ ਵਾਪਸੀ ਨੂੰ ਦਰਸਾਉਂਦਾ ਹੈ, ਜੋ ਕਿ ਇੱਕ ਉੱਚ-ਪ੍ਰੋਫਾਈਲ ਨਕਦੀ ਘੁਟਾਲੇ ਅਤੇ ਉਸ ਦੇ ਤਬਾਦਲੇ ਦੇ ਵਿਰੋਧ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਵਿਚਕਾਰ ਹੋਇਆ ਸੀ। ਇਲਾਹਾਬਾਦ ਹਾਈ ਕੋਰਟ ਦੇ ਚੀਫ਼ ਜਸਟਿਸ ਅਰੁਣ ਭਸਾਲੀ ਨੇ ਉਨ੍ਹਾਂ ਨੂੰ ਸਹੁੰ ਚੁਕਾਈ।

ਜਸਟਿਸ ਵਰਮਾ ਦੀ ਇਲਾਹਾਬਾਦ ਹਾਈ ਕੋਰਟ ਵਿੱਚ ਵਾਪਸੀ 14 ਮਾਰਚ, 2025 ਨੂੰ ਹੋਲੀ ਵਾਲੇ ਦਿਨ ਇੱਕ ਨਾਟਕੀ ਘਟਨਾ ਨਾਲ ਸ਼ੁਰੂ ਹੋਈ। ਦਿੱਲੀ ਦੇ ਲੁਟੀਅਨਜ਼ ਜ਼ੋਨ ਵਿੱਚ ਸਥਿਤ ਉਨ੍ਹਾਂ ਦੇ ਸਰਕਾਰੀ ਬੰਗਲੇ (30 ਤੁਗਲਕ ਕ੍ਰੇਸੈਂਟ) ਨੂੰ ਅੱਗ ਲੱਗ ਗਈ। ਜਦੋਂ ਅੱਗ ਬੁਝਾਉਣ ਵਾਲੇ ਅੱਗ ਬੁਝਾਉਣ ਲਈ ਪਹੁੰਚੇ, ਤਾਂ ਗਾਰਡ ਕੁਆਰਟਰਾਂ ਦੇ ਨਾਲ ਲੱਗਦੇ ਇੱਕ ਸਟੋਰ ਰੂਮ ਵਿੱਚੋਂ ਲਗਭਗ 15 ਕਰੋੜ ਰੁਪਏ ਦੀ ਨਕਦੀ ਮਿਲੀ। ਉਸ ਸਮੇਂ ਜਸਟਿਸ ਵਰਮਾ ਭੋਪਾਲ ਵਿੱਚ ਸਨ ਅਤੇ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ, ਉਹ ਅਗਲੇ ਦਿਨ ਦਿੱਲੀ ਵਾਪਸ ਆ ਗਏ।

ਦਿੱਲੀ ਫਾਇਰ ਸਰਵਿਸ ਦਾ ਸ਼ੁਰੂਆਤੀ ਬਿਆਨ ਵੀ ਵਿਵਾਦਪੂਰਨ ਸੀ। ਮੁਖੀ ਅਤੁਲ ਗਰਗ ਨੇ ਸ਼ੁਰੂ ਵਿੱਚ ਨਕਦੀ ਲੈਣ ਤੋਂ ਇਨਕਾਰ ਕੀਤਾ ਪਰ ਬਾਅਦ ਵਿੱਚ ਆਪਣਾ ਬਿਆਨ ਬਦਲ ਲਿਆ। ਸੜੀ ਹੋਈ ਕਰੰਸੀ ਦੀਆਂ ਤਸਵੀਰਾਂ ਅਤੇ ਵੀਡੀਓ ਸਾਹਮਣੇ ਆਉਣ ਨਾਲ ਮਾਮਲਾ ਹੋਰ ਵੀ ਗੰਭੀਰ ਹੋ ਗਿਆ। ਦਿੱਲੀ ਪੁਲਿਸ ਨੇ ਤੁਰੰਤ ਚੀਫ਼ ਜਸਟਿਸ ਸੰਜੀਵ ਖੰਨਾ ਨੂੰ ਸੂਚਿਤ ਕੀਤਾ, ਜਿਨ੍ਹਾਂ ਨੇ ਸੁਪਰੀਮ ਕੋਰਟ ਕਾਲਜੀਅਮ ਦੀ ਐਮਰਜੈਂਸੀ ਮੀਟਿੰਗ ਬੁਲਾਈ।

ਜਸਟਿਸ ਵਰਮਾ ਨੇ ਸਾਰੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਅਤੇ ਇਸ ਨੂੰ “ਸਾਜ਼ਿਸ਼” ਕਰਾਰ ਦਿੱਤਾ। ਉਹ ਦਿੱਲੀ ਹਾਈ ਕੋਰਟ ਦੇ ਚੀਫ਼ ਜਸਟਿਸ ਡੀ.ਕੇ. ਨਾਲ ਮਿਲੇ। ਉਨ੍ਹਾਂ ਨੇ ਉਪਾਧਿਆਏ ਨੂੰ ਇੱਕ ਪੱਤਰ ਲਿਖਿਆ ਜਿਸ ਵਿੱਚ ਕਿਹਾ ਗਿਆ ਸੀ, “ਮੈਂ ਸਪੱਸ਼ਟ ਤੌਰ ‘ਤੇ ਕਹਿੰਦਾ ਹਾਂ ਕਿ ਮੈਂ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੁਆਰਾ ਉਸ ਸਟੋਰਰੂਮ ਵਿੱਚ ਕੋਈ ਨਕਦੀ ਨਹੀਂ ਰੱਖੀ ਗਈ ਸੀ। ਇਹ ਦਾਅਵਾ ਕਿ ਇਹ ਨਕਦੀ ਸਾਡੀ ਹੈ, ਹਾਸੋਹੀਣਾ ਹੈ।”

ਉਨ੍ਹਾਂ ਨੇ ਇਹ ਵੀ ਕਿਹਾ ਕਿ ਸਟੋਰਰੂਮ ਖੁੱਲ੍ਹਾ ਸੀ ਅਤੇ ਸਟਾਫ਼ ਲਈ ਪਹੁੰਚਯੋਗ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਨਕਦੀ ਕਿਸੇ ਹੋਰ ਦੁਆਰਾ ਰੱਖੀ ਗਈ ਹੋ ਸਕਦੀ ਹੈ।

ਇਲਾਹਾਬਾਦ ਹਾਈ ਕੋਰਟ ਬਾਰ ਐਸੋਸੀਏਸ਼ਨ ਨੇ ਜਸਟਿਸ ਵਰਮਾ ਦੀ ਵਾਪਸੀ ਦਾ ਸਖ਼ਤ ਵਿਰੋਧ ਕੀਤਾ। 24 ਮਾਰਚ ਨੂੰ ਪ੍ਰਧਾਨ ਅਨਿਲ ਤਿਵਾੜੀ ਦੀ ਅਗਵਾਈ ਹੇਠ ਗੇਟ ਨੰਬਰ 3 ‘ਤੇ ਇੱਕ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਕਿਹਾ, “ਦੋਸ਼ਾਂ ਦੀ ਜਾਂਚ ਕੀਤੇ ਬਿਨਾਂ ਵਰਮਾ ਦਾ ਤਬਾਦਲਾ ਨਿਆਂਪਾਲਿਕਾ ਦੀ ਭਰੋਸੇਯੋਗਤਾ ਨੂੰ ਠੇਸ ਪਹੁੰਚਾਉਂਦਾ ਹੈ। ਸਾਡੀ ਲੜਾਈ ਭ੍ਰਿਸ਼ਟਾਚਾਰ ਅਤੇ ਪਾਰਦਰਸ਼ਤਾ ਦੀ ਘਾਟ ਵਿਰੁਧ ਹੈ।”

2 ਅਪ੍ਰੈਲ ਨੂੰ, ਸਥਾਨਕ ਵਕੀਲਾਂ ਦੁਆਰਾ ਵਰਮਾ ਦੇ ਸਹੁੰ ਚੁੱਕ ਸਮਾਗਮ ‘ਤੇ ਰੋਕ ਲਗਾਉਣ ਦੀ ਮੰਗ ਕਰਦੇ ਹੋਏ ਇੱਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਸੀ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਨਿਯੁਕਤੀ ਨਾਲ ਨਿਆਂਪਾਲਿਕਾ ਵਿੱਚ ਜਨਤਾ ਦਾ ਵਿਸ਼ਵਾਸ ਘੱਟ ਜਾਵੇਗਾ। ਭਾਵੇਂ ਸਹੁੰ ਚੁੱਕ ਸਮਾਗਮ ਕਈ ਵਿਵਾਦਾਂ ਦੇ ਵਿਚਕਾਰ ਪੂਰਾ ਹੋਇਆ, ਪਰ ਜਾਂਚ ਕਮੇਟੀ ਦੀ ਰਿਪੋਰਟ ਹੁਣ ਤਕ ਜਾਰੀ ਨਹੀਂ ਕੀਤੀ ਗਈ, ਜਿਸ ਕਾਰਨ ਸਥਿਤੀ ਭੰਬਲਭੂਸੇ ਵਾਲੀ ਬਣੀ ਹੋਈ ਹੈ।

# ਪੰਜਾਬ ਸਰਕਾਰ ਵੱਲੋਂ 14 ਅਪ੍ਰੈਲ ਨੂੰ ਜਨਤਕ ਛੁੱਟੀ ਦਾ ਐਲਾਨ, ਬੰਦ ਰਹਿਣਗੇ ਸਾਰੇ ਸਰਕਾਰੀ ਦਫ਼ਤਰ ਤੇ ਕਾਲਜ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਵਿਦਿਆਰਥੀ ਹਰ ਸਮੇਂ ਛੁੱਟੀਆਂ ਬਾਰੇ ਹੀ ਸੋਚਦੇ ਰਹਿੰਦੇ ਹਨ। ਅਜਿਹੇ ਵਿਚ ਉਨ੍ਹਾਂ ਲਈ ਚੰਗੀ ਖ਼ਬਰ ਹੈ। ਪੰਜਾਬ ਸਰਕਾਰ ਨੇ 14 ਅਪ੍ਰੈਲ ਨੂੰ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਵਸ ਮੌਕੇ ਜਨਤਕ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

ਇਸ ਦਿਨ ਪੰਜਾਬ ਦੇ ਸਾਰੇ ਸਰਕਾਰੀ ਦਫਤਰ, ਸਰਕਾਰੀ ਸਕੂਲ ਕਾਲਜ ਬੰਦ ਰਹਿਣਗੇ। ਇਸ ਸਬੰਧੀ ਸੂਬਾ ਸਰਕਾਰ ਵੱਲੋਂ ਇੱਕ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਬਾਬਾ ਸਾਹਿਬ ਅੰਬੇਦਕਰ ਦਾ ਜਨਮ 14 ਅਪ੍ਰੈਲ 1891 ਨੂੰ ਹੋਇਆ ਸੀ, ਉਹ ਆਪਣੇ ਮਾਤਾ-ਪਿਤਾ ਦੇ 14ਵੇਂ ਬੱਚੇ ਸਨ। ਉਨ੍ਹਾਂ ਦੇ ਪਿਤਾ ਸੂਬੇਦਾਰ ਰਾਮਜੀ ਮਾਲੋਜੀ ਸਕਪਾਲ ਸਨ, ਜੋ ਬ੍ਰਿਟਿਸ਼ ਆਰਮੀ ਵਿੱਚ ਸਨ।

ਕੇਂਦਰ ਸਰਕਾਰ ਨੇ ਵੀ 27 ਮਾਰਚ ਨੂੰ ਨੋਟੀਫਿਕੇਸਨ



ਜਾਰੀ ਕਰਕੇ 14 ਅਪਰੇਲ ਦੀ ਛੁੱਟੀ ਦਾ ਐਲਾਨ ਕੀਤਾ ਹੈ।

# ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ

## ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਕੀਤਾ ਜਾਵੇਗਾ ਸੂਬੇ ਦਾ ਦੌਰਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ, ਅਪ੍ਰੈਲ 5: ਪੰਜਾਬ ਰਾਜ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਸੂਬੇ ਦਾ ਦੌਰਾ ਕੀਤਾ ਜਾਵੇਗਾ।

ਇਹ ਜਾਣਕਾਰੀ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਦੇ ਬੁਲਾਰੇ ਨੇ ਅੱਜ ਇਥੇ ਇਕ ਪ੍ਰੈਸ ਨੋਟ ਰਾਹੀਂ ਦਿੱਤੀ।

ਬੁਲਾਰੇ ਨੇ ਦੱਸਿਆ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਮੌਕੇ ਪੰਜਾਬ ਦੇ ਵੱਖ ਵੱਖ ਹਿੱਸਿਆਂ ਦਾ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਦੌਰਾ ਕੀਤਾ ਜਾਵੇਗਾ।

ਬੁਲਾਰੇ ਨੇ ਦੱਸਿਆ ਕਿ 6 ਅਪ੍ਰੈਲ 2025 ਨੂੰ ਬੀ.ਆਰ ਅੰਬੇਡਕਰ ਸਟੱਡੀ ਸਰਕਲ ਸੈਂਟਰ ਪਿੰਡ ਸਲੇਮਪੁਰ, ਨੇੜੇ ਸਿੱਧਵਾਂ ਬੇਟ ਜਿਲ੍ਹਾਂ ਲੁਧਿਆਣਾ, 13 ਅਪ੍ਰੈਲ 2025 ਨੂੰ ਬਹੁਜਨ ਕਰਮਚਾਰੀ ਅਤੇ ਸੇਵਾ ਮੁਕਤ ਕਰਮਚਾਰੀ ਸੰਘ ਵਲੋਂ ਅਜ਼ਮੇਰ ਪੈਲੇਸ, ਮਲੋਟ ਰੋਡ, ਮੁਕਤਸਰ ਸਾਹਿਬ ਵਿਖੇ,14ਅਪ੍ਰੈਲ 2025 ਨੂੰ ਨਵਾਂਸ਼ਹਿਰ, 19ਅਪ੍ਰੈਲ 2025 ਨੂੰ ਐਸ.ਸੀ./ਬੀ.ਸੀ. ਕਰਮਚਾਰੀ ਫੈਡਰੇਸ਼ਨ ਪੀ.ਐਸ. ਪੀ.ਸੀ.ਐਲ/ਪੀ.ਐਸ.ਟੀ.ਸੀ. ਐਲ ਵਲੋਂ ਥਰਮਲ ਪਲਾਂਟ ਨੂਹੋ ਕਾਲੋਨੀ, ਰੋਪੜ ਵਿਖੇ ਅਤੇ 20ਅਪ੍ਰੈਲ 2025 ਨੂੰ ਸੰਗਰੂਰ ਦੇ ਪਾਰੁਲ ਪੈਲੇਸ ਵਿਖੇ ਬੀ.ਆਰ. ਅੰਬੇਡਕਰ ਵੈੱਲਫੇਅਰ ਅਤੇ ਚੈਰੀਟੇਬਲ ਮੰਚ ਅਤੇ ਸਹਿਜੋਗੀ ਜਥੇਬੰਦੀਆਂ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਸ਼ਿਰਕਤ ਕਰਨਗੇ। 13ਅਪ੍ਰੈਲ 2025 ਨੂੰ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ਾਮ ਦੇ ਸਮਾਗਮਾਂ ਵਿੱਚ ਹਾਜ਼ਰੀ ਭਰਕੇ ਜਾਗਰੂਕਤਾ ਅਭਿਆਨ ਜਾਰੀ ਰੱਖਣਗੇ।

ਇਨ੍ਹਾਂ ਸਮਾਗਮਾਂ ਵਿੱਚ ਲੋਕਾਂ ਨੂੰ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ



ਸੰਘਰਸ਼ ਬਾਰੇ ਜਾਣੂ ਕਰਵਾਉਣ ਤੋਂ ਇਲਾਵਾ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਕੰਮਕਾਜ, ਭਾਰਤੀ ਸੰਵਿਧਾਨ ਅਤੇ ਦੇਸ਼ ਦੇ ਕਨੂੰਨ ਵਿੱਚ ਗਰੀਬਾਂ, ਮਜਲੂਮਾਂ, ਅਨੁਸੂਚਿਤ ਜਾਤੀਆਂ ਤੇ ਪਿਛੜੀਆਂ ਸ਼੍ਰੇਣੀਆਂ ਦੇ ਹੱਕਾਂ, ਅਧਿਕਾਰਾਂ, ਸਮਾਜਿਕ ਸੁਰੱਖਿਆ ਸਬੰਧੀ ਵੀ ਜਾਣਕਾਰੀ ਦਿੱਤੀ ਜਾਵੇਗੀ।

# ਗੁਰਪਤਵੰਤ ਪੰਨੂੰ ਵੱਲੋ ਬਾਬਾ ਸਾਹਿਬ ਅੰਬੇਡਕਰ ਜੀ ਅਪਮਾਨ ਕਰਨ ਤੇ ਰਾਜਪੁਰਾ ਵਿਖੇ ਪੰਨੂ ਦਾ ਪੁਤਲਾ ਸਾੜਿਆ ਗਿਆ,

## ਅਖੌਤੀ ਖਾਲਿਸਤਾਨੀ ਗੁਰਪਤਵੰਤ ਪੰਨੂੰ ਵੱਲੋ ਬਾਬਾ ਸਾਹਿਬ ਅੰਬੇਡਕਰ ਜੀ ਅਪਮਾਨ ਕਰਨ ਅਤੇ 14 ਅਪ੍ਰੈਲ ਤੱਕ ਬਾਬਾ ਸਾਹਿਬ ਦੀਆ ਮੂਰਤੀਆਂ ਹਟਾਉਣ ਵਿਰੁੱਧ ਰਾਜਪੁਰਾ ਵਿਖੇ ਪੰਨੂ ਦਾ ਪੁਤਲਾ ਸਾੜਿਆ ਗਿਆ, ਹੰਸ ਰਾਜ ਪ੍ਰਧਾਨ, ਰਾਜਿੰਦਰ ਸਿੰਘ ਚੱਪੜ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ -- ਅੱਜ ਰਾਜਪੁਰਾ ਵਿੱਖੇ ਸਫਾਈ ਸੇਵਕ ਯੂਨੀਅਨ ਪੰਜਾਬ ਅਤੇ ਬਹੁਜਨ ਸਮਾਜ ਪਾਰਟੀ ਵੱਲੋ ਸਾਂਝੇ ਤੌਰ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਹਿਬ ਦਾ ਅਪਮਾਨ ਕਰਨ ਵਾਲੇ ਗੁਰਪਤਵੰਤ ਸਿੰਘ ਪੰਨੂ ਦਾ ਪੁਤਲਾ ਅੰਬੇਡਕਰ ਚੌਂਕ ਵਿੱਖੇ ਸਾੜਿਆ ਗਿਆ। ਪਿਛਲੇ ਦਿਨਾ ਤੋਂ ਲਗਾਤਾਰ ਫਿਲੌਰ ਅਤੇ ਬਟਾਲਾ ਵਿੱਚ ਬਾਬਾ ਸਾਹਿਬ ਅੰਬੇਡਕਰ ਜੀ ਦੀਆਂ ਮੂਰਤੀਆਂ ਦਾ



ਅਪਮਾਨ ਕੀਤਾ ਗਿਆ, ਬਾਬਾ ਸਾਹਿਬ ਅੰਬੇਡਕਰ ਵਿਰੁੱਧ ਭੱਦੀ ਸ਼ਬਦਾਵਲੀ ਵਰਤੀ ਗਈ, ਬਾਬਾ ਸਾਹਿਬ ਦੀਆ ਮੂਰਤੀਆ 14 ਅਪ੍ਰੈਲ ਤੱਕ ਹਟਾਉਣ ਦੀ ਧਮਕੀਆਂ ਦਿੱਤੀਆ ਗਈਆ ,ਜਿਸ ਕਰਕੇ ਸਮੁੱਚੇ ਦਲਿਤ ਭਾਈਚਾਰੇ ਵਿਚ ਰੋਸ ਪਾਇਆ ਜਾ ਰਿਹਾ ਸੀ।ਜਿਸ ਦੇ ਵਿਰੋਧ ਵਿੱਚ ਪੰਨੂ ਦਾ ਪੁਤਲਾ ਫੂਕਿਆ ਗਿਆ। ਅੱਜ ਦੇ ਰੋਸ ਪ੍ਰਦਰਸ਼ਨ ਵੇਲੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੇ ਮੰਗ ਕੀਤੀ ਗਈ ਕਿ ਬਹੁਜਨ ਸਮਾਜ ਬਾਬਾ ਸਾਹਿਬ ਜੀ ਦਾ ਅਪਮਾਨ ਸਹਿਣ ਨਹੀ ਕਰੇਗਾ ਇਸ ਲਈ ਪੰਨੂੰ ਵਰਗੇ ਦੋਸ਼ੀਆ ਨੂੰ ਸਖਤ ਸਜਾ ਦਿਵਾਉਣ ਲਈ ਯੋਗ ਕਦਮ ਚੁੱਕਿਆ ਜਾਵੇ।

ਅੱਜ ਦੇ ਰੋਸ ਪ੍ਰਦਰਸ਼ਨ ਵਿਚ ਨਗਰ ਕੌਂਸਲ ਪ੍ਰਧਾਨ ਹੰਸ ਰਾਜ ਪ੍ਰਧਾਨ, ਸੁਸੀਲ ਕੁਮਾਰ, ਕੁਲਦੀਪ ਹਰਪਾਲਪੁਰ, ਬਸਪਾ ਆਗੂ ਰਾਜਿੰਦਰ ਸਿੰਘ ਚੱਪੜ ਕੁਲਦੀਪ ਸਿੰਘ ਸੂਰੋਂ,ਗੁਰਦਾਸ ਸਿੰਘ ਘੜਾਮਾ, ਹਰਮੇਸ਼ ਖਾਨਪੁਰ, ਜਸਵੀਰ ਸਿੰਘ ਖੜੌਲੀ,ਸੰਜੇ ਬਨਵਾੜੀ, ਅਨੁ ਟਾਰਗੇਟ ਕਮਲ ਕੁਮਾਰ ਪੱਪੂ ਸਮੇਤ ਯੂਨੀਅਨ ਦੀਆ ਲੇਡੀਜ ਵਰਕਰਾਂ ਸਮੇਤ ਵੱਡੀ ਗਿਣਤੀ ਵਿੱਚ ਬਹੁਜਨ ਸਮਾਜ ਦੇ ਬਹਾਦਰ ਵਰਕਰਾਂ ਨੇ ਹਿੱਸਾ ਲਿਆ ।ਸਾਂਝੇ ਤੌਰ ਤੇ ਸਾਮਲ ਲੀਡਰਸ਼ਿਪ ਵੱਲੋ 14 ਅਪ੍ਰੈਲ ਨੂੰ ਬਾਬਾ ਸਾਹਿਬ ਅੰਬੇਡਕਰ ਜੀ ਦਾ ਜਨਮ ਦਿਨ ਮਨਾਉਣ ਲਈ ਲੋਕਾਂ ਨੂੰ ਇਕੱਠ ਕਰਨ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਪ੍ਰੀਤਮਾ ਦੀ ਰਖਵਾਲੀ ਲਈ ਪ੍ਰਸ਼ਾਸਨ ਤੇ ਮੰਗ ਕੀਤੀ ਗਈ

# ਅਦਾਕਾਰ ਮਨੋਜ ਕੁਮਾਰ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਅਦਾਕਾਰ-ਨਿਰਦੇਸ਼ਕ ਮਨੋਜ ਕੁਮਾਰ ਦਾ ਅੱਜ ਸ਼ਨੀਵਾਰ ਨੂੰ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਤਿਰੰਗੇ ਵਿੱਚ ਲਪੇਟੀ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਮੁੰਬਈ ਦੇ ਜੁਹੂ ਸਥਿਤ ਪਵਨ ਹੰਸ ਸ਼ਮਸ਼ਾਨਘਾਟ ਵਿੱਚ ਲਿਆਂਦਾ ਗਿਆ। ਇੱਥੇ ਉਨ੍ਹਾਂ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਗਈ। ਉਨ੍ਹਾਂ ਦੇ ਪੁੱਤਰ ਕੁਨਾਲ ਗੋਸਵਾਮੀ ਨੇ ਚਿਤਾ ਨੂੰ ਅਗਨ ਭੇਟ ਕੀਤਾ। ਉਨ੍ਹਾਂ ਦੇ ਅੰਤਿਮ ਸਸਕਾਰ ‘ਚ ਪ੍ਰੇਮ ਚੋਪੜਾ, ਸਲੀਮ ਖਾਨ, ਸੁਭਾਸ਼ ਘਈ ਤੇ ਅਮਿਤਾਭ ਬੱਚਨ ਨੇ ਬੇਟੇ ਅਭਿਸ਼ੇਕ ਸਮੇਤ ਸ਼ਿਰਕਤ ਕੀਤੀ।

ਦੱਸ ਦੇਈਏ ਕਿ ਮਨੋਜ ਕੁਮਾਰ ਦੀ ਸ਼ੁੱਕਰਵਾਰ ਨੂੰ ਮੌਤ ਹੋ ਗਈ ਸੀ। ਉਨ੍ਹਾਂ ਨੇ ਮੁੰਬਈ ਦੇ ਕੋਕਿਲਾਬੇਨ ਹਸਪਤਾਲ ‘ਚ ਆਖਰੀ ਸਾਹ ਲਿਆ। ਉਨ੍ਹਾਂ ਨੂੰ ਦੇਸ਼ ਭਗਤੀ ਦੀਆਂ ਫਿਲਮਾਂ ਬਣਾਉਣ ਕਾਰਨ ਭਾਰਤ ਕੁਮਾਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।ਅਦਾਕਾਰ ਮਨੋਜ ਕੁਮਾਰ ਦੀ ਸ਼ੁੱਕਰਵਾਰ ਸਵੇਰੇ ਮੁੰਬਈ ਦੇ ਕੋਕਿਲਾਬੇਨ ਹਸਪਤਾਲ ਵਿੱਚ ਮੌਤ ਹੋ ਗਈ। ਉਹ 87 ਸਾਲ ਦੇ ਸਨ।

# ਅਮਨ ਅਰੋੜਾ ਵੱਲੋਂ ਸਰਪੰਚਾਂ, ਨੰਬਰਦਾਰਾਂ ਤੇ ਨਗਰ ਕੌਂਸਲਰਾਂ ਦੀਆਂ ਆਨਲਾਈਨ ਲਾਗਇਨ ਆਈ.ਡੀਜ਼. ਬਣਾਉਣ ਦੇ ਹੁਕਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨੀਕ ਮੰਤਰੀ ਸ੍ਰੀ ਅਮਨ ਅਰੋੜਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਅਪ੍ਰੈਲ 2025 ਦੇ ਆਖ਼ੀਰ ਤੱਕ ਸਾਰੇ ਸਰਪੰਚਾਂ, ਨੰਬਰਦਾਰਾਂ ਤੇ ਨਗਰ ਕੌਂਸਲਰਾਂ (ਐਮ.ਸੀਜ਼) ਦੀਆਂ ਆਨਲਾਈਨ ਲਾਗਇਨ ਆਈ.ਡੀਜ਼. (ID) ਦਾ ਕੰਮ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਹਨ ਤਾਂ ਜੋ ਸੂਬੇ ਦੇ ਨਾਗਰਿਕਾਂ ਨੂੰ ਪਾਰਦਰਸ਼ੀ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਸਬੰਧੀ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇ।

ਪੰਜਾਬ ਸਟੇਟ ਈ-ਗਵਰਨੈਂਸ ਸੋਸਾਇਟੀ (PSEGS) ਦੇ ਬੋਰਡ ਆਫ਼ ਗਵਰਨਰਜ਼ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਨਾਗਰਿਕਾਂ ਨੂੰ ਆਨਲਾਈਨ ਸੇਵਾਵਾਂ ਮੁਹੱਈਆ ਕਰਵਾਉਣ ਵਾਸਤੇ ਕੁੱਲ 43,321 ਸਰਪੰਚਾਂ, ਨੰਬਰਦਾਰਾਂ ਅਤੇ ਐਮ.ਸੀਜ਼. ਦੀਆਂ ਆਨਲਾਈਨ ਆਈ.ਡੀਜ਼. ਬਣਾਈਆਂ ਜਾ ਚੁੱਕੀਆਂ ਹਨ ਤਾਂ ਜੋ ਉਹ ਅਰਜ਼ੀਆਂ ਅਤੇ ਸਰਟੀਫਿਕੇਟਾਂ ਦੀ ਆਨਲਾਈਨ ਤਸਦੀਕ ਕਰ ਸਕਣ। ਇਹ ਸਿਸਟਮ ਲਾਗੂ ਹੋਣ ਨਾਲ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਇਨ੍ਹਾਂ ਸਥਾਨਕ ਨੁਮਾਇੰਦਿਆਂ ਕੋਲ ਵਾਰ ਵਾਰ ਗੇੜੇ ਲਗਾਉਣ ਤੋਂ ਛੁਟਕਾਰਾ ਮਿਲੇਗਾ।

ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਕਾਸ ਪ੍ਰਤਾਪ ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਸਰਪੰਚਾਂ, ਨੰਬਰਦਾਰਾਂ ਅਤੇ ਐਮ.ਸੀਜ਼. ਦੀਆਂ 41,000 (ਲਗਭਗ 95 ਫ਼ੀਸਦ) ਤੋਂ ਵੱਧ ਆਨਲਾਈਨ ਲੌਗਇਨ ਆਈ.ਡੀਜ਼. ਪਹਿਲਾਂ ਹੀ ਤਿਆਰ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਨੇ ਮੰਤਰੀ ਨੂੰ ਭਰੋਸਾ ਦਿੱਤਾ ਕਿ ਸੂਬੇ ਦੇ ਸਾਰੇ ਸਥਾਨਕ ਪ੍ਰਤੀਨਿਧੀਆਂ ਦੀਆਂ ਲਾਗਇਨ ਆਈ.ਡੀਜ਼. ਇਸ ਮਹੀਨੇ ਦੇ ਆਖੀਰ ਤੱਕ ਬਣਾ ਦਿੱਤੀਆਂ ਜਾਣਗੀਆਂ ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਨਾਗਰਿਕ ਕੇਂਦਰਿਤ ਸੇਵਾਵਾਂ ਨੂੰ ਸਾਰੇ ਨਾਗਰਿਕਾਂ ਲਈ ਵਧੇਰੇ ਪਹੁੰਚਯੋਗ ਬਣਾਉਂਦਿਆਂ ਸੂਬਾ ਸਰਕਾਰ ਨੇ ਡੋਰਸਟੈਪ ਡਿਲੀਵਰੀ ਫੀਸ 120 ਰੁਪਏ ਤੋਂ ਘਟਾ ਕੇ 50 ਰੁਪਏ ਕਰ ਦਿੱਤੀ ਹੈ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਸ ਕਦਮ ਤਹਿਤ ਸੂਬੇ ਦੇ ਵਸਨੀਕ ਹੈਲਪਲਾਈਨ ਨੰਬਰ-1076 ‘ਤੇ ਕਾਲ ਕਰਕੇ ਘਰ ਬੈਠੇ 406 ਸੇਵਾਵਾਂ ਦਾ ਲਾਹਾ ਲੈ ਸਕਦੇ ਹਨ। ਡਿਲੀਵਰੀ ਫੀਸ ਵਿੱਚ ਕਟੌਤੀ ਕਰਨ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਕਮਜ਼ੋਰ ਵਿੱਤੀ ਹਾਲਾਤ ਵਾਲੇ ਨਾਗਰਿਕ ਵੀ ਇਨ੍ਹਾਂ ਸੇਵਾਵਾਂ ਦਾ ਲਾਭ ਉਠਾ ਸਕਣ।

ਪੰਜਾਬ ਸਰਕਾਰ ਦੀ ਆਪਣੇ ਨਾਗਰਿਕਾਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਅਤੇ ਉਹਨਾਂ ਨੂੰ ਨਿਰਵਿਘਨ ਸੇਵਾਵਾਂ ਪ੍ਰਦਾਨ ਕਰਨ ਦੀ ਵਚਨਬੱਧਤਾ ਦੁਹਰਾਉਂਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਟੇਟ ਈ-ਗਵਰਨੈਂਸ ਸੋਸਾਇਟੀ ਕਈ ਪਹਿਲੂਆਂ ‘ਤੇ ਸਰਗਰਮੀ ਨਾਲ ਕੰਮ ਕਰ ਰਹੀ ਹੈ ਅਤੇ ਨਵੀਨਤਾਕਾਰੀ ਆਈ.ਟੀ. ਅਤੇ ਈ-ਗਵਰਨੈਂਸ ਹੱਲ ਪ੍ਰਦਾਨ ਕਰ ਰਹੀ ਹੈ, ਜਿਸ ਨਾਲ ਪ੍ਰਸ਼ਾਸਨ ਵਿੱਚ ਵਧੇਰੇ ਸੁਧਾਰ ਅਤੇ ਪਾਰਦਰਸ਼ੀ ਸੇਵਾ ਪ੍ਰਦਾਨ ਕਰਨ ਵਿੱਚ ਯੋਗਦਾਨ ਪਾਇਆ ਜਾ



ਰਿਹਾ ਹੈ।

ਦੱਸਣਯੋਗ ਹੈ ਕਿ ਬੋਰਡ ਨੇ ਕਈ ਮੁੱਖ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਸਮੀਖਿਆ ਵੀ ਕੀਤੀ, ਜਿਨ੍ਹਾਂ ਵਿੱਚ ਈ-ਸੇਵਾ, ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ (ਪੀ.ਜੀ.ਆਰ.ਐਸ.), ਸੂਚਨਾ ਦਾ ਅਧਿਕਾਰ (ਆਰ.ਟੀ.ਆਈ.) ਪੋਰਟਲ, ਐਮ-ਸੇਵਾ, ਸਟੇਟ ਐਡਮਿਸ਼ਨ ਪੋਰਟਲ, ਕੁਨੈਕਟ ਪੋਰਟਲ ਅਤੇ ਵਿਜ਼ਟਰ ਪਾਸ ਪ੍ਰਬੰਧਨ ਪ੍ਰਣਾਲੀ ਸ਼ਾਮਲ ਹਨ।

ਇਸ ਮੀਟਿੰਗ ਵਿੱਚ ਵਿਸ਼ੇਸ਼ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਸ੍ਰੀ ਘਨਸ਼ਿਆਮ ਥੋਰੀ, ਡਾਇਰੈਕਟਰ ਸੁਚੱਜਾ ਪ੍ਰਸ਼ਾਸਨ ਸ੍ਰੀ ਗਿਰੀਸ਼ ਦਿਆਲਨ, ਪੀ.ਐਮ.ਆਈ.ਡੀ.ਸੀ. ਦੇ ਸੀ.ਈ.ਓ. ਸ੍ਰੀਮਤੀ ਦੀਪਤੀ ਉੱਪਲ, ਰਾਜ ਟਰਾਂਸਪੋਰਟ ਕਮਿਸ਼ਨਰ ਸ੍ਰੀ ਜਸਪ੍ਰੀਤ ਸਿੰਘ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਖਮਾਣੋਂ ਚ ਨਕਲੀ ਫਾਇਰ ਅਫ਼ਸਰ ਰਿਸ਼ਵਤ ਲੈਂਦਾ ਕੈਮਰੇ ’ਚ ਕੈਦ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਨਕਲੀ ਅਧਿਕਾਰੀ ਅਤੇ ਮੁਲਾਜ਼ਮ ਬਣ ਕਈ ਸ਼ਰਾਰਤੀ ਅਨਸਰਾਂ ਤੋਂ ਅਨੇਕਾਂ ਲੋਕ ਸੂਬੇ ’ਚ ਸ਼ਿਕਾਰ ਹੋ ਚੁੱਕੇ ਹਨ । ਅਜਿਹਾ ਮਾਮਲਾ ਸਮਰਾਲਾ ਅਤੇ ਖਮਾਣੋ ’ਚ ਸਾਹਮਣੇ ਹੋਇਆ ਹੈ। ਜਿੱਥੇ ਦੋ ਨਕਲੀ ਫਾਇਰ ਵਿਭਾਗ ਦੇ ਮੁਲਾਜ਼ਮ ਬਣ ਇੱਕ ਵਪਾਰੀ ਨਿਵਾਸੀ ਖਮਾਣੋਂ ਨੂੰ ਆਪਣਾ ਸ਼ਿਕਾਰ ਬਣਾ ਚੁੱਕੇ ਹਨ ਅਤੇ 5 ਹਜ਼ਾਰ ਰੁਪਏ ਰਿਸ਼ਵਤ ਲੈ ਚੁੱਕੇ ਹਨ, ਰਿਸ਼ਵਤ ਲੈਂਦੇ ਦੀ CCTV ਸਾਹਮਣੇ ਆਈ ਹੈ।

ਇੱਕ ਵਿਅਕਤੀ ਨੂੰ ਸ਼ਿਕਾਰ ਬਣਾਉਣ ਗਏ ਸ਼ਰਾਰਤੀ ਅਨਸਰਾਂ ਦੀ ਖੁੱਲ ਗਈ ਪੋਲ ਅਤੇ ਮੌਕੇ ’ਤੇ ਨਗਰ ਕੌਂਸਲ ਸਮਰਾਲਾ ਦੇ ਕਾਰਜਸਾਧਕ ਅਫ਼ਸਰ ਨੂੰ ਬੁਲਾ ਲਿਆ। NOC ਲਈ ਸਮਰਾਲਾ ਵਿਅਕਤੀ ਕੋਲ ਰਿਸ਼ਵਤ ਲੈਣ ਗਏ ਉਕਤ ਸ਼ਰਾਰਤੀ ਅਨਸਰਾਂ ਦੀ ਵੀਡੀਓ ਬਣੀ ਹੋਈ ਹੈ ਅਤੇ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ। ਇਹ ਦੋਨੋਂ ਮਾਮਲਿਆਂ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ। ਵਪਾਰੀ ਅਤੇ ਵਿਅਕਤੀ ਵੱਲੋਂ ਸੰਬੰਧਿਤ ਪੁਲਿਸ ਸਟੇਸ਼ਨ ’ਚ ਸ਼ਿਕਾਇਤ ਦੇ ਦਿੱਤੀ ਹੈ। ਪਰ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ।

ਜ਼ਿਕਰਯੋਗ ਖਾਸ ਗੱਲ ਇਹ ਹੈ ਕਿ ਸ਼ਿਕਾਰ ਹੋਏ ਵਪਾਰੀ ਵੱਲੋਂ ਫ਼ਾਇਰ ਬ੍ਰਿਗੇਡ ਦੀ ਐਨਓਸੀ ਲੈਣ ਲਈ ਅਪਲਾਈ ਸਮਰਾਲਾ ਫ਼ਾਇਰ ਬ੍ਰਿਗੇਡ ਨੂੰ ਕੀਤਾ ਗਿਆ ਸੀ ਅਤੇ ਇਸ ਦੀ ਸੂਚਨਾ ਉਕਤ ਦੋ ਨਕਲੀ ਮੁਲਾਜ਼ਮਾਂ ਨੂੰ ਕਿਵੇਂ ਲੱਗੀ ਇਹ ਇੱਕ ਸਵਾਲੀਆ ਨਿਸ਼ਾਨ ਸਮਰਾਲਾ ਫ਼ਾਇਰ ਬ੍ਰਿਗੇਡ ਦੀ ਟੀਮ ਅਤੇ ਨਗਰ ਕੌਂਸਲ ਸਮਰਾਲਾ ਤੇ ਖੜਾ ਕਰਦਾ ਹੈ। ਪੀੜਤ ਮਨੀਸ਼ ਨੇ ਦੱਸਿਆ ਕਿ ਮੈਂ ਇੱਕ ਆਪਣੇ ਇਕ ਜਗ੍ਹਾ ਦੀ ਫ਼ਾਇਰ ਵਿਭਾਗ ਤੋਂ NOC ਲੈਣ ਲਈ ਸਮਰਾਲਾ ਫਾਇਰ ਬ੍ਰਿਗੇਡ ਸਪਲਾਈ ਕੀਤਾ ਸੀ ਅਤੇ ਉਸਦੀ ਫੀਸ ਵੀ ਆਨਲਾਈਨ ਜਮ੍ਹਾਂ ਕਰਵਾ ਦਿੱਤੀ ਸੀ।

ਕੁਝ ਦਿਨ ਬਾਅਦ ਮੈਨੂੰ ਇੱਕ ਵਿਅਕਤੀ ਦਾ ਫੋਨ ਆਇਆ ਹੈ ਕਿ ਮੈਂ ਫ਼ਾਇਰ ਵਿਭਾਗ ਦਾ ਮੁਲਾਜ਼ਮ ਬੋਲਦਾ ਹਾਂ ਅਤੇ ਤੁਸੀਂ ਐਨਓਸੀ ਅਪਲਾਈ ਕੀਤੀ ਸੀ ਤੇ ਮੈਂ ਤੁਹਾਡੀ ਜਗ੍ਹਾ ਦੇਖਣ ਖਮਾਣੋਂ ਆਇਆ ਹਾਂ। ਪੀੜਤ ਨੇ ਦੱਸਿਆ ਕਿ ਉਕਤ ਨਕਲੀ ਮੁਲਾਜ਼ਮ ਨੇ ਆਪਣਾ ਨਾਮ ਪ੍ਰੇਮ ਕੁਮਾਰ ਦੱਸਿਆ ਤੇ ਕਿਹਾ ਕਿ ਤੁਸੀਂ ਜੋ NOC ਲੈਣ ਲਈ ਅਪਲਾਈ ਕੀਤੀ ਹੈ ਉਸਦੇ ਆਨਲਾਈਨ ’ਚ ਇਤਰਾਜ਼ ਆਇਆ ਹੈ ਅਤੇ ਹੁਣ ਅਸੀਂ ਤੁਹਾਨੂੰ NOC ਦੇ ਸਕਦੇ ਹਾਂ, ਪਰ ਉਸਦੀ ਅਲੱਗ ਤੋਂ ਫ਼ੀਸ ਲੱਗੇਗੀ । ਉਕਤ ਨਕਲੀ ਮੁਲਾਜ਼ਮਾਂ ਨੇ ਮੇਰੇ ਤੋਂ 20 ਹਜ਼ਾਰ ਰੁਪਏ ਦੀ ਡਿਮਾਂਡ ਕੀਤੀ ਅਤੇ ਸੌਦਾ 15 ਵਿੱਚ ਹੋ ਗਿਆ ,ਅਤੇ 5000 ਰੁਪਏ ਉਕਤ ਨਕਲੀ ਮੁਲਾਜ਼ਮ ਮੇਰੀ ਦੁਕਾਨ ਤੋਂ ਮੇਰੇ ਭਰਾ ਤੋਂ ਲੈ ਗਏ ਅਤੇ ਕਿਹਾ ਕਿ ਬਾਕੀ 10 ਹਜ਼ਾਰ ਰੁਪਏ ਕੰਮ ਹੋਣ ਤੋਂ ਬਾਅਦ ਲਵਾਂਗੇ । ਜਿਸਦੀ ਸੀਸੀਟੀਵੀ ਵੀ ਮੇਰੇ ਕੋਲ ਹੈ ਅਤੇ ਉਕਤ ਨਕਲੀ ਮੁਲਾਜ਼ਮ ਬੈਠੇ ਹਨ ਅਤੇ ਪੈਸੇ ਲੈ ਰਹੇ ਹਨ ।

ਇਸ ਤੋਂ ਬਾਅਦ ਮੈਂ ਪੁਸ਼ਟੀ ਕਰਨ ਲਈ ਸਮਰਾਲਾ ਆਪਣੇ ਮਿੱਤਰ ਨੂੰ ਫੋਨ ਕੀਤਾ ਤੇ ਉਸ ਤੋਂ ਬਾਅਦ ਮੈਨੂੰ ਪਤਾ ਲੱਗਿਆ ਕਿ ਜੋ ਫਾਇਰ ਮੁਲਾਜ਼ਮ ਬਣ ਮੈਨੂੰ ਫੋਨ ਕਰ ਰਹੇ ਸਨ ਅਤੇ ਮੇਰੀ ਦੁਕਾਨ ਤੇ ਆਏ ਸਨ ,ਇਹ ਦੋਨੋਂ ਨਕਲੀ ਫ਼ਾਇਰ ਮੁਲਾਜ਼ਮ ਹਨ। ਇਸ ਤੋਂ ਬਾਅਦ ਮੈਂ ਇਹਨਾਂ ਦੀ ਸ਼ਿਕਾਇਤ ਪੁਲਿਸ ਸਟੇਸ਼ਨ ਖਮਾਣੋਂ ਨੂੰ ਦਿੱਤੀ ਹੈ ਅਤੇ ਕਾਰਵਾਈ ਦੀ ਮੰਗ ਕਰਦਾ ਹਾਂ।

ਸ਼ਿਕਾਇਤ ਕਰਤਾ ਮਨੋਜ ਕੁਮਾਰ ਨੇ ਦੱਸਿਆ ਕਿ ਮੇਰੇ ਮਿੱਤਰ ਤੋਂ ਮੈਨੂੰ ਪਤਾ ਚੱਲਿਆ ਕਿ ਖਮਾਣੋਂ ਵਾਸੀ ਮਨੀਸ਼ ਕੁਮਾਰ ਨਾਲ ਦੋ ਨਕਲੀ ਫ਼ਾਇਰ ਮੁਲਾਜ਼ਮ ਬਣ ਸ਼ਰਾਰਤੀ ਅਨਸਰ ਠੱਗੀ ਮਾਰ ਗਏ ਹਨ ਅਤੇ ਮੈਂ ਪੀੜਤ ਖਮਾਣੋਂ ਵਪਾਰੀ ਤੋਂ ਨੰਬਰ ਲੈ ਉਨ੍ਹਾਂ ਨਕਲੀ ਫ਼ਾਇਰ ਮੁਲਾਜ਼ਮਾਂ ਨੂੰ ਫੋਨ ਕੀਤਾ ਅਤੇ ਸਮਰਾਲਾ ਦੇ ਇੱਕ ਰੈਸਟੋਰੈਂਟ ਵਿੱਚ ਬੁਲਾਇਆ ਰੈਸਟੋਰੈਂਟ ਵਿੱਚ ਜਿਹੜੀ ਗੱਲਬਾਤ ਹੋਈ ਉਸ ਦੀ ਵੀਡੀਓ ਵੀ ਬਣਾਈ ਗਈ ਜਿਸ ਵਿੱਚ ਸ਼ਰੇਆਮ ਸ਼ਰਾਰਤੀ ਅਨਸਰ FIRE ਵਿਭਾਗ ਦੀ ਐਨਓਸੀ ਬਣਾਉਣ ਲਈ ਪੈਸਿਆਂ ਦੀ ਡਿਮਾਂਡ ਕਰ ਰਹੇ ਹਨ ਮੈਂ ਇਸਦੀ ਸ਼ਿਕਾਇਤ ਨਗਰ ਕੌਂਸਲ ਕਾਰਜ ਸਾਧਕ ਅਫਸਰ ਅਤੇ ਸਮਰਾਲਾ ਪੁਲਿਸ ਨੂੰ ਦੇ ਦਿੱਤੀ ਹੈ। ਅਤੇ ਇਨਸਾਫ ਦੀ ਮੰਗ ਕਰਦਾ ਹਾਂ।

ਈਓ ਨਗਰ ਕੌਂਸਲ ਸਮਰਾਲਾ ਬਲਵੀਰ ਸਿੰਘ ਗਿੱਲ ਨੇ ਦੱਸਿਆ ਕਿ ਮੈਨੂੰ ਮਨੋਜ ਕੁਮਾਰ ਨਾਮਕ ਵਿਅਕਤੀ ਦਾ ਫੋਨ ਆਇਆ ਸੀ ਅਤੇ ਮੈਂ ਜਦੋਂ ਮੌਕੇ ਤੇ ਰੈਸਟੋਰੈਂਟ ਗਿਆ ਤਾਂ ਵਿਅਕਤੀ ਬੈਠੇ ਸਨ। ਜਿਨਾਂ ਦੀ ਮੈਂ ਪੁਸ਼ਟੀ ਕੀਤੀ ਕਿ ਇਹ ਫਾਇਰ ਮੁਲਾਜ਼ਮ ਨਹੀਂ ਹਨ। ਇਸ ਤੋਂ ਬਾਅਦ ਮੈਂ ਸਾਰਾ ਮਾਮਲਾ ਜਾਣਨ ਤੋਂ ਬਾਅਦ ਮਨੋਜ ਕੁਮਾਰ ਨੂੰ ਕਿਹਾ ਕਿ ਮੈਨੂੰ ਸ਼ਿਕਾਇਤ ਦਿੱਤੀ ਜਾਵੇ ਅਤੇ ਮੈਂ ਇਹ ਸ਼ਿਕਾਇਤ ਸਮਰਾਲਾ ਪੁਲਿਸ ਸਟੇਸ਼ਨ ਨੂੰ ਭੇਜ ਦਿੱਤੀ ਹੈ।

ਮਾਮਲੇ ਦੀ ਜਾਂਚ ਕਰ ਰਹੇ ਮੋਹਨ ਸਿੰਘ ਪੁਲਿਸ ਸਟੇਸ਼ਨ ਖਮਾਣੋਂ ਨੇ ਕਿਹਾ ਕਿ ਮੇਰੇ ਕੋਲ ਵਪਾਰੀ ਖਮਾਣੋਂ ਵਾਸੀ ਦੀ ਸ਼ਿਕਾਇਤ ਆਈ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ

# ‘ਯੁੱਧ ਨਸ਼ਿਆਂ ਵਿਰੁੱਧ’: 36ਵੇਂ ਦਿਨ, ਪੰਜਾਬ ਪੁਲਿਸ ਨੇ 71 ਨਸ਼ਾ ਤਸਕਰਾਂ ਨੂੰ ਕੀਤਾ ਗ੍ਰਿਫ਼ਤਾਰ; 1.5 ਕਿਲੋ ਹੈਰੋਇਨ, 500 ਗ੍ਰਾਮ ਅਫ਼ੀਮ ਬਰਾਮਦ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ’ਤੇ ਚਲਾਈ ਜਾ ਰਹੀ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’, ਦੇ 36ਵੇਂ ਦਿਨ, ਪੰਜਾਬ ਪੁਲਿਸ ਨੇ 71 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.5 ਕਿਲੋ ਹੈਰੋਇਨ, 500 ਗ੍ਰਾਮ ਅਫੀਮ ਅਤੇ 6020 ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਮਹਿਜ਼ 36 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 4990 ਹੋ ਗਈ ਹੈ।



ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ’ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ-ਕਮੇਟੀ ਦਾ ਗਠਨ ਵੀ ਕੀਤਾ ਹੈ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ, ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 83 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਨਫ਼ਰੀ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 429 ਥਾਵਾਂ ’ਤੇ ਛਾਪੇਮਾਰੀ ਕੀਤੀ ਹੈ, ਜਿਸ ਦੌਰਾਨ ਸੂਬੇ ਭਰ ’ਚ 48 ਐਫਆਈਆਰਜ਼ ਦਰਜ ਕੀਤੀਆਂ ਗਈਆਂ । ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਟੀਮਾਂ ਨੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 460 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ – ਇਨਫੋਰਸਮੈਂਟ, ਡੀ-ਅਡਿਕਸ਼ਨ ਐਂਡ ਪ੍ਰੀਵੈਨਸ਼ਨ (ਈਡੀਪੀ) – ਲਾਗੂ ਕੀਤੀ ਗਈ ਹੈ, ਜਿਸ ਨਾਲ ਪੰਜਾਬ ਪੁਲਿਸ ਨੇ ’ਨਸ਼ਾ ਛੁਡਾਉਣ’ ਦੇ ਹਿੱਸੇ ਵਜੋਂ ਇੱਕ ਵਿਅਕਤੀ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਲਈ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਭੁਲੱਥ ਥਾਣੇ ‘ਚੋਂ ਮੁਲਜ਼ਮ ਫਰਾਰ, ਲਾਪਰਵਾਹੀ ਵਰਤਣ ਦੇ ਦੋਸ਼ ਹੇਠ ਹੋਮ ਗਾਰਡ ਜਵਾਨ ਗ੍ਰਿਫ਼ਤਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਕਪੂਰਥਲਾ ਦੇ ਭੁਲੱਥ ਥਾਣੇ ( Bhulath Police station) ਤੋਂ ਇੱਕ ਚੋਰੀ ਦਾ ਮੁਲਜ਼ਮ ਫਰਾਰ ਹੋ ਗਿਆ। ਮੁਲਜ਼ਮ ਕੌਸ਼ਲ ਗਿੱਲ ਰਾਤ ਨੂੰ ਜੇਲ੍ਹ ਵਿੱਚੋਂ ਸੰਤਰੀ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ। ਪੁਲੀਸ ਨੇ ਇਸ ਮਾਮਲੇ ਵਿੱਚ ਲਾਪਰਵਾਹੀ ਵਰਤਣ ਦੇ ਦੋਸ਼ ਹੇਠ ਹੋਮ ਗਾਰਡ ਜਵਾਨ ਕਸ਼ਮੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।




ਭੁਲੱਥ ਦੇ ਡੀਐਸਪੀ ਕਰਨੈਲ ਸਿੰਘ ਨੇ ਦੱਸਿਆ ਕਿ ਮੁਲਜ਼ਮ ਕੌਸ਼ਲ ਗਿੱਲ ਨੂੰ ਬਿਜਲੀ ਦੀ ਦੁਕਾਨ ਤੋਂ 22 ਹਜ਼ਾਰ ਰੁਪਏ ਦੀ ਚੋਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਥਾਣੇ ਦੇ ਮੁਨਸ਼ੀ ਵਿਕਾਸ ਅਨੁਸਾਰ ਮੁਲਜ਼ਮ ਨੂੰ 3 ਅਪਰੈਲ ਦੀ ਰਾਤ 8 ਵਜੇ ਲਾਕਅੱਪ ਵਿੱਚ ਬੰਦ ਕਰ ਦਿੱਤਾ ਗਿਆ ਸੀ।ਉਸ ਨੂੰ ਅਗਲੇ ਦਿਨ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਸੀ।

4 ਅਪ੍ਰੈਲ ਨੂੰ ਸਵੇਰੇ 4 ਵਜੇ ਹੋਮ ਗਾਰਡ ਕਾਂਸਟੇਬਲ ਕਸ਼ਮੀਰ ਸਿੰਘ ਨੇ ਦੇਖਿਆ ਕਿ ਜੇਲ੍ਹ ਦਾ ਦਰਵਾਜ਼ਾ ਅਤੇ ਥਾਣੇ ਦਾ ਮੁੱਖ ਗੇਟ ਖੁੱਲ੍ਹਾ ਸੀ। ਜਾਂਚ ‘ਚ ਪਤਾ ਲੱਗਾ ਕਿ ਮੁਲਜ਼ਮ ਫਰਾਰ ਹੋ ਗਿਆ ਸੀ। ਡੀਐਸਪੀ ਨੇ ਦੱਸਿਆ ਕਿ ਇਹ ਘਟਨਾ ਹੋਮ ਗਾਰਡ ਜਵਾਨ ਦੀ ਅਣਗਹਿਲੀ ਕਾਰਨ ਵਾਪਰੀ ਹੈ।

ਪੁਲੀਸ ਨੇ ਫਰਾਰ ਮੁਲਜ਼ਮ ਕੌਸ਼ਲ ਗਿੱਲ ਅਤੇ ਹੋਮਗਾਰਡ ਜਵਾਨ ਕਸ਼ਮੀਰ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਿਸ ਫਰਾਰ ਮੁਲਜ਼ਮ ਦੀ ਭਾਲ ਕਰ ਰਹੀ ਹੈ, ਜਦਕਿ ਹੋਮਗਾਰਡ ਜਵਾਨ ਤੋਂ ਪੁੱਛਗਿੱਛ ਜਾਰੀ ਹੈ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕੱਲ੍ਹ ਦਾ ਬਾਕੀ ਭਾਗ

ਪੰਡਿਤ ਜੀ ਦੇ ਪੁਰਵਜ 300 ਸਾਲ ਪਹਿਲਾਂ ਭਾਰਤ ਆਏ ਸਨ। ਪਰ ਅੱਜ ਵੀ ਉਹ ਮਹਿਸੂਸ ਕਰਦੇ ਹਨ ਕਿ ਅਸੀਂ ਪਹਿਲਾਂ ਕਸ਼ਮੀਰੀ ਹਾਂ ਅਤੇ ਫਿਰ ਭਾਰਤੀ। ਫਿਰ ਮੈਂ ਹੈਰਾਨ ਹਾਂ ਕਿ ਜੋ ਵਿਅਕਤੀ ਮਾਣ ਨਾਲ ਆਪਣੇ ਆਪ ਨੂੰ ਭਾਰਤੀ ਨਹੀਂ ਕਹਿੰਦਾ, ਉਸ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਨ ਦਾ ਕੀ ਅਧਿਕਾਰ ਹੈ?

ਉਹ ਇਹ ਨਹੀਂ ਸੋਚਦੇ ਕਿ ਉਹ ਕਸ਼ਮੀਰ ਲਈ ਕਿੰਨੀ ਦੇਰ ਤੱਕ



ਪੂਰੇ ਭਾਰਤ ਦਾ ਖੂਨ ਚੂਸ ਸਕਦੇ ਹਨ। ਕਸ਼ਮੀਰ ਦੇ ਰਾਜੇ ਦੀ ਸਾਲਾਨਾ ਤਨਖਾਹ 9 ਲੱਖ ਰੁਪਏ ਹੈ। ਸਰਕਾਰ ਸਿਰਫ਼ 3 ਲੱਖ ਰੁਪਏ ਦੇ ਰਹੀ ਹੈ। ਭਾਰਤ ਸਰਕਾਰ ਦੁਆਰਾ ਦੇਸ਼ ਦੇ ਲੋਕਾਂ ਤੋਂ ਇਕੱਤਰ ਕੀਤੇ ਟੈਕਸ ਵਿੱਚੋਂ 6 ਲੱਖ ਰੁਪਏ ਦਿੱਤੇ ਜਾਂਦੇ ਹਨ। ਜੇ ਮੈਂ ਚੋਣ ਜਿੱਤਦਾ ਹਾਂ, ਤਾਂ ਮੈਂ ਉਨ੍ਹਾਂ ਨੂੰ ਪੁੱਛਣ ਜਾ ਰਿਹਾ ਹਾਂ ਕਿ ਪਿਛਲੇ ਸੱਤ ਸਾਲਾਂ ਵਿੱਚ ਕਸ਼ਮੀਰ ਨੇ ਆਪਣੀ ਫੌਜ ਉੱਤੇ ਕਿੰਨਾ ਖਰਚ ਕੀਤਾ ਹੈ। ਉਸ ਨੇ ਇਸ ਨੂੰ ਗੁਪਤ ਰੱਖਿਆ ਹੈ। ਮੇਰੀ ਰਾਏ ਵਿੱਚ ਇਹ ਖਰਚ 200 ਕਰੋੜ ਤੋਂ ਵੱਧ ਹੋਵੇਗਾ। ਇੱਕ ਪਾਸੇ, ਜਦੋਂ ਭਾਰਤ ਦੇ ਲੋਕ ਭੁੱਖ ਨਾਲ ਮਰ ਰਹੇ ਹਨ, ਤਾਂ ਉੱਥੇ ਇੰਨਾ ਪੈਸਾ ਕਿਉਂ ਖਰਚਦੇ ਹਨ, ਇਹ ਵਿਚਾਰ ਉਨ੍ਹਾਂ ਦੇ ਦਿਮਾਗ ਵਿੱਚ ਕਦੇ ਕਿਵੇਂ ਨਹੀਂ ਆ ਸਕਦਾ।

ਜਵਾਹਰ ਲਾਲ ਨਹਿਰੂ ਕਿਸੇ ਹੋਰ ਦੁਆਰਾ ਸੁਝਾਏ ਗਏ ਕਿਸੇ ਵੀ ਚੰਗੇ ਸੁਝਾਅ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ ਅਤੇ ਉਨ੍ਹਾਂ ਵਿੱਚ ਕੁਝ ਵੀ ਨਵਾਂ ਸੋਚਣ ਦੀ ਸਿਆਣਪ ਨਹੀਂ ਹੈ। ਅੱਜ-ਕੱਲ੍ਹ ਲੋਕ ਫ਼ਿਲਮੀ ਸਿਤਾਰਿਆਂ ਲਈ ਪਾਗਲ ਹਨ, ਉਸੇ ਤਰ੍ਹਾਂ ਉਹ ਜਵਾਹਰ ਲਾਲ ਨਹਿਰੂ ਲਈ ਵੀ ਪਾਗਲ ਹਨ। ਹਾਲਾਂਕਿ, ਉਹ ਨੌਜਵਾਨ ਜੋ ਫਿਲਮ ਦੇ ਸਟਾਰ ਦੇ ਘਰ ਆਉਣ ਤੋਂ ਬਾਅਦ ਪਾਗਲ ਹੋ ਜਾਂਦਾ ਹੈ, ਆਪਣੀ ਪਤਨੀ ਨੂੰ ਪਿਆਰ ਕਰਦਾ ਹੈ ਅਤੇ ਖੁਸ਼ ਹੁੰਦਾ ਹੈ। ਪਰ ਨਹਿਰੂ ਦੇ ਮਾਮਲੇ ਵਿੱਚ ਅਜਿਹਾ ਨਹੀਂ ਹੈ। ਜੋ ਲੋਕ ਉਨ੍ਹਾਂ ਨੂੰ ਪਸੰਦ ਕਰਦੇ ਹਨ ਉਹ ਉਨ੍ਹਾਂ ਨਾਲ ਜੁੜੇ ਰਹਿੰਦੇ ਹਨ।

ਮਹਾਭਾਰਤ ਵਿੱਚ ਕਿਹਾ ਗਿਆ ਹੈ ਕਿ ਦ੍ਰੋਣ ਅਤੇ ਭੀਸ਼ਮ ਨੇ ਕਿਹਾ ਸੀ ਕਿ ਪਾਂਡਵ ਸਹੀ ਸਨ, ਪਰ ਉਹ ਲੜਾਈ ਦੌਰਾਨ ਕੌਰਵਾਂ ਦੇ ਪੱਖ ਵਿੱਚ ਲੜੇ ਸਨ। ਜਦੋਂ ਲੋਕਾਂ ਨੇ ਸਵਾਲ ਪੁੱਛਿਆ ਤਾਂ ਭੀਸ਼ਮ ਨੇ ਦੋ ਸ਼ਬਦਾਂ ਵਿੱਚ ਜਵਾਬ ਦਿੱਤਾਃ “ਅਰਥਸ਼ਿਆ ਪੁਰਸ਼ੋ ਦਾਸ”। ਅੱਜ ਅਮੀਰ ਮਾਰਵਾੜੀ ਪੈਸੇ ਨਾਲ ਕਾਂਗਰਸ ਦੀ ਖੁੱਲ੍ਹ ਕੇ ਮਦਦ ਕਰ ਰਹੇ ਹਨ। ਤੁਸੀਂ ਇਸ ਦੇ ਨਤੀਜਿਆਂ ਦੀ ਕਲਪਨਾ ਕਰ ਸਕਦੇ ਹੋ। “ਅਰਥਸ਼ਯ ਪੁਰੁਸ਼ ਦਾਸ” ਦਾ ਫਾਰਮੂਲਾ ਇੱਥੇ ਵੀ ਲਾਗੂ ਹੁੰਦਾ ਜਾਪਦਾ ਹੈ।

ਉਨ੍ਹਾਂ ਨੂੰ ਪੁੱਛੋ ਕਿ ਸੰਸਦ ਵਿੱਚ ਕਾਂਗਰਸ ਦੇ ਕਿੰਨੇ ਮੈਂਬਰ ਬੋਲਦੇ ਹਨ। ਜੇ ਬੋਰਕਰ ਇੱਥੇ ਹੁੰਦਾ ਤਾਂ ਮੈਂ ਉਸ ਨੂੰ ਪੁੱਛਦਾ ਕਿ ਤੁਸੀਂ ਕੀ ਕਰਨ ਜਾ ਰਹੇ ਹੋ? ਉਹ ਕੀ ਕਰ ਸਕਦੇ ਹਨ? ਕੀ ਉਹ ਕਾਨੂੰਨ ਨੂੰ ਜਾਣਦੇ ਹਨ? ਉਹ 30 ਰੁਪਏ ਦਾ ਭੱਤਾ ਲੈਣ ਲਈ ਬੱਸ ਰਾਹੀਂ ਜਾ ਰਹੇ ਹਨ। ਉਹ ਹੋਰ ਕੀ ਜਾਣਦੇ ਹਨ? ਮੈਨੂੰ ਨਹੀਂ ਪਤਾ ਕਿ ਸੰਸਦ ਦੇ ਕੰਮ ਲਈ ਪੂਨਮ ਚੰਦ ਜੀ ਦੀ ਕਦਰ ਕਿੰਨੀ ਹੈ। ਲੋਕਾਂ ਨੂੰ ਕਾਂਗਰਸ ‘ਤੇ ਪੂਰਾ ਭਰੋਸਾ ਹੈ। ਪਰ ਕੀ ਇਹ ਕਹਿਣਾ ਧੋਖੇਬਾਜ਼ੀ ਨਹੀਂ ਹੈ ਕਿ ਸਾਡੇ ਨਾਮ ‘ਤੇ ਕਿਸੇ ਨੂੰ ਵੀ ਵੋਟ ਦਿਓ? ਕਾਂਗਰਸ ਦੇ ਲੋਕ ਇੰਨੇ ਸ਼ਰਮਿੰਦੇ ਹੋ ਗਏ ਹਨ ਕਿ ਉਹ ਉਨ੍ਹਾਂ ਕਾਂਗਰਸੀਆਂ ਤੋਂ ਸ਼ਰਮਿੰਦਾ ਹਨ। ਅਸੀਂ ਅਕਸਰ ਅਜਿਹੇ ਬੋਰਡ ਦੇਖਦੇ ਹਾਂ ਜਿਨ੍ਹਾਂ ਉੱਤੇ ਲਿਖਿਆ ਹੁੰਦਾ ਹੈ, ‘ਚੋਰਾਂ ਤੋਂ ਸਾਵਧਾਨ ਰਹੋ! ਮੈਂ ਤੁਹਾਨੂੰ ਕਹਿੰਦਾ ਹਾਂ, ਕਾਂਗਰਸ ਤੋਂ ਸਾਵਧਾਨ ਰਹੋ। ਕਿਉਂਕਿ ਉਹ ਚੋਰ ਹੈ।

ਮੈਨੂੰ ਵੋਟਰਾਂ ‘ਤੇ ਪੂਰਾ ਭਰੋਸਾ ਹੈ। ਤੁਹਾਨੂੰ ਕਿਸੇ ਵੀ ਤਰ੍ਹਾਂ ਦੀ ਰਿਸ਼ਵਤ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਆਪਣੀ ਵੋਟ ਨੂੰ ਇੱਕ ਕੀਮਤੀ ਚੀਜ਼ ਮੰਨੋ। ਕੀ ਤੁਸੀਂ ਇੱਕ ਨੀਵੀਂ ਜਾਤੀ ਤੋਂ ਹੋ? ਯਾਦ ਰੱਖੋ ਕਿ ਸਾਡੇ ਕੋਲ ਕੋਈ ਅਧਿਕਾਰ ਨਹੀਂ ਹਨ। ਸਾਡੇ ਕੋਲ ਬ੍ਰਾਹਮਣਾਂ ਵਰਗੀ ਧਾਰਮਿਕ ਸ਼ਕਤੀ ਨਹੀਂ ਹੈ। ਇਸ ਲਈ ਸਾਡੀ ਵੋਟ ਰਾਜਨੀਤਕ ਖੇਤਰ ਵਿੱਚ ਸਾਡੀ ਸਭ ਤੋਂ ਕੀਮਤੀ ਚੀਜ਼ਾਂ ਵਿੱਚੋਂ ਇੱਕ ਹੈ। ਇਸ ਨੂੰ ਨਾ ਵੇਚੋ। ਅਸੀਂ ਘੱਟ ਗਿਣਤੀ ਹਾਂ। ਇਸ ਲਈ ਜੇ ਅਸੀਂ ਹਰੇਕ ਅਨਾਜ ਦੀ ਚੋਣ ਕਰਦੇ ਹਾਂ ਅਤੇ ਇਸ ਨੂੰ ਭਰ ਦਿੰਦੇ ਹਾਂ ਤਾਂ ਹੀ ਸਾਡਾ ਥੈਲਾ ਭਰਿਆ ਜਾਵੇਗਾ। ਜਿਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਹੈ, ਉਨ੍ਹਾਂ ਨੂੰ ਵੋਟ ਪਾਉਣੀ ਚਾਹੀਦੀ ਹੈ। ਤਦ ਹੀ ਮੈਂ ਜਿੱਤ ਸਕਾਂਗਾ।

ਮੈਂ ਇੱਕ ਰਾਖਵੀਂ ਜਗ੍ਹਾ ‘ਤੇ ਖੜ੍ਹਾ ਹਾਂ। ਹਾਲਾਂਕਿ, ਜਿਨ੍ਹਾਂ ਨੂੰ ਲੱਗਦਾ ਹੈ ਕਿ ਮੇਰੀਆਂ ਨੀਤੀਆਂ ਸਿਰਫ਼ ਅਛੂਤਾਂ ਦੇ ਹਿੱਤ ਵਿੱਚ ਨਹੀਂ ਹਨ, ਬਲਕਿ ਦੇਸ਼ ਦੇ ਹਿੱਤ ਵਿੱਚ ਵੀ ਹਨ, ਉਨ੍ਹਾਂ ਨੂੰ ਮੈਨੂੰ ਵੋਟ ਦੇਣੀ ਚਾਹੀਦੀ ਹੈ। ਮੈਨੂੰ ਉਨ੍ਹਾਂ ਨੂੰ ਇਹ ਦੱਸਣ ਦੀ ਜ਼ਰੂਰਤ ਨਹੀਂ ਹੈ।

ਮੈਨੂੰ ਪੁੱਛਿਆ ਜਾ ਰਿਹਾ ਹੈ ਕਿ ਮੈਂ ਬਾਕੀ ਵੋਟਾਂ ਦਾ ਕੀ ਕਰਾਂਗਾ? ਇਸ ਬਾਰੇ ਗੱਲ ਕਰਨਾ ਮਹੱਤਵਪੂਰਨ ਹੈ। ਅਸੀਂ ਕਾਂਗਰਸ ਦੇ ਖ਼ਿਲਾਫ਼ ਹਾਂ। ਇਸ ਲਈ ਸਾਨੂੰ ਕਾਂਗਰਸ ਨੂੰ ਲਾਭ ਪਹੁੰਚਾਉਣ ਲਈ ਅਜਿਹਾ ਕੁਝ ਨਹੀਂ ਕਰਨਾ ਚਾਹੀਦਾ। ਇਸ ਲਈ ਜੇ ਤੁਸੀਂ ਮੇਰੇ ਨਾਲ ਆਪਣੀ ਵੋਟ ਪਾਉਂਦੇ ਹੋ ਅਤੇ ਅਸੀਂ ਦੋਵੇਂ ਤੁਹਾਡੇ ਆਪਣੇ ਹਾਂ, ਤਾਂ ਮੇਰੀ ਜਮ੍ਹਾਂ ਜਮਾਨਤ ਰਕਮ ਜ਼ਬਤ ਹੋ ਜਾਵੇਗੀ। ਜੇ ਤੁਸੀਂ ਸੋਚਦੇ ਹੋ ਕਿ ਮੈਂ ਜਿੱਤ ਜਾਵਾਂਗਾ, ਤਾਂ ਤੁਹਾਨੂੰ ਬੋਰਕਰ ਨੂੰ ਆਪਣੀ ਵੋਟ ਬਿਲਕੁਲ ਨਹੀਂ ਦੇਣੀ ਚਾਹੀਦੀ। ਫਿਰ ਦੋ ਲੋਕ ਬਚਦੇ ਹਨ ਆਯੂ ਰਾਕਾ ਅਤੇ ਅਯੂ. ਮਹਿਤਾ।

“ਇਕੁਐਲਿਟੀ ਐਂਡ ਜਸਟਿਸ”
"Equality and Justice" स्वतंत्रता, समानता, भाईचारा
Rs- 100/month

ਮੈਂ ਸਮਾਜਵਾਦੀ ਪਾਰਟੀ ਤੋਂ ਨਾਰਾਜ਼ ਹਾਂ। ਉਨ੍ਹਾਂ ਦੇ ਕੰਮ ਵਿੱਚ ਕੋਈ ਅਨੁਸ਼ਾਸਨ ਨਹੀਂ ਹੈ। ਮੈਨੂੰ ਉਮੀਦ ਸੀ ਕਿ ਦੇਸ਼ ਦੀਆਂ ਹੋਰ ਪਾਰਟੀਆਂ ਵਾਂਗ ਉਹ ਵੀ ਸਿਧਾਂਤਾਂ ਦੇ ਅਧਾਰ ‘ਤੇ ਆਪਣੀ ਪਾਰਟੀ ਦਾ ਗਠਨ ਕਰਨਗੇ। ਇਸ ਲਈ ਮੈਂ ਪਿਛਲੀਆਂ ਚੋਣਾਂ ਵਿੱਚ ਉਨ੍ਹਾਂ ਦੀ ਮਦਦ ਕੀਤੀ ਸੀ। ਪਰ ਇਸ ਨਾਲ ਸਾਨੂੰ ਬਹੁਤ ਨੁਕਸਾਨ ਹੋਇਆ ਹੈ। ਸਾਡੇ ਲੋਕਾਂ ਨੇ ਵੋਟ ਪਾਈ ਅਤੇ ਇਸ ਲਈ ਉਨ੍ਹਾਂ ਦੇ ਉਮੀਦਵਾਰ ਜਿੱਤੇ। ਪਰ ਉਹਨਾ ਨੇ ਕੋਈ ਧਨਵਾਦ ਸੱਕ ਵੀ ਨਹੀਂ ਕੀਤਾ ਇਸ ਲਈ ਮੈਂ ਉਨ੍ਹਾਂ ਬਾਰੇ ਠੀਕ ਮਹਿਸੂਸ ਨਹੀਂ ਕਰਦਾ ਅਤੇ ਨਾ ਹੀ ਉਨ੍ਹਾਂ ਦਾ ਸਨਮਾਨ ਕਰਦਾ ਹਾਂ। ਤ੍ਰਾਵਣਕੋਰ-ਕੋਚੀਨ ਵਿੱਚ, ਉਨ੍ਹਾਂ ਨੇ ਕਮਿਊਨਿਸਟਾਂ ਨਾਲ ਉਨ੍ਹਾਂ ਦੇ ਬਰਾਬਰ ਮੋਢਾ ਮਿਲਾ ਕੇ ਲੜਾਈ ਲੜੀ ਅਤੇ ਚੋਣਾਂ ਤੋਂ ਬਾਅਦ, ਉਨ੍ਹਾਂ ਨੇ ਆਪਣੀ ਪੱਗ ਘੁੰਮਾਈ ਅਤੇ ਕਿਹਾ ਕਿ ਤੁਹਾਡਾ ਅਤੇ ਸਾਡਾ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਮੰਤਰੀ ਦਾ ਅਹੁਦਾ ਲੈਣ ਦੀ ਕਾਹਲੀ ਵਿੱਚ ਹੋ ਗਏ।

ਸੁਚੇਤਾ ਕ੍ਰਿਪਲਾਨੀ ਨੇ ਮੈਨੂੰ ਲਿਖਿਆ ਹੈ ਕਿ ਮੈਂ ਅਸ਼ੋਕ ਦਾ ਸਮਰਥਨ ਕਰਾਂ। ਅਸ਼ੋਕ ਮਹਿਤਾ ਦੀ ਚਿੱਠੀ ਵੀ ਆ ਗਈ ਹੈ ਅਤੇ ਅਸ਼ੋਕ, ਉਹਨਾਂ ਰੰਕਾ ਨਾਲੋਂ ਜ਼ਿਆਦਾ ਰਾਜਨੀਤਕ ਅਤੇ ਵਿਦਵਾਨ ਹੈ, ਇਸ ਲਈ ਉਸ ਨੂੰ ਆਪਣੀ ਦੂਜੀ ਵੋਟ ਦਿਓ। ਇਸ ਲਈ ਨਹੀਂ ਕਿ ਉਹ ਸੋਸ਼ਲਿਸਟ ਪਾਰਟੀ ਦਾ ਉਮੀਦਵਾਰ ਹੈ, ਬਲਕਿ ਇਸ ਲਈ ਕਿ ਉਹ ਅਸ਼ੋਕ ਹੈ, ਇਸ ਲਈ ਤੁਸੀਂ ਉਸ ਨੂੰ ਵੋਟ ਦਿਓ।

ਮੈਨੂੰ ਉਮੀਦ ਹੈ ਕਿ ਤੁਸੀਂ ਕਾਂਗਰਸ ਦੇ ਵਿਰੁੱਧ ਖੜ੍ਹੇ ਬਹੁਗਿਣਤੀ ਉਮੀਦਵਾਰਾਂ ਨੂੰ ਜਿੱਤਾਓਗੇ। ਇਸ ਤੋਂ ਬਾਅਦ ਰਾਜਸ਼੍ਰੀ ਨੇ ਧੰਨਵਾਦ ਕੀਤਾ। ਇਸ ਤੋਂ ਬਾਅਦ ਮੀਟਿੰਗ ਮੁਲਤਵੀ ਕਰ ਦਿੱਤੀ ਗਈ।

ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਮੌਸਮ ਗਰਮ ਸੀ ਅਤੇ ਲੋਕ ਭੁੱਖੇ ਸਨ। ਜਦੋਂ ਲੋਕ ਪਾਣੀ ਲਈ ਹੋਟਲ ਵਿੱਚ ਪਹੁੰਚੇ ਤਾਂ ਹੋਟਲ ਮਾਲਕ ਨੇ ਇੱਕ ਗਲਾਸ ਪਾਣੀ ਲਈ ਦੋ ਅੰਨੇ ਲਏ। ਪਰ ਫਿਰ ਵੀ ਭੀੜ ਵਧਦੀ ਹੀ ਗਈ। ਹੋਟਲ ਦੇ ਖਾਣ-ਪੀਣ ਦੇ ਸਮਾਨ ਵੀ ਜਲਦੀ ਵਿਕ ਗਏ ਅਤੇ ਹੋਟਲ ਮਾਲਕ ਨੂੰ ਉਨ੍ਹਾਂ ਦੀ ਵੱਧ ਕੀਮਤ ਮਿਲੀ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

# ਜੇ ਮਨ ਰਹੇਗਾ ਖੁਸ਼ ਤਾਂ ਤਨ ਰਹੇਗਾ ਤੰਦਰੁਸਤ

ਜਸਵਿੰਦਰ ਪਾਲ ਸ਼ਰਮਾ. ਸਸ ਮਾਸਟਰ 79860-27454
ਸਸਸਸ ਹਾਕੂਵਾਲਾ, ਸ੍ਰੀ ਮੁਕਤਸਰ ਸਾਹਿਬ



ਅੱਜ ਦੇ ਤੇਜ਼ ਰਫ਼ਤਾਰ ਸੰਸਾਰ ਵਿੱਚ, ਸਾਡੇ ਮਨਾਂ ਦੀ ਤੰਦਰੁਸਤੀ ਨੂੰ ਅਕਸਰ ਸਾਡੇ ਸਰੀਰਾਂ ਦੀ ਤੰਦਰੁਸਤੀ ਤੋਂ ਵੱਖਰਾ ਦੇਖਿਆ ਜਾਂਦਾ ਹੈ। ਹਾਲਾਂਕਿ, ਖੋਜ ਅਤੇ ਪੁਰਾਣੀ ਸਿਆਣਪ ਦਾ ਇੱਕ ਉੱਭਰਦਾ ਸਮੂਹ ਸੁਝਾਅ ਦਿੰਦਾ ਹੈ ਕਿ ਮਨ-ਸਰੀਰ ਦਾ ਸਬੰਧ ਬਹੁਤ ਸਾਰੇ ਲੋਕਾਂ ਦੁਆਰਾ ਸਮਝੇ ਜਾਣ ਨਾਲੋਂ ਕਿਤੇ ਜ਼ਿਆਦਾ ਆਪਸ ਵਿੱਚ ਜੁੜਿਆ ਹੋਇਆ ਹੈ। ਕਹਾਵਤ “ਜੇ ਮਨ ਖੁਸ਼ ਹੈ, ਤਾਂ ਸਰੀਰ ਸਿਹਤਮੰਦ ਰਹੇਗਾ” ਇਸ ਸਬੰਧ ਨੂੰ ਦਰਸਾਉਂਦੀ ਹੈ, ਜੋ ਸਰੀਰਕ ਸਿਹਤ ‘ਤੇ ਮਾਨਸਿਕ ਤੰਦਰੁਸਤੀ ਦੇ ਡੂੰਘੇ ਪ੍ਰਭਾਵ ਨੂੰ ਉਜਾਗਰ ਕਰਦੀ ਹੈ।

## ਮਨ-ਸਰੀਰ ਦੇ ਸਬੰਧ ਦਾ ਵਿਗਿਆਨ

ਅਨੇਕ ਅਧਿਐਨਾਂ ਨੇ ਮਾਨਸਿਕ ਸਿਹਤ ਅਤੇ ਸਰੀਰਕ ਸਿਹਤ ਵਿਚਕਾਰ ਸਬੰਧ ਨੂੰ ਦਸਤਾਵੇਜ਼ੀ ਰੂਪ ਦਿੱਤਾ ਹੈ। ਮਨੋਵਿਗਿਆਨਕ ਅਤੇ ਭਾਵਨਾਤਮਕ ਸਥਿਤੀਆਂ ਕਈ ਤਰ੍ਹਾਂ ਦੇ ਵਿਧੀਆਂ ਰਾਹੀਂ ਸਰੀਰਕ ਕਾਰਜਾਂ ਨੂੰ ਪ੍ਰਭਾਵਤ ਕਰ ਸਕਦੀਆਂ ਹਨ। ਉਦਾਹਰਣ ਵਜੋਂ, ਤਣਾਅ ਪ੍ਰਤੀਕਿਰਿਆ ਕੋਰਟੀਸੋਲ ਵਰਗੇ ਤਣਾਅ ਹਾਰਮੋਨਾਂ ਦੀ ਰਿਹਾਈ ਨੂੰ ਚਾਲੂ ਕਰਦੀ ਹੈ, ਜੋ ਲੰਬੇ ਸਮੇਂ ਤੱਕ ਉੱਚਾ ਹੋਣ ‘ਤੇ, ਹਾਈਪਰਟੈਨਸ਼ਨ, ਮੋਟਾਪਾ, ਸ਼ੂਗਰ, ਅਤੇ ਇੱਥੋਂ ਤੱਕ ਕਿ ਦਿਲ ਦੀ ਬਿਮਾਰੀ ਸਮੇਤ ਕਈ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਇਸਦੇ ਉਲਟ, ਇੱਕ ਸਕਾਰਾਤਮਕ ਮਾਨਸਿਕ ਸਥਿਤੀ ਤਣਾਅ ਦੇ ਹੇਠਲੇ ਪੱਧਰ, ਬਿਹਤਰ ਇਮਿਊਨ ਫੰਕਸ਼ਨ, ਅਤੇ ਪੁਰਾਣੀਆਂ ਬਿਮਾਰੀਆਂ ਤੋਂ ਬਚਣ ਦੀ ਵਧੀ ਹੋਈ ਸਮਰੱਥਾ ਨਾਲ ਜੁੜੀ ਹੋਈ ਹੈ।

## ਭਾਵਨਾਤਮਕ ਤੰਦਰੁਸਤੀ ਅਤੇ ਸਰੀਰਕ ਸਿਹਤ ‘ਤੇ ਇਸਦਾ ਪ੍ਰਭਾਵ

ਤਣਾਅ ਘਟਾਉਣਾ: ਇੱਕ ਖੁਸ਼ ਮਨ ਤਣਾਅ ਨੂੰ ਕਾਫ਼ੀ ਘਟਾ ਸਕਦਾ ਹੈ। ਧਿਆਨ, ਧਿਆਨ ਅਤੇ ਸਕਾਰਾਤਮਕ ਸੋਚ ਵਰਗੇ ਅਭਿਆਸ ਤਣਾਅ ਦੇ ਪੱਧਰ ਨੂੰ ਘਟਾ ਸਕਦੇ ਹਨ ਅਤੇ ਤਣਾਅ ਨਾਲ ਸਬੰਧਤ ਬਿਮਾਰੀਆਂ ਦੇ ਜੋਖਮ ਨੂੰ ਘਟਾ ਸਕਦੇ ਹਨ। ਖੁਸ਼ੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ, ਜਿਵੇਂ ਕਿ ਸ਼ੌਂਕ, ਸਮਾਜਿਕਤਾ ਅਤੇ ਕਸਰਤ, ਤਣਾਅ ਨੂੰ ਹੋਰ ਘਟਾ ਸਕਦਾ ਹੈ।

ਇਮਿਊਨ ਫੰਕਸ਼ਨ: ਖੋਜ ਦਰਸਾਉਂਦੀ ਹੈ ਕਿ ਸਕਾਰਾਤਮਕ ਭਾਵਨਾਤਮਕ ਸਥਿਤੀਆਂ ਵਾਲੇ ਵਿਅਕਤੀਆਂ ਵਿੱਚ ਮਜ਼ਬੂਤ ਇਮਿਊਨ ਪ੍ਰਤੀਕਿਰਿਆਵਾਂ ਹੁੰਦੀਆਂ ਹਨ। ਖੁਸ਼ੀ, ਆਸ਼ਾਵਾਦ, ਅਤੇ ਉਦੇਸ਼ ਦੀ ਭਾਵਨਾ ਇੱਕ ਵਧੇਰੇ ਮਜ਼ਬੂਤ ਇਮਿਊਨ ਸਿਸਟਮ ਵਿੱਚ ਯੋਗਦਾਨ ਪਾ ਸਕਦੀ ਹੈ, ਜੋ ਸਰੀਰ ਦੀ ਲਾਗਾਂ ਅਤੇ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵਿੱਚ ਸਹਾਇਤਾ ਕਰਦੀ ਹੈ।

ਦਰਦ ਪ੍ਰਬੰਧਨ: ਇੱਕ ਸਕਾਰਾਤਮਕ ਮਾਨਸਿਕਤਾ ਨੂੰ ਮੁਕਾਬਲਾ ਕਰਨ ਦੀਆਂ ਵਿਧੀਆਂ ਨੂੰ ਵਧਾਉਣ ਲਈ ਦਿਖਾਇਆ ਗਿਆ ਹੈ, ਜਿਸ ਨਾਲ ਵਿਅਕਤੀਆਂ ਨੂੰ ਦਰਦ ਨੂੰ ਬਿਹਤਰ ਢੰਗ ਨਾਲ ਪ੍ਰਬੰਧਨ ਕਰਨ ਦੀ ਆਗਿਆ ਮਿਲਦੀ ਹੈ। ਜੋ ਲੋਕ ਸਕਾਰਾਤਮਕ ਦ੍ਰਿਸ਼ਟੀਕੋਣ ਬਣਾਈ ਰੱਖਦੇ ਹਨ ਉਹ ਅਕਸਰ ਦਰਦ ਅਤੇ ਬੇਅਰਾਮੀ ਦੇ ਘੱਟ ਪੱਧਰ ਦੀ ਰਿਪੋਰਟ ਕਰਦੇ ਹਨ, ਕਿਉਂਕਿ ਇੱਕ ਆਸ਼ਾਵਾਦੀ ਮਾਨਸਿਕਤਾ ਦਰਦ ਦੀ ਧਾਰਨਾ ਨੂੰ ਬਦਲ ਸਕਦੀ ਹੈ।

ਦਿਲ ਦੀ ਸਿਹਤ: ਅਧਿਐਨਾਂ ਨੇ ਮਾਨਸਿਕ ਤੰਦਰੁਸਤੀ ਅਤੇ ਦਿਲ ਦੀ ਸਿਹਤ ਵਿਚਕਾਰ ਸਿੱਧੇ ਸਬੰਧ ਦੀ ਪਛਾਣ ਕੀਤੀ ਹੈ। ਖੁਸ਼ ਵਿਅਕਤੀਆਂ ਨੂੰ ਦਿਲ ਦੀ ਬਿਮਾਰੀ ਦਾ ਅਨੁਭਵ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਇਸ ਲਿੰਕ ਦੇ ਪਿੱਛੇ ਦੇ ਢੰਗਾਂ ਵਿੱਚ ਘੱਟ ਬਲੱਡ ਪ੍ਰੈਸ਼ਰ, ਘੱਟ ਸੋਜਸ਼, ਅਤੇ ਸਿਹਤਮੰਦ ਜੀਵਨ ਸ਼ੈਲੀ ਸ਼ਾਮਲ ਹੋ ਸਕਦੀ ਹੈ ਜੋ ਅਕਸਰ ਸਕਾਰਾਤਮਕ ਭਾਵਨਾਤਮਕ ਸਥਿਤੀਆਂ ਦੇ ਨਾਲ ਹੁੰਦੀਆਂ ਹਨ।

## ਬਿਹਤਰ ਸਿਹਤ ਲਈ ਖੁਸ਼ੀ ਪੈਦਾ ਕਰਨਾ

ਖੁਸ਼ੀ ਅਤੇ ਸਿਹਤ ਵਿਚਕਾਰ ਸਬੰਧ ਨੂੰ ਪਛਾਣਨਾ ਸਿਰਫ਼ ਪਹਿਲਾ ਕਦਮ ਹੈ; ਸਾਨੂੰ ਸਰੀਰਕ ਲਾਭ ਪ੍ਰਾਪਤ ਕਰਨ ਲਈ ਸਕਾਰਾਤਮਕ ਮਾਨਸਿਕ ਸਥਿਤੀਆਂ ਨੂੰ ਸਰਗਰਮੀ ਨਾਲ ਪੈਦਾ ਕਰਨਾ ਚਾਹੀਦਾ ਹੈ। ਖੁਸ਼ੀ ਨੂੰ ਉਤਸ਼ਾਹਿਤ ਕਰਨ ਅਤੇ ਬਦਲੇ ਵਿੱਚ, ਸਰੀਰਕ ਸਿਹਤ ਦਾ ਸਮਰਥਨ ਕਰਨ ਲਈ ਇੱਥੇ ਕੁਝ ਕਾਰਜਸ਼ੀਲ ਰਣਨੀਤੀਆਂ ਹਨ:

ਸ਼ੁਕਰਗੁਜ਼ਾਰੀ ਦਾ ਅਭਿਆਸ ਕਰੋ: ਨਿਯਮਿਤ ਤੌਰ ‘ਤੇ ਉਨ੍ਹਾਂ ਚੀਜ਼ਾਂ ਨੂੰ ਸਵੀਕਾਰ ਕਰਨਾ ਜਿਨ੍ਹਾਂ ਲਈ ਤੁਸੀਂ ਧੰਨਵਾਦੀ ਹੋ, ਤੰਦਰੁਸਤੀ ਅਤੇ ਖੁਸ਼ੀ ਦੀ ਭਾਵਨਾ ਨੂੰ ਉਤਸ਼ਾਹਿਤ ਕਰ ਸਕਦਾ ਹੈ। ਸ਼ੁਕਰਗੁਜ਼ਾਰੀ ਜਰਨਲ ਰੱਖਣਾ ਜੀਵਨ ਦੇ ਸਕਾਰਾਤਮਕ ਪਹਿਲੂਆਂ ‘ਤੇ ਪ੍ਰਤੀਬਿੰਬਤ ਕਰਨ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੋ ਸਕਦਾ ਹੈ।

ਸਰੀਰਕ ਗਤੀਵਿਧੀ ਵਿੱਚ ਸ਼ਾਮਲ ਹੋਵੋ: ਕਸਰਤ ਮੂਡ ਨੂੰ ਵਧਾਉਣ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਲਈ ਇੱਕ ਸ਼ਕਤੀਸ਼ਾਲੀ ਸਾਧਨ ਹੈ। ਨਿਯਮਤ ਸਰੀਰਕ ਗਤੀਵਿਧੀ ਵਿੱਚ ਸ਼ਾਮਲ ਹੋਣ ਨਾਲ ਨਾ ਸਿਰਫ਼ ਐਂਡੋਰਫਿਨ - ਸਾਡੇ ਸਰੀਰ ਦੇ ਕੁਦਰਤੀ ਮੂਡ ਨੂੰ ਉੱਚਾ ਚੁੱਕਣ ਵਾਲੇ - ਨੂੰ ਵਧਾਉਂਦਾ ਹੈ - ਸਗੋਂ ਪ੍ਰਾਪਤੀ ਦੀ ਭਾਵਨਾ ਨੂੰ ਵੀ ਉਤਸ਼ਾਹਿਤ ਕਰਦਾ ਹੈ।

ਦੂਜਿਆਂ ਨਾਲ ਜੁੜੋ: ਮਜ਼ਬੂਤ ਸਬੰਧ ਬਣਾਉਣਾ ਅਤੇ ਬਣਾਈ ਰੱਖਣਾ ਭਾਵਨਾਤਮਕ ਸਿਹਤ ਦੀ ਕੁੰਜੀ ਹੈ। ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਨਾਲ ਜੁੜਨਾ ਸਹਾਇਤਾ ਪ੍ਰਦਾਨ ਕਰ ਸਕਦਾ ਹੈ, ਇਕੱਲਤਾ ਦੀਆਂ ਭਾਵਨਾਵਾਂ ਨੂੰ ਘਟਾ ਸਕਦਾ ਹੈ, ਅਤੇ ਵਧੇਰੇ ਖੁਸ਼ੀ ਵੱਲ ਲੈ ਜਾ ਸਕਦਾ ਹੈ।

ਮਾਇੰਡਫੁੱਲਨੈੱਸ ਅਤੇ ਮੈਡੀਟੇਸ਼ਨ: ਆਪਣੀ ਰੋਜ਼ਾਨਾ ਰੁਟੀਨ ਵਿੱਚ ਦਿਮਾਗੀ ਅਭਿਆਸਾਂ ਨੂੰ ਸ਼ਾਮਲ ਕਰਨ ਨਾਲ ਇੱਕ ਸਕਾਰਾਤਮਕ ਮਾਨਸਿਕਤਾ ਪੈਦਾ ਕਰਨ ਵਿੱਚ ਮਦਦ ਮਿਲ ਸਕਦੀ ਹੈ। ਇਹ ਅਭਿਆਸ ਪਲ ਵਿੱਚ ਜੀਣ, ਤਣਾਅ ਘਟਾਉਣ ਅਤੇ ਜ਼ਿੰਦਗੀ ਲਈ ਕਦਰ ਵਧਾਉਣ ਨੂੰ ਉਤਸ਼ਾਹਿਤ ਕਰਦੇ ਹਨ।

ਸਿਹਤਮੰਦ ਪੋਸ਼ਣ: ਪੌਸ਼ਟਿਕ ਤੱਤਾਂ ਨਾਲ ਭਰਪੂਰ ਸੰਤੁਲਿਤ ਖੁਰਾਕ ਮੂਡ ਅਤੇ ਊਰਜਾ ਦੇ ਪੱਧਰਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਦਿਮਾਗ ਦੀ ਸਿਹਤ ਨੂੰ ਉਤਸ਼ਾਹਿਤ ਕਰਨ ਵਾਲੇ ਭੋਜਨ, ਜਿਵੇਂ ਕਿ ਓਮੇਗਾ-3 ਫੈਟੀ ਐਸਿਡ, ਸਬਜ਼ੀਆਂ, ਫਲ ਅਤੇ ਸਾਬਤ ਅਨਾਜ, ਸਮੁੱਚੀ ਤੰਦਰੁਸਤੀ ਨੂੰ ਬਿਹਤਰ ਬਣਾ ਸਕਦੇ ਹਨ।

ਲੋੜ ਪੈਣ ‘ਤੇ ਪੇਸ਼ੇਵਰ ਮਦਦ ਲਓ: ਜੇਕਰ ਉਦਾਸੀ ਜਾਂ ਤਣਾਅ ਬਹੁਤ ਜ਼ਿਆਦਾ ਹੋ ਜਾਂਦਾ ਹੈ, ਤਾਂ ਮਾਨਸਿਕ ਸਿਹਤ ਪੇਸ਼ੇਵਰ ਤੋਂ ਸਹਾਇਤਾ ਲੈਣਾ ਮਹੱਤਵਪੂਰਨ ਹੋ ਸਕਦਾ ਹੈ। ਥੈਰੇਪੀ, ਸਲਾਹ, ਜਾਂ ਸਹਾਇਤਾ ਸਮੂਹ ਜ਼ਿੰਦਗੀ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਕੀਮਤੀ ਸਾਧਨ ਪ੍ਰਦਾਨ ਕਰ ਸਕਦੇ ਹਨ।

ਇੱਕ ਖੁਸ਼ ਮਨ ਅਤੇ ਇੱਕ ਸਿਹਤਮੰਦ ਸਰੀਰ ਵਿਚਕਾਰ ਸਬੰਧ ਸਾਡੀ ਤੰਦਰੁਸਤੀ ਦੇ ਸੰਪੂਰਨ ਸੁਭਾਅ ਦਾ ਪ੍ਰਮਾਣ ਹੈ। ਮਾਨਸਿਕ ਸਿਹਤ ਨੂੰ ਤਰਜੀਹ ਦੇ ਕੇ ਅਤੇ ਆਪਣੇ ਰੋਜ਼ਾਨਾ ਜੀਵਨ ਵਿੱਚ ਖੁਸ਼ੀ ਨੂੰ ਵਧਾਉਣ ਵਾਲੇ ਅਭਿਆਸਾਂ ਨੂੰ ਸ਼ਾਮਲ ਕਰਕੇ, ਅਸੀਂ ਨਾ ਸਿਰਫ਼ ਆਪਣੀ ਭਾਵਨਾਤਮਕ ਤੰਦਰੁਸਤੀ ਨੂੰ ਵਧਾ ਸਕਦੇ ਹਾਂ, ਸਗੋਂ ਸਰੀਰਕ ਸਿਹਤ ਨੂੰ ਵੀ ਉਤਸ਼ਾਹਿਤ ਕਰ ਸਕਦੇ ਹਾਂ। ਸਾਡੇ ਸਰੀਰ ਸਿਰਫ਼ ਭਾਂਡੇ ਨਹੀਂ ਹਨ; ਇਹ ਸਾਡੇ ਵਿਚਾਰਾਂ, ਭਾਵਨਾਵਾਂ ਅਤੇ ਰਵੱਈਏ ਨੂੰ ਦਰਸਾਉਂਦੇ ਹਨ। ਜਿਵੇਂ-ਜਿਵੇਂ ਅਸੀਂ ਆਪਣੇ ਮਨਾਂ ਦਾ ਪਾਲਣ-ਪੋਸ਼ਣ ਕਰਦੇ ਹਾਂ, ਅਸੀਂ ਇੱਕ ਸਿਹਤਮੰਦ, ਵਧੇਰੇ ਸੰਪੂਰਨ ਜੀਵਨ ਲਈ ਇੱਕ ਨੀਂਹ ਪੈਦਾ ਕਰਦੇ ਹਾਂ। ਯਾਦ ਰੱਖੋ, ਇੱਕ ਖੁਸ਼ ਮਨ ਇੱਕ ਸਿਹਤਮੰਦ ਸਰੀਰ ਵੱਲ ਲੈ ਜਾਂਦਾ ਹੈ, ਅਤੇ ਇੱਕ ਦਾ ਪਾਲਣ-ਪੋਸ਼ਣ ਕਰਕੇ, ਅਸੀਂ ਦੂਜੇ ਦਾ ਪ੍ਰਭਾਵਸ਼ਾਲੀ ਢੰਗ ਨਾਲ ਸਮਰਥਨ ਕਰ ਸਕਦੇ ਹਾਂ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

# ਡੋਨਾਲਡ ਟਰੰਪ ਦਾ ਬਰੇਨ ਚਾਈਲਡ : ਪ੍ਰਾਜੈਕਟ-2025 ਆਰ.ਐਸ.ਐਸ.ਦਾ ਦੂਜਾ ਰੂਪ

ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

ਡੋਨਾਲਡ ਟਰੰਪ ਜੋ ਆਪ ਮੁਹਾਰੇ ਫ਼ੈਸਲੇ ਕਰ ਰਿਹਾ ਹੈ, ਇਹ ਇੱਕ ਗਿਣੀ ਮਿਥੀ ਯੋਜਨਾ ਦਾ ਹਿੱਸਾ ਹਨ। ਇਹ ਯੋਜਨਾ 2016 ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਬਣਾਈ ਗਈ ਸੀ। ਪਹਿਲੀ ਟਰਮ ਵਿੱਚ ਟਰੰਪ ਉਸਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰ ਸਕਿਆ ਸੀ। ਹੁਣ ਉਸਨੂੰ ਅਮਲੀ ਜਾਮਾ ਪਹਿਨਾ ਰਿਹਾ ਹੈ। ਡੋਨਾਲਡ ਟਰੰਪ ਦਾ ਬਰੇਨ ਚਾਈਲਡ 'ਪ੍ਰਾਜੈਕਟ-2025' ਜੋ ਆਰ.ਐਸ.ਐਸ. ਦੀ ਨੀਤੀਆਂ ਦਾ ਦੂਜਾ ਰੂਪ ਹੈ, ਉਸਨੂੰ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ 'ਤੇ ਪਹੁੰਚਾਉਣ ਵਿੱਚ ਕਾਰਗਰ ਸਾਬਤ ਹੋਇਆ ਹੈ। ਇਸ ਕਰਕੇ ਰਾਸ਼ਟਰਪਤੀ ਡੋਨਲਡ ਟਰੰਪ ਆਪਣਾ ਅਹੁਦਾ ਸੰਭਾਲਦਿਆਂ ਹੀ 'ਪ੍ਰਾਜੈਕਟ-2025' ਨੂੰ ਲਾਗੂ ਕਰਨ 'ਤੇ ਉਤਰ ਆਏ ਹਨ, ਕਿਉਂਕਿ ਉਸਨੇ ਅਮਰੀਕਾ ਦੇ ਮੂਲ ਨਿਵਾਸੀਆਂ ਦੇ ਹੱਕਾਂ 'ਤੇ ਪਹਿਰਾ ਦੇਣ ਦੀ ਜਿਹੜਾ ਵਾਅਦਾ ਕੀਤਾ ਸੀ, ਉਸ 'ਤੇ ਹਰ ਹਾਲਤ ਵਿੱਚ ਅਮਲ ਕਰਨ ਵਿੱਚ ਜ਼ੋਰ-ਜ਼ਬਰਦਸਤੀ ਕਰ ਰਿਹਾ ਹੈ, ਜਿਵੇਂ ਭਾਰਤ ਵਿੱਚ ਨਰਿੰਦਰ ਮੋਦੀ ਕਰ ਰਿਹਾ ਹੈ। ਉਹ ਆਪਣੀ ਕਹੀ ਹਰ ਗੱਲ ਨੂੰ ਹੁਕਮ ਦੇ ਤੌਰ 'ਤੇ ਲਾਗੂ ਕਰਨਾ ਚਾਹੁੰਦਾ ਹੈ, ਜਦੋਂ ਕਿ ਅਮਰੀਕਾ ਦੇ ਸੰਵਿਧਾਨ ਅਨੁਸਾਰ ਸਰਕਾਰ ਦਾ ਇੱਕ ਕਾਇਦਾ ਕਾਨੂੰਨ ਹੈ, ਉਸ ਅਨੁਸਾਰ ਹੀ ਕਾਰਜ ਪ੍ਰਣਾਲੀ ਕੰਮ ਕਰੇਗੀ। ਜਿਸ ਕਰਕੇ ਕਚਹਿਰੀਆਂ ਉਸਦੇ ਕਈ ਹੁਕਮਾ 'ਤੇ ਪਾਬੰਦੀਆਂ ਲਾ ਚੁੱਕੀਆਂ ਹਨ। ਅਮਰੀਕਾ ਵਿੱਚ ਉਥੋਂ ਦੇ ਮੂਲ ਨਿਵਾਸੀ, ਜਿਨ੍ਹਾਂ ਨੂੰ ਰੈਡ ਇੰਡੀਅਨ ਕਿਹਾ ਜਾਂਦਾ ਹੈ, ਬਹੁਤ ਥੋੜ੍ਹੀ ਮਾਤਰਾ ਵਿੱਚ ਹਨ। ਵਰਤਮਾਨ ਸਮੇਂ ਬਹੁਤੇ ਅਮਰੀਕਨ ਸੰਸਾਰ ਦੇ ਹੋਰ ਦੇਸਾਂ ਤੋਂ ਪ੍ਰਵਾਸ ਕਰਕੇ ਹੀ ਅਮਰੀਕਾ ਵਿੱਚ ਆਏ ਹੋਏ ਹਨ। ਮੂਲ ਨਿਵਾਸੀਆਂ ਨੂੰ ਵੱਖਰੀਆਂ ਕਾਲੋਨੀਆਂ ਵਿੱਚ ਰੱਖਿਆ ਜਾਂਦਾ ਹੈ, ਉਨ੍ਹਾਂ ਨੂੰ ਰਾਸ਼ਣ ਅਤੇ ਹੋਰ ਸਾਮਾਨ ਸਸਤੀਆਂ ਦਰਾਂ 'ਤੇ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਗਿਣਤੀ ਅਮਰੀਕਾ ਦੇ ਰਾਜ ਪ੍ਰਬੰਧ ਵਿੱਚ ਨਾ ਤਾਂ ਹਿੱਸੇਦਾਰ ਹੈ ਅਤੇ ਨਾ ਹੀ ਰਾਜ ਭਾਗ ਦੀ ਤਬਦੀਲੀ ਵਿੱਚ ਬਹੁਤਾ ਯੋਗਦਾਨ ਪਾ ਸਕਦੀ ਹੈ। ਉਹ ਆਰਾਮ ਪ੍ਰਸਤ ਲੋਕ ਹਨ। ਡੋਨਾਲਡ ਟਰੰਪ ਨੇ ਸਥਾਨਕ ਮੂਲ ਨਿਵਾਸੀ ਅਮਰੀਕੀਆਂ ਦੇ ਹਿੱਤਾਂ 'ਤੇ ਪਹਿਰਾ ਦੇਣ ਦਾ ਅਜਿਹਾ ਪੱਤਾ ਖੇਡਿਆ ਜਿਹੜਾ ਟਰੰਪ ਲਈ ਸਾਰਥਿਕ ਸਾਬਤ ਹੋਇਆ, ਕਿਉਂਕਿ ਡੋਨਾਲਡ ਟਰੰਪ ਕਹਿੰਦਾ ਹੈ ਕਿ ਪ੍ਰਵਾਸੀਆਂ ਨੇ ਅਮਰੀਕਾ ਵਿੱਚ ਆ ਕੇ ਸਥਾਨਕ ਲੋਕਾਂ ਦੇ ਹੱਕਾਂ ਨੂੰ ਨੁਕਸਾਨ ਪਹੁੰਚਾਇਆ ਹੈ। ਸਥਾਨਕ ਲੋਕ ਬੇਰੋਜ਼ਗਾਰ ਹੋ ਗਏ ਹਨ। ਹਾਲਾਂ ਕਿ ਡੋਨਾਲਡ ਟਰੰਪ ਦੀ ਪਤਨੀ ਮੇਲਾਨੀਆਂ ਵੀ ਪ੍ਰਵਾਸੀ ਹੈ। ਪ੍ਰਵਾਸੀਆਂ ਨੇ ਅਮਰੀਕਾ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਹੈ। ਵਿਓਪਾਰੀ ਲੋਕਾਂ ਨੂੰ ਸਸਤੇ ਆਈ.ਟੀ.ਮਾਹਰ ਅਤੇ ਕਾਮੇ ਮਿਲ ਰਹੇ ਹਨ, ਇਸ ਕਰਕੇ ਬਹੁਤੇ ਵਿਓਪਾਰੀ ਟਰੰਪ ਦੀ ਇਸ ਨੀਤੀ ਨਾਲ ਸਹਿਮਤ ਨਹੀਂ ਹਨ, ਪ੍ਰੰਤੂ ਟਰੰਪ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਹਾਲਾਂਕਿ ਟਰੰਪ ਖੁਦ ਇੱਕ ਬਹੁਤ ਵੱਡਾ ਕਾਰੋਬਾਰੀ ਹੈ, ਉਸਨੇ ਜੋ ਆਪਣਾ ਏਜੰਡਾ ਬਣਾਇਆ ਹੈ, ਉਸਨੂੰ ਤੇਜ਼ੀ ਨਾਲ ਲਾਗੂ ਕਰ ਰਿਹਾ ਹੈ। ਉਸੇ ਲੜੀ ਵਿੱਚ ਉਸਨੇ ਸੰਸਾਰ ਵਿੱਚੋਂ ਗ਼ੈਰਕਾਨੂੰਨੀ ਢੰਗ ਨਾਲ ਆਏ ਪਰਵਾਸੀਆਂ ਨੂੰ ਅਮਰੀਕਾ ਵਿੱਚੋਂ ਬਾਹਰ ਕੱਢਣ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। 18000 ਗ਼ੈਰਕਾਨੂੰਨੀ ਭਾਰਤੀਆਂ 'ਤੇ ਵੀ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ।

ਡੋਨਾਲਡ ਟਰੰਪ ਨੇ ਨਵੰਬਰ 2016 ਦੀ ਰਾਸ਼ਟਰਪਤੀ ਦੀ ਚੋਣ ਲੜਨ ਤੋਂ ਪਹਿਲਾਂ ਅਮਰੀਕਨਾ ਦੇ ਸੁਨਹਿਰੇ ਭਵਿਖ ਲਈ ਇੱਕ ਪ੍ਰਾਜੈਕਟ/ਯੋਜਨਾ ਬਣਾਈ ਸੀ। ਇਸ ਪ੍ਰਜੈਕਟ/ਯੋਜਨਾ ਦਾ 2023 ਦੇ ਸ਼ੁਰੂ ਵਿੱਚ ਜ਼ਬਰਦਸਤ ਚੋਣ ਪ੍ਰਚਾਰ ਟਰੰਪ ਟੀਮ ਨੇ ਕੀਤਾ, ਜਿਸ ਵਿੱਚ ਉਹ ਸਫ਼ਲ ਹੋ ਗਏ ਕਿਉਂਕਿ ਉਨ੍ਹਾਂ ਚੋਣ ਪ੍ਰਚਾਰ ਵਿੱਚ ਲੋਕਾਂ ਨੂੰ ਆਪਣੇ ਨਾਲ ਜੋੜਨ ਵਿੱਚ ਕਾਮਯਾਬ ਰਹੇ। ਇਸ ਪ੍ਰਾਜੈਕਟ/ਯੋਜਨਾ ਨੂੰ 37 ਵਿਅਕਤੀਆਂ/ਲੇਖਕਾਂ ਨੇ ਬਣਾਇਆ। ਇਨ੍ਹਾਂ 37 ਵਿਚੋਂ 27 ਵਿਅਕਤੀ/ਲੇਖਕ ਡੋਨਲਡ ਟਰੰਪ ਦੀ ਪਿਛਲੀ ਸਰਕਾਰ ਵਿੱਚ ਅਹਿਮ ਅਹੁਦਿਆਂ 'ਤੇ ਨਿਯੁਕਤ ਸਨ ਅਤੇ ਬਾਕੀ 10 ਵੀ ਉਸਦੇ ਅਤਿਅੰਤ ਨਜ਼ਦੀਕੀ ਵਿਅਕਤੀ/ਲੇਖਕ ਹਨ। ਇਸ ਪ੍ਰਾਜੈਕਟ ਨੂੰ 100 ਤੋਂ ਵੱਧ ਰੂੜ੍ਹੀਵਾਦੀ ਸੰਗਠਨਾ ਦੇ ਨੈਟਵਰਕ ਦਾ ਸਮਰਥਨ ਪ੍ਰਾਪਤ ਹੈ। ਨਵੰਬਰ 2024 ਦੀ ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਉਸਨੇ ਆਪਣੇ ਨਜ਼ਦੀਕੀਆਂ ਜਿਹੜੇ 'ਹੈਰੀਟੇਜ ਫ਼ਾਊਂਡੇਸ਼ਨ' ਦੇ ਬੈਨਰ ਹੇਠ ਕੰਮ ਕਰਦੇ ਹਨ, ਰਾਹੀਂ ਉਸ ਪੁਰਾਣੀ ਯੋਜਨਾ/ਪ੍ਰਾਜੈਕਟ ਨੂੰ ਨਵਾਂ ਰੂਪ ਦੇ ਕੇ 'ਪ੍ਰਾਜੈਕਟ-2025' ਦੇ ਬੈਨਰ ਹੇਠ ਬਣਾਇਆ। ਹੈਰੀਟੇਜ ਫ਼ਾਊਂਡੇਸ਼ਨ ਇੱਕ ਕਿਸਮ ਨਾਲ ਭਾਰਤ ਦੀ ਆਰ.ਐਸ.ਐਸ.ਦੀ ਤਰ੍ਹਾਂ ਹੈ, ਇਸਨੂੰ ਆਰ.ਐਸ.ਐਸ.ਦਾ ਦੂਜਾ ਰੂਪ ਕਿਹਾ ਜਾ ਸਕਦਾ ਹੈ। ਜਿਸਦਾ ਟੀਚਾ ਅਮਰੀਕਾ ਨੂੰ ਸੰਭਾਵੀ ਰੂਪ ਵਿੱਚ ਰੂੜ੍ਹੀਵਾਦੀ ਮੁੱਲਾਂ ਨੂੰ ਬਣਾਈ ਰੱਖਣ ਵਾਲੀ ਇੱਕ



ਸਰਕਾਰੀ ਪ੍ਰਣਾਲੀ ਨੂੰ ਮੁੜ ਸਥਾਪਤ ਕਰਨਾ ਹੈ, ਜਿਸ ਵਿੱਚ ਪਰਿਵਾਰਿਕ ਮੁੱਲਾਂ ਦੀ ਪੁਨਰ ਸਥਾਪਨਾ, ਸਰਹੱਦਾਂ ਦੀ ਸੁਰੱਖਿਆ ਅਤੇ ਅਮਰੀਕਨਾ ਦੇ ਨਿੱਜੀ ਅਧਿਕਾਰਾਂ ਦੀ ਰੱਖਿਆ ਸ਼ਾਮਲ ਹੈ। ਇਸ 'ਪ੍ਰਾਜੈਕਟ-2025' ਦਾ ਡੋਨਲਡ ਟਰੰਪ ਨੇ ਧੂੰਆਂ ਧਾਰ ਹਮਲਾਵਰ ਢੰਗ ਨਾਲ ਚੋਣ ਪ੍ਰਚਾਰ ਕੀਤਾ। ਪ੍ਰਾਜੈਕਟ-2025, ਜਿਸਨੂੰ ਹੈਰੀਟੇਜ ਫ਼ਾਊਂਡੇਸ਼ਨ ਨੇ ਤਿਆਰ ਕੀਤਾ ਹੈ, ਇੱਕ ਰੂਪ ਰੇਖਾ ਹੈ ਜੋ ਡੋਨਾਲਡ ਟਰੰਪ ਦੇ ਸਰਕਾਰੀ ਏਜੰਡੇ ਨੂੰ ਪਰਿਭਾਸ਼ਤ ਕਰਦਾ ਹੈ। ਇਸ ਏਜੰਡੇ ਦਾ ਮੁੱਖ ਨਿਸ਼ਾਨਾ 'ਪ੍ਰਸ਼ਾਸ਼ਨਿਕ ਰਾਜ ਨੂੰ ਦਰੁਸਤ ਕਰਨਾ ਹੈ, ਜਿਸ ਵਿੱਚ ਸਰਕਾਰੀ ਏਜੰਸੀਆਂ ਦੇ ਢਾਂਚੇ, ਨੀਤੀਆਂ ਅਤੇ ਕਰਮਚਾਰੀਆਂ ਨੂੰ ਮੂਲ ਰੂਪ ਵਿੱਚ ਬਦਲਣਾ ਸ਼ਾਮਲ ਹੈ। 'ਪ੍ਰਾਜੈਕਟ-2025' ਦੇ ਮੁੱਖ ਨਿਸ਼ਾਨੇ ਇਸ ਪ੍ਰਕਾਰ ਹਨ:

## 1-ਮੂਲ ਰੂਪ ਰੇਖਾ ਅਤੇ ਸਿਧਾਂਤ

ਇਹ ਪ੍ਰਾਜੈਕਟ ਚਾਰ ਮੁੱਖ ਥੰਮ੍ਹਾਂ 'ਤੇ ਅਧਾਰਤ ਹੈ। ਨੀਤੀ ਏਜੰਡਾ, ਕਰਮਚਾਰੀ ਡਾਟਾਬੇਸ, ਪ੍ਰਸ਼ਾਸ਼ਨਿਕ ਸਿਖਲਾਈ ਅਤੇ ਪਹਿਲੇ 180 ਦਿਨਾ ਦੀ ਕਾਰਜ ਯੋਜਨਾ। ਇਸ ਪ੍ਰਾਜੈਕਟ ਦਾ ਮੁੱਖ ਮੁੱਦਾ ਰੂੜ੍ਹੀਵਾਦੀ ਮੁੱਲਾਂ ਨੂੰ ਬਣਾਈ ਰੱਖਣ ਵਾਲੀ ਇੱਕ ਸਰਕਾਰੀ ਪ੍ਰਣਾਲੀ ਨੂੰ ਮੁੜ ਸਥਾਪਿਤ ਕਰਨਾ ਹੈ, ਜਿਸ ਵਿੱਚ ਪਰਿਵਾਰਿਕ ਮੁੱਲਾਂ ਦੀ ਪੁਨਰ ਸਥਾਪਨਾ, ਸਰਹੱਦਾਂ ਦੀ ਸੁਰੱਖਿਆ ਅਤੇ ਨਿੱਜੀ ਅਧਿਕਾਰਾਂ ਦੀ ਰੱਖਿਆ ਸ਼ਾਮਲ ਹਨ।

## 2-ਪ੍ਰਮੁੱਖ ਨੀਤੀਗਤ ਸਿਫ਼ਾਰਸ਼ਾਂ

ਸਰਕਾਰੀ ਢਾਂਚੇ ਦਾ ਪੁਨਰਗਠਨ : 'ਪ੍ਰਾਜੈਕਟ-2025' ਵਿੱਚ ਸਿੱਖਿਆ ਵਿਭਾਗ (Department of Education) ਨੂੰ ਖ਼ਤਮ ਕਰਨ, ਸਰਕਾਰੀ ਕਰਮਚਾਰੀਆਂ ਦੀ ਭਰਤੀ ਪ੍ਰਕ੍ਰਿਆ ਨੂੰ ਰੱਦ ਕਰਨ ਅਤੇ ਨੌਕਰਸ਼ਾਹੀ ਨੂੰ ਘਟਾਉਣਾ ਦੀ ਸਿਫ਼ਾਰਸ਼ ਕਰਦਾ ਹੈ। ਇਹ ਹੈਡ ਸਟਾਰਟ ਪ੍ਰੋਗਰਾਮ ਦੇ ਪੂਰੇ ਖ਼ਾਤਮੇ ਦੀ ਵੀ ਮੰਗ ਕਰਦਾ ਹੈ, ਜੋ 8 ਲੱਖ ਤੋਂ ਵੱਧ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ।

ਸਮਾਜਿਕ ਨੀਤੀਆਂ 'ਤੇ ਪ੍ਰਭਾਵ : ਪ੍ਰਸੂਤੀ ਸੰਬੰਧੀ ਅਧਿਕਾਰਾਂ ਨੂੰ ਸੀਮਤ ਕਰਨ, ਗਰਭਪਾਤ ਦੀਆਂ ਦਵਾਈਆਂ (ਜਿਵੇਂ ਕਿ ਮਿਫਪ੍ਰਿਸਟੋਨ) 'ਤੇ ਪਾਬੰਦੀ ਲਗਾਉਣ ਅਤੇ LGBTQ+ ਅਧਿਕਾਰਾਂ ਵਿਰੁੱਧ ਕਾਰਵਾਈਆਂ ਦੀ ਯੋਜਨਾ ਬਣਾਈ ਗਈ ਹੈ। ਇਸਦੇ ਨਾਲ ਹੀ ਜਨਤਕ ਸੇਵਾ ਕਰਜ਼ਾ ਮਾਫ਼ੀ ਪ੍ਰੋਗਰਾਮ (Public Service Loan Forgiveness) ਨੂੰ ਖ਼ਤਮ ਕਰਨ ਦਾ ਪ੍ਰਸਤਾਵ ਹੈ।

ਆਰਥਿਕ ਅਤੇ ਪਰਿਵਾਰਸਨਾਮੀ ਨੀਤੀਆਂ : ਇਹ ਪ੍ਰਾਜੈਕਟ ਫਰਮਾ ਲਈ ਸਹਾਇਤਾ ਪ੍ਰੋਗਰਾਮਾ ਨੂੰ ਸੀਮਤ ਕਰਨ, ਜਨਤਕ ਆਵਾਜਾਈ ਦੇ ਫ਼ੰਡਿੰਗ ਨੂੰ ਘਟਾਉਣ ਅਤੇ ਜਲਵਾਯੂ ਨੂੰ ਲੈ ਕੇ ਨਿਯਮਾ ਨੂੰ ਖ਼ਤਮ ਕਰਨ ਦੀ ਗੱਲ ਕਰਦਾ ਹੈ। ਇਸਦੇ ਨਾਲ ਹੀ ਇਹ 'ਰੀਮੇਨ ਇਨ ਮੈਕਸੀਕੋ' ਨੀਤੀ ਨੂੰ ਮੁੜ ਲਾਗੂ ਕਰਨ ਅਤੇ ਸਰਹੱਦੀ ਕੰਧ ਦੇ ਨਿਰਮਾਣ ਨੂੰ ਤੇਜ਼ ਕਰਨ ਦੀ ਵਕਾਲਤ ਕਰਦਾ ਹੈ।

## 3-ਲਾਗੂ ਹੋਣ ਦੀ ਵਰਤਮਾਨ ਸਥਿਤੀ

ਟਰੰਪ ਪ੍ਰਸ਼ਾਸ਼ਨ ਦੀਆਂ ਸ਼ੁਰੂਆਤੀ ਕਾਰਵਾਈਆਂ : ਫ਼ਰਵਰੀ 2025 ਤੱਕ ਟਰੰਪ ਪ੍ਰਸ਼ਾਸ਼ਨ ਨੇ ਪਹਿਲਾਂ ਹੀ ਕਾਰਜਕਾਲੀ ਹੁਕਮ ਜ਼ਾਰੀ ਕੀਤੇ ਹਨ, ਜੋ 'ਪ੍ਰਾਜੈਕਟ-2025' ਦੀਆਂ ਸਿਫ਼ਾਰਸ਼ਾਂ ਨਾਲ ਮੇਲ ਖਾਂਦੇ ਹਨ। ਇਨ੍ਹਾਂ ਵਿੱਚ ਪੈਰਿਸ ਜਲਵਾਯੂ ਸਮਝੌਤੇ ਤੋਂ ਬਾਹਰ ਹੋਣਾ, ਅਲਾਸਕਾ ਵਿੱਚ ਤੇਲ ਅਤੇ ਗੈਸ ਡ੍ਰਿÇਲੰਗ ਨੂੰ ਵਧਾਉਣ ਅਤੇ ਪਰਵਾਸੀ ਨੀਤੀਆਂ ਨੂੰ ਸਖ਼ਤ ਕਰਨ ਵਰਗੇ ਕਦਮ ਸ਼ਾਮਲ ਹਨ।

ਪ੍ਰਾਜੈਕਟ-2025 ਦੇ ਡਾਟਾਬੇਸ ਦੀ ਵਰਤੋਂ : ਚੋਣ ਪ੍ਰਚਾਰ ਦੌਰਾਨ 'ਪ੍ਰਾਜੈਕਟ-2025' ਨੂੰ ਦੂਰ ਰੱਖਣ ਦੇ ਬਾਵਜੂਦ ਟਰੰਪ ਟੀਮ ਹੁਣ ਇਸਦੇ ਕਰਮਚਾਰੀ ਡਾਟਾ ਬੇਸ ਦੀ ਵਰਤੋਂ 4000 ਤੋਂ ਵੱਧ ਸਿਆਸੀ ਨਿਯੁਕਤੀਆਂ ਲਈ ਉਮੀਦਵਾਰ ਚੁਣਨ ਲਈ ਕਰ ਰਹੀ ਹੈ। ਇਸ ਡਾਟਾ ਬੇਸ ਨੂੰ 'ਰੂੜ੍ਹੀਵਾਦੀ LinkedInÓ ਵਜੋਂ ਦਰਸਾਇਆ ਜਾ ਰਿਹਾ ਹੈ, ਜਿਸ ਵਿੱਚ ਪ੍ਰੀ-ਵੈਟ ਕੀਤੇ ਗਏ ਉਮੀਦਵਾਰਾਂ ਦੀ ਜਾਣਕਾਰੀ ਸ਼ਾਮਲ ਹੈ।

ਵਿਵਾਦ ਅਤੇ ਅਸਹਿਮਤੀਆਂ : ਹਾਲਾਂਕਿ ਕਈ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ, ਪ੍ਰੰਤੂ ਕੁਝ ਮਾਮਲਿਆਂ ਵਿੱਚ ਟਰੰਪ ਪ੍ਰਸ਼ਾਸ਼ਨ ਨੇ 'ਪ੍ਰਾਜੈਕਟ-2025' ਦੀਆਂ ਸਿਫ਼ਾਰਸ਼ਾਂ ਤੋਂ ਵੱਖਰੇ ਫ਼ੈਸਲੇ ਲਏ ਹਨ। ਉਦਾਹਰਣ ਲਈ ਜਨਮਜਾਤ ਨਾਗਰਿਕਤਾ (Birthright Citizenship) ਨੂੰ ਚੁਣੌਤੀ ਦੇਣ ਜਾਂ ਊਰਜਾ ਐਮਰਜੈਂਸੀ ਦੀ ਘੋਸ਼ਣਾ ਕਰਨ ਦੇ ਪ੍ਰਸਤਾਵਾਂ ਨੂੰ ਅਜੇ ਤੱਕ ਨਹੀਂ ਅਪਣਾਇਆ ਗਿਆ ਹੈ।

## 4-ਚੁਣੌਤੀਆਂ ਅਤੇ ਆਲੋਚਨਾਵਾਂ

ਕਾਨੂੰਨੀ ਅਤੇ ਸਮਾਜਿਕ ਵਿਰੋਧ : ਟੈਕਸਾਸ ਅਤੇ ਵਾਸ਼ਿੰਗਟਨ ਵਰਗੇ ਰਾਜਾਂ ਵਿੱਚ 'ਪ੍ਰਾਜੈਕਟ- 2025' ਦੀਆਂ ਨੀਤੀਆਂ ਦੀ ਪ੍ਰੀਖਣ ਕੀਤੀ ਜਾ ਰਹੀ ਹੈ, ਜਿਸ ਵਿੱਚ ਗਰਭਪਾਤ ਨੂੰ ਅਪ੍ਰਾਧਿਕ ਬਣਾਉਣ ਅਤੇ Çਲੰਗ-ਅਧਾਰਿਤ ਸੁਰੱਖਿਆ ਉਪਾਵਾਂ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਸ਼ਾਮਲ ਹਨ। ਇਹ ਕਦਮ ਅਦਾਲਤਾਂ ਅਤੇ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰ ਰਹੇ ਹਨ।

ਅਰਥਚਾਰੇ 'ਤੇ ਪ੍ਰਭਾਵ : ਆਲੋਚਕਾਂ ਦਾ ਦਾਅਵਾ ਹੈ ਕਿ 'ਪ੍ਰਾਜੈਕਟ-2025' ਦੀਆਂ ਨੀਤੀਆਂ ਨਾਲ ਕਿਸਾਨਾਂ ਲਈ ਸਹਾਇਤਾ ਪ੍ਰੋਗਰਾਮ ਘਟਣਗੇ, ਜਨਤਕ ਆਵਾਜਾਈ ਦੇ ਬਜਟ ਵਿੱਚ ਕਟੌਤੀ ਹੋਵੇਗੀ ਅਤੇ ਮਜ਼ਦੂਰਾਂ ਦੇ ਅਧਿਕਾਰ ਘਟਣਗੇ। ਇਸਦੇ ਨਾਲ ਹੀ ਜਲਵਾਯੂ ਪਰਿਵਰਤਨ ਨੂੰ ਨਜ਼ਰਅੰਦਾਜ਼ ਕਰਨ ਵਾਲੀਆਂ ਨੀਤੀਆਂ ਨੂੰ ਵਿਗਿਆਨਕ ਸਮੁਦਾਇ ਦੁਆਰਾ ਖ਼ਾਰਜ ਕੀਤਾ ਗਿਆ ਹੈ।

## 5-ਨਤੀਜੇ ਅਤੇ ਭਵਿਖ ਦੀਆਂ ਸੰਭਾਵਨਾਵਾਂ

'ਪ੍ਰਾਜੈਕਟ-2025' ਦਾ ਸਫ਼ਲ ਹੋਣਾ ਰਾਜਨੀਤਕ ਸਹਿਯੋਗ, ਨਿਆਂ ਪਾਲਿਕਾ ਦੀਆਂ ਪ੍ਰਤੀਕ੍ਰਿਆਵਾਂ ਅਤੇ ਜਨਤਕ ਪ੍ਰਤੀਕ੍ਰਿਆ 'ਤੇ ਨਿਰਭਰ ਕਰੇਗਾ। ਹਾਲਾਂਕਿ ਇਸਦੇ ਸਮਰਥਕ ਇਸਨੂੰ 'ਡੂੰਘੇ ਰਾਜ (4eep State)' ਨੂੰ ਖ਼ਤਮ ਕਰਨ ਦਾ ਇੱਕ ਸਾਧਨ ਦੱਸਦੇ ਹਨ, ਪ੍ਰੰਤੂ ਵਿਰੋਧੀਆਂ ਨੇ ਇਸਨੂੰ ਲੋਕਤੰਤਰ ਲਈ ਖ਼ਤਰਾ ਦੱਸਿਆ ਹੈ ਭਵਿਖ ਵਿੱਚ ਇਸ ਪ੍ਰਾਜੈਕਟ ਦਾ ਪ੍ਰਭਾਵ ਅਮਰੀਕੀ ਸਮਾਜ ਦੇ ਹਰ ਪੱਖ 'ਤੇ ਪਵੇਗਾ, ਜਿਸ ਵਿੱਚ ਸਿੱਖਿਆ, ਸਿਹਤ ਅਤੇ ਵਾਤਾਵਰਨ ਸ਼ਾਮਲ ਹਨ।

ਡੋਨਾਲਡ ਟਰੰਪ 'ਪ੍ਰਾਜੈਕਟ-2025' ਨੂੰ ਲਾਗੂ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕਰ ਰਿਹਾ ਹੈ, ਭਾਵੇਂ ਉਸਦੇ ਰਾਹ ਵਿੱਚ ਕਈ ਕਿਸਮ ਦੀਆਂ ਅੜਚਣਾਂ ਆ ਰਹੀਆਂ ਹਨ, ਜਿਨ੍ਹਾਂ ਵਿੱਚ ਟਰੰਪ ਵੱਲੋਂ ਐਲਨ ਮਸਨ ਨਾਲ ਡੀਪਾਰਟਮੈਂਟ ਆਫ਼ ਗਵਰਨਮੈਂਟ ਐਫ਼ੀਸੈਂਸੀ (Deep State) ਖ਼ਰਚੇ ਘਟਾਉਣ ਵਾਲੇ ਵਿਭਾਗ ਦੇ ਕੋ ਚੇਅਰਮੈਨ ਨਾਮਜ਼ਦ ਭਾਰਤੀ ਮੂਲ ਦੇ ਅਮਰੀਕਨ ਵਿਵੇਕ ਰਾਮਾਸਵਾਮੀ ਨੇ ਪ੍ਰਵਾਸੀਆਂ ਸੰਬੰਧੀ ਟਰੰਪ ਦੇ ਫ਼ੈਸਲੇ ਨੂੰ ਲੈ ਕੇ ਅਸਤੀਫ਼ਾ ਦੇ ਦਿੱਤਾ ਸੀ ਪ੍ਰੰਤੂ ਟਰੰਪ ਆਪਣੇ ਫ਼ੈਸਲੇ ਲਾਗੂ ਕਰਵਾਉਣ ਲਈ ਬਜਿਦ ਹੈ। ਉਹ ਆਪਣੇ ਕਿਸੇ ਸਹਿਯੋਗੀ ਦੀ ਵੀ ਪਰਵਾਹ ਨਹੀਂ ਕਰਦਾ। ਕਈ ਵਾਰੀ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਦੇ ਸਿਆਸਤਦਾਨਾ ਵਾਂਗੂੰ ਅਜੀਬ ਕਿਸਮ ਦੀ ਤੱਥਾਂ ਤੋਂ ਬਿਨਾ ਹੀ ਬਿਆਨਬਾਜ਼ੀ ਕਰ ਜਾਂਦਾ ਹੈ। ਉਹ ਬਿਆਨਬਾਜ਼ੀ ਵੀ ਇੱਕ ਯੋਜਨਾ ਅਨੁਸਾਰ ਕੀਤੀ ਜਾਂਦੀ ਹੈ ਤਾਂ ਜੋ ਰਾਸ਼ਟਰਪਤੀ ਦੀ ਕਾਰਜਪ੍ਰਣਾਲੀ ਦਾ ਡਰ ਬਣਿਆਂ ਰਹੇ। ਅਜੇ ਤੱਕ ਤਾਂ ਡੋਨਾਲਡ ਟਰੰਪ ਨੇ ਸਰਕਾਰ 'ਤੇ ਦਬਦਬਾ ਬਣਾਇਆ ਹੋਇਆ ਹੈ ਪ੍ਰੰਤੂ ਸੰਸਾਰ ਦੇ ਬਹੁਤੇ ਦੇਸ਼ ਉਸ ਦੀਆਂ ਨੀਤੀਆਂ ਦੀ ਹਮਾਇਤ ਨਹੀਂ ਕਰਦੇ। ਜੇਕਰ ਗ਼ੈਰ ਕਾਨੂੰਨੀ ਪ੍ਰਵਾਸੀਆਂ ਦੀ ਤਰ੍ਹਾਂ ਬਾਕੀ ਜਾਇਜ਼ ਢੰਗ ਨਾਲ ਅਮਰੀਕਾ ਵਿੱਚ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨਾਲ ਵੀ ਡੋਨਾਲਡ ਟਰੰਪ ਦਾ ਵਰਤਾਓ ਰਿਹਾ ਤਾਂ ਅਮਰੀਕਾ ਦੀ ਆਰਥਿਕਤਾ ਜਿਸਨੂੰ ਟਰੰਪ ਮਜ਼ਬੂਤ ਕਰਨ ਦੇ ਦਾਅਵੇ ਕਰ ਰਿਹਾ ਉਹ ਕਮਜ਼ੋਰ ਹੋ ਜਾਵੇਗੀ ਕਿਉਂਕਿ ਆਈ.ਟੀ.ਖੇਤਰ ਵਿੱਚ ਬਹੁਤਾ ਕੰਮ ਪਰਵਾਸੀ ਹੀ ਕਰਦੇ ਹਨ।

# ਏਕਤਾ ਦੀ ਮਿਸਾਲ : ਮੁਸਲਿਮ ਬਹੁਗਿਣਤੀ ਵਾਲੀ ਹਰਿਆਣਾ ਪੰਚਾਇਤ ਨੇ ਹਿੰਦੂ ਔਰਤ ਨੂੰ ਸਰਪੰਚ ਚੁਣਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਗੁਰੂਗ੍ਰਾਮ : ਹਰਿਆਣਾ ਦੇ ਨੂਹ ਜ਼ਿਲ੍ਹੇ ਦੇ ਮੁਸਲਿਮ ਬਹੁਗਿਣਤੀ ਵਾਲੇ ਸਿਰੋਲੀ ਪਿੰਡ ਨੇ ਅਪਣੇ ਇਕਲੌਤੇ ਹਿੰਦੂ ਪੰਚਾਇਤ ਮੈਂਬਰ ਨੂੰ ਸਰਪੰਚ ਚੁਣ ਲਿਆ ਹੈ। 30 ਸਾਲ ਦੀ ਨਿਸ਼ਾ ਚੌਹਾਨ 2 ਅਪ੍ਰੈਲ ਨੂੰ ਸਿਰੋਲੀ ਦੀ ਸਰਪੰਚ ਚੁਣੀ ਗਈ। ਇਕ ਸੀਨੀਅਰ ਪੰਚਾਇਤ ਅਧਿਕਾਰੀ ਅਨੁਸਾਰ ਪੁਨਾਹਾਨਾ ਬਲਾਕ ਅਧੀਨ ਸਿਰੋਲੀ ਪੰਚਾਇਤ 'ਚ 15 ਮੈਂਬਰ ਹਨ ਜਿਨ੍ਹਾਂ 'ਚੋਂ 14 ਮੁਸਲਮਾਨ ਅਤੇ ਅੱਠ ਔਰਤਾਂ ਹਨ। ਸਿਰੋਲੀ ਸਰਪੰਚ ਦਾ ਅਹੁਦਾ ਔਰਤਾਂ ਲਈ ਰਾਖਵਾਂ ਹੈ। ਪਿੰਡ ਦੇ 3,296 ਵੋਟਰਾਂ ਵਿਚੋਂ ਸਿਰਫ 250 ਹਿੰਦੂ ਹਨ।

ਪੰਚਾਇਤ ਅਧਿਕਾਰੀ ਨਸੀਮ ਅਨੁਸਾਰ ਪੰਚਾਇਤੀ ਚੋਣਾਂ ਦਸੰਬਰ 2022 'ਚ ਹੋਈਆਂ ਸਨ। ਹਾਲਾਂਕਿ ਜੇਤੂ ਉਮੀਦਵਾਰ ਸਾਹਾਨਾ ਨੂੰ ਕੁੱਝ ਮਹੀਨਿਆਂ ਬਾਅਦ ਉਸ ਦੇ ਸਿੱਖਿਆ ਸਰਟੀਫਿਕੇਟ ਜਾਅਲੀ ਪਾਏ ਜਾਣ ਤੋਂ ਬਾਅਦ ਬਰਖਾਸਤ ਕਰ ਦਿਤਾ ਗਿਆ ਸੀ। ਨਵੇਂ ਚੁਣੇ ਸਰਪੰਚ ਨੇ ਕਿਹਾ ਕਿ ਉਨ੍ਹਾਂ ਦੀ ਜਿੱਤ ਹਿੰਦੂ-ਮੁਸਲਿਮ ਏਕਤਾ ਦਾ ਪ੍ਰਤੀਕ ਹੈ।

ਮੇਰਾ ਪਿੰਡ ਮੁਸਲਿਮ ਬਹੁਗਿਣਤੀ ਵਾਲਾ ਹੈ ਪਰ ਉੱਥੇ ਹਿੰਦੂ-ਮੁਸਲਿਮ ਭਾਈਚਾਰੇ ਦੀ ਪੁਰਾਣੀ ਪਰੰਪਰਾ ਅਜੇ ਵੀ ਮੌਜੂਦ ਹੈ। ਸਹੀ ਅਰਥਾਂ ਵਿਚ ਮੇਵਾਤ ਖੇਤਰ ਵਿਚ ਕੋਈ ਧਾਰਮਕ ਭੇਦਭਾਵ ਨਹੀਂ ਹੈ, ਜਿਸ ਦੀ ਜਿਉਂਦੀ ਜਾਗਦੀ ਉਦਾਹਰਣ ਸਰਪੰਚ ਵਜੋਂ ਮੇਰੀ ਚੋਣ ਹੈ। ਚੌਹਾਨ ਨੇ ਕਿਹਾ, ''ਮੇਰੀ ਜਿੱਤ ਪੂਰੇ ਇਲਾਕੇ 'ਚ ਫਿਰਕੂ ਭਾਈਚਾਰੇ ਦਾ ਸੰਦੇਸ਼ ਹੈ।'' ਸਿਰੋਲੀ ਦੇ



ਸਾਬਕਾ ਸਰਪੰਚ ਅਤੇ ਮੌਜੂਦਾ ਵਾਰਡ ਮੈਂਬਰ ਅਸ਼ਰਫ ਨੇ ਕਿਹਾ, ''ਪੰਚਾਂ ਨੇ ਚੌਹਾਨ ਨੂੰ ਬਿਹਤਰ ਪ੍ਰਸ਼ਾਸਨ ਦੀ ਉਮੀਦ 'ਚ ਚੁਣਿਆ ਹੈ। ਇੱਥੇ ਹਿੰਦੂ ਅਤੇ ਮੁਸਲਮਾਨ ਸਦਭਾਵਨਾ 'ਚ ਹਨ। ਅਸੀਂ ਇਕ-ਦੂਜੇ ਦੇ ਸੁੱਖ-ਦੁੱਖ ਵਿਚ ਪੂਰੀ ਤਰ੍ਹਾਂ ਹਿੱਸਾ ਲੈਂਦੇ ਹਾਂ।''

# ਗੁਰਦਾਸਪੁਰ ਸ਼ਹਿਰ ਵਿੱਚ ਵਧ ਰਹੀਆਂ ਲੁੱਟ-ਖੋਹ ਅਤੇ ਚੋਰੀਆਂ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕੀਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਰੋਹਿਤ ਗੁਪਤਾ

ਗੁਰਦਾਸਪੁਰ 5 ਅਪ੍ਰੈਲ 2025 - ਗੁਰਦਾਸਪੁਰ ਸ਼ਹਿਰ ਵਿੱਚ ਲਗਾਤਾਰ ਲੂਟ ਖਸੁੱਟ ਅਤੇ ਚੋਰੀ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਹਾਲਤ ਇਹ ਬਣ ਚੁੱਕੀ ਹੈ ਲੋਕ ਆਪਣੇ ਘਰਾਂ ਨੂੰ ਛੱਡ ਕੇ ਇੱਕ ਦੋ ਦਿਨ ਲਈ ਕਿਤੇ ਬਾਹਰ ਜਾਣ ਤੋਂ ਵੀ ਡਰਦੇ ਹਨ। ਉਕਤ ਵਿਚਾਰ ਕਾਂਗਰਸ ਪਾਰਟੀ ਦੇ ਯੂਥ ਵਿੰਗ ਦੇ ਜ਼ਿਲਾ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਨੇ ਪ੍ਰਗਟ ਕੀਤੇ।

ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਤੇ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਨੇ ਕਿਹਾ ਕਿ ਗੁਰਦਾਸਪੁਰ ਸ਼ਹਿਰ ਵਿੱਚ ਚੋਰੀ ਅਤੇ ਲੂਟ ਖੋਹ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਹਰ ਰੋਜ਼ ਕਿਸੇ ਨਾਂ ਕਿਸੇ ਜਗ੍ਹਾ 'ਤੇ ਵਾਰਦਾਤ ਸੁਣਨ ਨੂੰ ਮਿਲਦੀ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਲੋਕਾਂ ਦੀ ਸੁਰੱਖਿਆ ਦਾ ਦਮ ਭਰਣ ਵਾਲਾ ਪੁਲਿਸ ਪ੍ਰਸ਼ਾਸਨ ਇਹ ਰੋਕਣ ਲਈ ਕੋਈ ਯੋਗ ਕਦਮ ਨਹੀਂ ਚੁੱਕ ਰਿਹਾ। ਜਿਸ ਨਾਲ ਚੋਰਾਂ ਅਤੇ ਲੂਟੇਰਿਆਂ ਦੇ ਹੌਂਸਲੇ ਇੰਨੇ ਬੁਲੰਦ ਹੋ ਚੁਕੇ ਹਨ ਕਿ ਉਹ ਬਿਨਾਂ ਕਿਸੇ ਡਰ ਦੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਕੇ ਭੱਜ ਜਾਂਦੇ ਹਨ, ਜਦੋਂਕਿ ਪੁਲਿਸ ਦੇ ਹੱਥ ਖਾਲੀ ਹੀ ਨਜ਼ਰ ਆਉਂਦੇ ਹਨ।

ਉਹਨਾਂ ਕਿਹਾ ਕਿ ਹਾਲਤ ਇਹ ਬਣ ਚੁੱਕੀ ਹੈ ਕਿ ਪਹਿਲਾਂ ਰਾਤੀਂ ਵਾਰਦਾਤਾਂ ਦਾ ਅੰਜਾਮ ਦਿੱਤਾ ਜਾਂਦਾ ਸੀ, ਪਰ ਹੁਣ ਦਿਨ ਦਿਹਾੜੇ ਵੀ ਲੁੱਟਾ ਖੋਹਾਂ ਅਤੇ ਚੋਰੀਆਂ ਹੋਣ ਲੱਗ ਪਈਆਂ ਹਨ। ਜਿਸ ਨਾਲ ਪੁਲਿਸ ਪ੍ਰਸ਼ਾਸਨ ਦੀ ਕਾਰਜਪ੍ਰਣਾਲੀ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਏ ਹਨ। ਉਨ੍ਹਾਂ



ਨੇ ਕਿਹਾ ਕਿ ਪੁਲਿਸ ਦੀ ਢਿੱਲੀ ਕਾਰਵਾਈ ਦੇ ਕਾਰਨ ਲੋਕ ਆਪਣੀ ਮੇਹਨਤ ਨਾਲ ਕਮਾਈ ਹੋਈ ਪੂੰਜੀ ਨੂੰ ਗਵਾ ਦਿੰਦੇ ਹਨ। ਜਦੋਂਕਿ ਪੁਲਿਸ ਸਿਰਫ ਕਾਰਵਾਈ ਕਰਨ ਦੀ ਖਾਣਾਪੂਰਤੀ ਕਰਦੀ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਦਿਨੋ ਦਿਨ ਵੱਧ ਰਹੇ ਆ ਲੁੱਟ ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਤੇ ਰੋਕ ਲਗਾਉਣ ਲਈ ਪੁਲਿਸ ਵੱਲੋਂ ਸਖਤ ਕਦਮ ਚੁੱਕੇ ਜਾਣ ।

# ਡਾ ਭੀਮ ਰਾਉ ਅੰਬੇਡਕਰ ਸਾਹਿਬ ਜੀ ਦੀ ਮੂਰਤੀ ਉੱਪਰ ਖਾਲਿਸਤਾਨੀ ਨਾਹਰੇ ਲਿਖ ਕੇ ਪੰਜਾਬ ਦਾ ਮਾਹੌਲ ਵਿਗਾੜਿਆ ਜਾ ਰਿਹਾ ਹੈ : ਵਿਸ਼ਵਨਾਥ ਬੰਟੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 3 ਅਪ੍ਰੈਲ (ਤਰਸੇਮ ਦੀਵਾਨਾ )ਫਿਲੋਰ ਦੇ ਨੇੜੇ ਪਿੰਡ ਨੰਗਲ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਲੱਗੀ ਮੂਰਤੀ ਤੇ ਖਾਲਿਸਤਾਨੀ ਨਾਅਰੇ ਲਿਖਣ ਅਤੇ ਪੰਜਾਬ ਦਾ ਮਾਹੌਲ ਖਰਾਬ ਕਰਨ ਵਿੱਚ ਕੇਂਦਰ ਤੇ ਪੰਜਾਬ ਦੀਆਂ ਏਜੰਸੀਆਂ ਲੱਗੀਆਂ ਹੋਈਆਂ ਹਨ ਅਤੇ ਸਰਕਾਰਾ ਅੰਬੇਡਕਰ ਸਾਹਿਬ ਦੇ ਬੁੱਤਾਂ ਦੀ ਸੁਰੱਖਿਆ ਕਰਨ ਵਿੱਚ ਬੁਰੀ ਤਰ੍ਹਾਂ ਫੇਲ ਹੋ ਰਹੀਆਂ

ਹਨ ਇਹਨਾਂ ਗੱਲਾਂ ਦਾ ਪ੍ਰਗਟਾਵਾ ਗਊਸ਼ਾਲਾ ਦੇ ਪ੍ਰਧਾਨ ਅਤੇ ਕਾਂਗਰਸ ਦੇ ਉੱਘੇ ਲੀਡਰ ਵਿਸ਼ਵਨਾਥ ਬੰਟੀ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ । ਉਹਨਾਂ ਕਿਹਾ ਕੀ ਪਹਿਲਾਂ ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਅੰਬੇਡਕਰ ਸਾਹਿਬ ਦੇ ਬੁੱਤ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ , ਸੰਵਿਧਾਨ ਨੂੰ ਅੱਗ ਲਗਾ ਕੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ,ਉਸ ਤੋਂ ਬਾਅਦ ਜ਼ਿਲ੍ਹਾ ਸੰਗਰੂਰ ਦੇ ਪਿੰਡ ਬਘਰੋਲ ਵਿਖੇ ਅੰਬੇਡਕਰ ਸਾਹਿਬ ਦੀ ਮੂਰਤੀ ਲਾਉਂਦੇ ਸਮੇਂ ਸ਼ਰਾਰਤੀ ਅਨਸਰਾਂ ਵਲੋ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਮੂਰਤੀ ਨਾਂ ਲਗਾਉਣ ਲਈ ਜੰਮ ਕੇ ਲੜਾਈ ਕੀਤੀ ਗਈ ਜਿੱਥੇ ਕਿ ਆਖਰ ਨੂੰ ਡਾਕਟਰ ਭੀਮ ਰਾਉ ਅੰਬੇਦਕਰ ਜੀ ਦੀ ਮੂਰਤੀ ਬੜੀ ਸ਼ਾਨੋ ਸ਼ੌਂਕਤ ਨਾਲ ਲਗਾਈ ਗਈ । ਤੇ ਹੁਣ ਫਿਲੌਰ ਦੇ ਨੇੜੇ ਪਿੰਡ ਨੰਗਲ ਵਿੱਚ ਡਾ ਭੀਮ ਰਾਉ ਅੰਬੇਡਕਰ ਸਾਹਿਬ ਦੀ ਮੂਰਤੀ ਉੱਪਰ ਖਾਲਿਸਤਾਨੀ ਨਾਹਰੇ ਲਿਖ ਕੇ ਮਾਹੌਲ ਨੂੰ ਵਿਗਾੜਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਾਰਲੀਮੈਂਟ ਵਿੱਚ ਡਾ ਅੰਬੇਡਕਰ ਸਾਹਿਬ ਪ੍ਰਤੀ ਆਪਣੀ ਮਾੜੀ ਮਾਨਸਿਕਤਾ ਦਾ ਇਜ਼ਹਾਰ ਕੀਤਾ ਸੀ। ਪੰਜਾਬ ਸਰਕਾਰ ਨੇ ਸਾਰੇ



ਦਫਤਰਾਂ ਵਿੱਚ ਅੰਬੇਡਕਰ ਸਾਹਿਬ ਦੀ ਫੋਟੋ ਤਾਂ ਲਗਾਈ ਹੋਈ ਹੈ ਪਰ ਕੰਮ ਅੰਬੇਡਕਰ ਸਾਹਿਬ ਦੇ ਸਿਧਾਂਤਾਂ ਦੇ ਉਲਟ ਕੀਤੇ ਜਾ ਰਹੇ ਹਨ। ਉਹਨਾਂ ਸਰਕਾਰਾ ਨੂੰ ਸਖਤ ਸ਼ਬਦਾਂ ਵਿੱਚ ਕਿਹਾ ਕਿ ਗੁਰਪਤਵੰਤ ਸਿੰਘ ਪੰਨੂ ਨੂੰ ਭਾਰਤ ਲਿਆ ਕੇ ਉਸ ਉਪਰ ਸਖਤ ਤੋਂ ਸਖਤ ਕਾਨੂੰਨੀ ਕੀਤੀ ਜਾਵੇ।

# ਡਾ ਬੀ,ਆਰ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ਪਿੰਡ ( ਘਰਾਚੋਂ)ਵਿਖੇ ਪੰਜਵਾਂ ਵਿਸ਼ਾਲ ਚੇਤਨਾ ਸਮਾਗਮ ਕਰਵਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

5 ਅਪ੍ਰੈਲ 2025ਜੁਗਰਾਜ ਕੁਲਾਰਾਂ / ਬੇਅੰਤ ਸਿੰਘ ਰੋਹਟੀ ਖਾਸ)

ਵਿਖੇ 2 ਅਪ੍ਰੈਲ ਦਿਨ ਬੁੱਧਵਾਰ ਨੂੰ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ ਬੀ, ਆਰ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ।ਡਾ ਬੀ, ਆਰ ਅੰਬੇਡਕਰ ਅਜ਼ਾਦ ਕਲੱਬ ਘਰਾਚੋਂ ਵੱਲੋਂ ਪੰਜਵਾਂ ਵਿਸ਼ਾਲ ਚੇਤਨਾ ਸਮਾਗਮ ਵੱਡੇ ਪੱਧਰ ਤੇ ਕਰਵਾਇਆ ਗਿਆ ।ਅਤੇ ਵੱਖ ਵੱਖ ਕਲਾਕਾਰਾ ਨੇ ਬਾਬਾ ਸਹਿਬ ਦੀ ਜੀਵਨੀ ਵਾਰੇ ਗਾਇਆ ਗਾਇਕ ਦਿਲਬਾਗ ਵਾਲੀਆ,ਲੱਖੀ ਘੁਮਾਣ ,ਵੀਕੀ ਹੀਰੋ ਵਾਲਾ ,ਮਨਪ੍ਰੀਤ ਮਨੀ ਮਾਲਵਾ,ਦੀਪ ਗਰੇਹ,ਬੰਟੀ ਖਨੋਰੀ, ਗੁਲਾਮ ਯੁਗਰਾਜ , ਤੇ ਨੰਨੇ ਮੁੰਨੇ ਬੱਚਿਆਂ ਵੱਲੋ ਆਪਣੀ ਪੇਸ਼ਕਾਰੀ ਨਾਲ ਦਰਸ਼ਕਾ ਦਾ ਮਨ ਮੋਹ ਲਿਆ

ਅਤੇ ਫਿਲਮੀ ਦੁਨੀਆਂ ਦੇ ਨਾਮਵਰ ਅਦਾਕਾਰ ਬੰਤ ਕਮੈਡੀਅਨ ਬੱਬਲ ਕੇਰ,ਲਵਲੀ ਪਟਿਆਲਾ ਆਪਣੀ ਪੂਰੀ ਟੀਮ ਨਾਲ ਪਹੁੰਚੇ ਤੇ ਸਮਾਗਮ ਵਿੱਚ ਪੰਜਾਬ ਦੀਆਂ ਨਾਮੀ ਹਸਤੀਆਂ ਨੇ ਪਹੁੰਚ ਕੇ ਹਾਜਰੀ ਲਗਵਾਈ।

ਗੱਲਬਾਤ ਦੌਰਾਨ ਕਲੱਬ ਦੇ ਪ੍ਰਧਾਨ ਬਾਈ ਗੁਰਪਿਆਰ ਸਿੰਘ ਜੀ ਘਰਾਚੋਂ ਨੇ ਕਿਹਾ ਕਿ ਸਾਨੂੰ ਸਾਡੇ ਰੈਬਰਾ ਦੇ ਦੱਸੇ ਹੋਏ ਮਾਰਗ ਤੇ ਚੱਲਣ ਦੀ ਲੋੜ ਹੈ ਤੇ ਆਪਸੀ ਭਾਈਚਾਰੇ ਦੀਆਂ ਸਾਂਝਾਂ ਨੂੰ ਮਜ਼ਬੂਤ ਬਣਾਉਣਾ ਹੈ। ਅਤੇ ਇਨਸਾਨੀਅਤ ਦੀ ਸੇਵਾ ਲਈ ਅੱਗੇ ਆ ਲੋਕ ਭਲਾਈ ਦੇ ਕੰਮਾਂ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਅਤੇ ਇਸ ਮੋਕੇ ਵਿਸ਼ੇਸ਼ ਤੌਰ ਪਹੁੰਚੇ ਸਰਪੰਚ ਸਰਦਾਰ ਦਲਜੀਤ ਸਿੰਘ ਜੀ ਘਰਾਚੋਂ, ਤੇ ਸਮੂਹ ਨਗਰ ਪੰਚਾਇਤ ਅਤੇ ਮੁੱਖ ਮਹਿਮਾਨ ਵਿਜੈਇੰਦਰ ਸਿੰਗਲਾ ਸਾਬਕਾ ਕੈਬਨਿਟ ਮੰਤਰੀ, ਅਰਵਿੰਦ ਖੰਨਾ ਵਾਇਸ ਪ੍ਰਧਾਨ B,J,P, ਜਰਨੈਲ ਸਿੰਘ ਘੁਮਾਣ, ਰਘਵੀਰ ਸਿੰਘ ਘੁਮਾਣ, ਪਰਵਿੰਦਰ ਸਿੰਘ ਘੁਮਾਣ ਯੂਥ ਪ੍ਰਧਾਨ B,J,P, ਅਵਿਨਾਸ ਰਾਣਾ,ਪ੍ਰੀਤੀ ਮਹੰਤ ਭਵਾਨੀਗੜ੍ਹ, ਦਰਸ਼ਨ ਕੁਮਾਰ ਜੀ ਦਾ ਧੰਨਵਾਦ ਕੀਤਾ ਅਤੇ ਸਮੂਹ ਭਾਰਤ ਵਾਸੀਆਂ ਤੇ ਨਗਰ ਨਿਵਾਸੀਆਂ ਨੂੰ ਬਾਬਾ ਸਾਹਿਬ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ

ਇਸ ਮੌਕੇ ਕਲੱਬ ਦੇ ਪ੍ਰਧਾਨ ਗੁਰਪਿਆਰ ਸਿੰਘ, ਕੁਲਦੀਪ ਸਿੰਘ ਖਜਾਨਚੀ,ਮੀਤ ਪ੍ਰਧਾਨ ਲਖਵੀਰ ਸਿੰਘ,ਜਰਨਲ ਸਕੱਤਰ ਗੁਰਦੀਪ ਸਿੰਘ, ਪ੍ਰੈਸ ਸਕੱਤਰ ਜਸਕਰਨ ਸਿੰਘ , ਸਲਾਹਕਾਰ ਹਰਜੋਤ ਸਿੰਘ, ਪ੍ਰਚਾਰ ਮਿਲਖਾ ਸਿੰਘ, ਦਿਲਬਾਗ ਸਿੰਘ, ਜੁਗਨੀ, ਗੁਰਪ੍ਰੀਤ, ਦਿਲਜਾਨ,ਮਨੀ,ਸਨੀ, ਯੁਧਵੀਰ,ਬੱਬਲ,ਲਾਡੀ, ਹਰਦੀਪ,ਅਕਾਸ਼, ਗੁਰਜੰਟ,ਡਾ ਕਸ਼ਮੀਰ, ਕੁਲਦੀਪ ਸਿੰਘ ਫੌਜੀ, ਗੁਰਮੁਖ,ਸੰਜੇ,ਸਿਵਜੰਟ, ਹੰਸਰਾਜ, ਨਰਿੰਦਰ,ਮਿੱਠੂ,ਯੁਬੀ ਤੋਂ ਇਲਾਵਾ ਜੁਗਰਾਜ ਕੁਲਾਰਾਂ, ਤੇ ਗੱਗੀ ਈਲਵਾਲ ਵੀ ਹਾਜ਼ਰ ਸਨ।







# ਆਓ ਆਪਾਂ ਡਰੱਗ ਮਾਫੀਆ ਦੇ ਖਿਲਾਫ ਲੜਾਈ ਲੜੀਏ ---ਪ੍ਰਵੀਨ ਬੰਗਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ( ਚਰਨਜੀਤ ਸੱਲ੍ਹਾ ) ਅਜ਼ਾਦ ਰੰਗ ਮੰਚ ਕਲਾ ਭਵਨ ਫਗਵਾੜਾ ਦੇ ਵਿਹੜੇ ਹੋ ਰਹੇ ਨਾਟਕ ਮੇਲੇ ਦੇ ਤੀਜੇ ਦਿਨ ਨਾਟਕ ਮਨਜੀਤ ਬੱਲ ਦੀ ਕਹਾਣੀ ਤੇ ਅਧਾਰਿਤ ਡ. ਦੇਵਿੰਦਰ ਕੁਮਾਰ ਦਾ ਲਿਖਿਆ ਨਾਟਕ "ਸੀਰੀ" ਟੀਮ ਦੇ ਇੰਚਾਰਜ ਬੀਬਾ ਕੁਲਵੰਤ ਤੇ ਡਾਇਰੈਕਟਰ ਰਣਜੀਤ ਜੀ ਦੀ ਸਰਪ੍ਰਸਤੀ ਹੇਠ ਖੇਡਿਆ ਗਿਆ। ਜਿਸ ਦਾ ਉਦਘਾਟਨ



ਸ੍ਰੀ ਚਰੰਜੀ ਲਾਲ ਜੀ ਕੌਂਸਲਰ ਪ੍ਰਧਾਨ ਬੀ ਐਸ ਪੀ ਫਗਵਾੜਾ ਨੇ ਕੀਤਾ। ਸ਼ਮਾਂ ਰੌਸ਼ਨ ਸ੍ਰੀ ਹਰਭਜਨ ਲਾਲ ਜੀ ਨੇ ਕੀਤੀ। ਇਸ ਮੌਕੇ ਤੇ ਬਸਪਾ ਪੰਜਾਬ ਦੇ ਸੂਬਾਈ ਆਗੂ ਪ੍ਰਵੀਨ ਬੰਗਾ ਤੇ ਮੁਲਾਜਮ ਆਗੂ ਸੁਰਿੰਦਰ ਪੁਆਰੀ ਜੀ ਨੇ ਆਪਣੇ ਵਿਚਾਰ ਦਰਸ਼ਕਾਂ ਨਾਲ ਸਾਂਝੇ ਕਰਦੇ ਹੋਏ ਸਰਮਾਏਦਾਰੀ ਸਿਆਸੀ ਸਰਪ੍ਰਸਤੀ ਦੇ ਨਸ਼ੇ ਵਿੱਚ ਕੰਮ/ ਪੈਸਾ ਦੇ ਲਾਲਚ ਵਿੱਚ ਨਸ਼ੇ ਨੂੰ ਆਦੀ ਸਿਰਫ਼ ਦੂਸਰੇ ਨੋਜਵਾਨਾਂ ਨੂੰ ਹੀ ਨਹੀਂ ਆਪਣੀ ਪੀੜੀ ਨੂੰ ਵੀ ਨਸ਼ੇ ਦਾ ਆਦੀ ਵੀ ਬਣਾ ਰਹੇ ਹਨ ਪੰਜਾਬ ਅਜ ਸੰਤਾਪ ਭੁਗਤ ਰਿਹਾ ਹੈ ਮਾਂਵਾਂ ਦੇ ਪੁੱਤ ਬੇਵਕਤੀ ਦੁਨੀਆਂ ਤੋ ਜਾ ਰਹੇ ਹਨ ਆਉ ਮਿਲਕੇ ਡਰਗ ਮਾਫੀਆ ਦੇ ਖਿਲਾਫ਼ ਲੜਾਈ ਲੜਿਏ ਤੇ ਬਚਿਆਂ ਨੂੰ ਸਿਖਿਆ ਨਾਲ ਲੈਸ ਕਰਕੇ ਸਿਰੀ ਵਿਵਸਥਾ ਦਾ ਅੰਤ ਕੀਤਾ ਜਾ ਸਕੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਸੰਵਿਧਾਨਕ ਵਿਵਸਥਾ ਕੀਤੀ ਹੈ ਬੀਬਾ ਕੁਲਵੰਤ ਜੀ ਤੇ ਰਣਜੀਤ ਜੀ ਦੀ ਸਮੂਚੀ ਟੀਮ ਵਲੋ ਮਹਾਂਪੁਰਸ਼ਾ ਦੇ ਅੰਦੋਲਨ ਤੇ ਸਮਾਜਿਕ ਕੁਰੀਤੀਆਂ ਤੋ ਜਾਗਰੂਕਤਾ ਪੈਦਾ ਕਰਨ ਦੇ ਉਪਰਾਲੇ ਦਾ ਧੰਨਵਾਦ ਕੀਤਾ

# ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਸਰਕਾਰੀ ਹਾਈ ਸਕੂਲ ਕਾਕੜਾ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਕਾਕੜਾ,5 ਅਪ੍ਰੈਲ (ਜਗਸੀਰ ਲੌਂਗੋਵਾਲ)- ਸਰਕਾਰੀ ਹਾਈ ਸਕੂਲ ਕਾਕੜਾ ਵਿਖੇ ਨਵੇਂ ਵਿੱਦਿਅਕ ਸ਼ੈਸ਼ਨ ਦੀ ਸ਼ੁਰੂਆਤ ਮੌਕੇ ਸਮੂਹ ਸਟਾਫ ਸ.ਹ.ਸ. ਕਾਕੜਾ, ਵਿਦਿਆਰਥੀਆਂ, ਗ੍ਰਾਮ ਪੰਚਾਇਤ ਕਾਕੜਾ, ਸਕੂਲ ਪ੍ਰੰਬਧਕ ਕਮੇਟੀ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਇਸ ਪਾਵਨ ਸਮਾਗਮ ਵਿੱਚ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿੱਚ ਹਾਜ਼ਰੀ ਭਰਦੇ ਹੋਏ ਇਲਾਹੀ ਗੁਰਬਾਣੀ ਨੂੰ ਸਰਵਣ ਕੀਤਾ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਅਰਦਾਸ ਕੀਤੀ ਅਤੇ ਗੁਰਪ੍ਰਸ਼ਾਦ ਵਰਤਿਆ। ਇਸ ਸਮੇਂ ਸ੍ਰੀਮਤੀ ਪੰਕਜ਼ ਮੁੱਖ ਅਧਿਆਪਕਾ ਸ.ਹ.ਸ ਕਾਕੜਾ ਨੇ ਵਿਦਿਆਰਥੀਆਂ ਅਤੇ ਹਾਜ਼ਰ ਸੰਗਤ ਨੂੰ







ਸੰਬੋਧਨ ਕਰਦੇ ਕਿਹਾ ਕਿ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਅਪਣਾਉਦੇਂ ਹੋਏ ਨੇਕ ਇਨਸਾਨ ਬਣਨਾ ਚਾਹੀਦਾ ਹੈ ਅਤੇ ਸਰਬੱਤ ਦੇ ਭਲੇ ਲਈ ਕਾਰਜ ਕਰਨੇ ਚਾਹੀਦੇ ਹਨ। ਇਸ ਸਮਾਗਮ ਦੀ ਸਮੁੱਚੀ ਸੰਗਤ ਨੇ ਪ੍ਰਸ਼ੰਸ਼ਾ ਕੀਤੀ ਅਤੇ ਨਵੇਂ ਸ਼ੈਸ਼ਨ ਦੀ ਸ਼ੁਰੂਆਤ ਲਈ ਇਸਨੂੰ ਸ਼ੁਭ ਸ਼ਗੁਨ ਮੰਨਿਆ। ਇਸ ਮੌਕੇ ਜਤਿੰਦਰ ਸਿੰਘ ਵਿੱਕੀ ਬਾਜਵਾ ਪ੍ਰਧਾਨ ਟਰੱਕ ਯੂਨੀਅਨ ਭਵਾਨੀਗੜ੍ਹ, ਤਰਵਿੰਦਰ ਕੌਰ ਜਿਲ੍ਹਾ ਸਿੱਖਿਆ ਅਫਸਰ ਸੰਗਰੂਰ, ਮਨਜੀਤ ਕੌਰ ਉਪ ਜਿਲ੍ਹਾ ਸਿੱਖਿਆ ਅਫਸਰ ਸੰਗਰੂਰ, ਗੋਪਾਲ ਸ਼ਰਮਾ ਬੀ.ਪੀ.ਈ.ਓ. ਸੰਗਰੂਰ-2, ਜਸਵੀਰ ਕੌਰ ਬੀ.ਐਨ.ਓ., ਮਨਦੀਪ ਕੌਰ ਪਤਨੀ ਮੇਜਰ ਸਿੰਘ ਚੱਠਾ ਸਰਪੰਚ, ਨਾਜ਼ਰ ਸਿੰਘ ਗਿੱਲ ਅਸਟ੍ਰੇਲੀਆ ਐਨਆਰਆਈ ਪਰਿਵਾਰਕ ਮੈਂਬਰ ਕਰਮਜੀਤ ਕੌਰ, ਉਸ਼ਾ ਰਾਣੀ ਚੇਅਰਮੈਨ ਸਕੂਲ ਪ੍ਰਬੰਧਕ ਕਮੇਟੀ, ਬਲਾਕ ਭਵਾਨੀਗੜ੍ਹ ਦੇ ਸਕੂਲ ਮੁੱਖੀ ਸਾਹਿਬਾਨ, ਪਰਮਜੀਤ ਕੌਰ ਪਤਨੀ ਕੈਪਟਨ ਜਿਉਣ ਸਿੰਘ ਸਰਪੰਚ ਪਿੰਡ ਸੰਗਤਪੁਰਾ, ਭੁਪਿੰਦਰ ਸਿੰਘ ਬਲਾਕ ਪ੍ਰਧਾਨ, ਗੁਰਨਾਮ ਸਿੰਘ ਪ੍ਰਧਾਨ ਗੁਰੂਦੁਆਰਾ ਕਮੇਟੀ, ਹਰਜੀਤ ਸਿੰਘ ਤੂਰ ਕਾਕੜਾ, ਲਵਲੀ ਕਾਕੜਾ, ਚੰਦ ਸਿੰਘ ਸਾਬਕਾ ਚੇਅਰਮੈਨ ਐਸ.ਐਮ.ਸੀ, ਪ੍ਰਿਤਪਾਲ ਸਿੰਘ ਸਾਬਕਾ ਚੇਅਰਮੈਨ ਬਲਾਕ ਸੰਮਤੀ, ਜਸਵੀਰ ਕੌਰ ਸਾਬਕਾ ਸਰਪੰਚ, ਹਰਵਿੰਦਰ ਸਿੰਘ ਮੰਤਰੀ ਉੱਘੇ ਆਗੂ, ਰਵਜਿੰਦਰ ਸਿੰਘ ਸਾਬਕਾ ਸਰਪੰਚ, ਸੁਖਵਿੰਦਰ ਸਿੰਘ ਸੋਨੀ ਸਾਬਕਾ ਸਰਪੰਚ, ਭਗਵੰਤ ਸਿੰਘ ਸਾਬਕਾ ਸਰਪੰਚ, ਗੁਰਵਿੰਦਰ ਸਿੰਘ, ਵਿਨੋਦ ਕੁਮਾਰ ਕਾਕੜਾ, ਮਨਜੀਤ ਕੌਰ, ਵਿਭਾਗੀ ਅਧਿਕਾਰੀ, ਸਮੂਹ ਮੈਂਬਰ ਗ੍ਰਾਮ ਪੰਚਾਇਤ ਕਾਕੜਾ, ਸਮੂਹ ਐਸਐਮਸੀ ਮੈਂਬਰ ਕਾਕੜਾ, ਪਿੰਡ ਦੇ ਪਤਵੰਤੇ ਸੱਜਣ ਅਤੇ ਮਾਪਿਆ ਨੇ ਹਾਜ਼ਰੀ ਲਗਵਾਈ।

# ਡਰੇਨਾਂ ਦੀ ਸਫਾਈ ਨੂੰ ਲੈ ਕੇ ਮੰਤਰੀ ਵਰਿੰਦਂਰ ਗੋਇਲ ਨਾਲ ਕੀਤੀ ਮੁਲਾਕਾਤ ਵਿਧਾਇਕ ਡਾਕਟਰ ਨਛੱਤਰ ਪਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ( ਚਰਨਜੀਤ ਸੱਲ੍ਹਾ )ਪਿਛਲੇ ਦਿਨੀ ਡਾਕਟਰ ਨਛੱਤਰ ਪਾਲ ਨੇ ਆਪਣੇ ਅਧੀਕਾਰ ਖੇਤਰ ਵਿੱਚ ਆਉਂਦੀਆਂ ਡਰੇਨਾਂ ਦੀ ਸਫਾਈ ਦੇ ਮਦੇਨਜਰ ਸੰਬੰਧਤ ਮੰਤਰੀ ਵਰਿੰਦਰ ਗੋਇਲ ਨਾਲ ਮੁਲਾਕਾਤ ਕੀਤੀ ਜਿਸ ਵਿਚ ਡਾਕਟਰ ਨਛੱਤਰ ਪਾਲ ਵੱਲੋਂ ਮੰਤਰੀ ਸਾਹਿਬਾਨ ਨੂੰ ਨਵਾਂ ਸ਼ਹਿਰ ਹਲਕੇ ਵਿੱਚ ਪੈਂਦੇ ਪਿੰਡਾਂ ਬਾਰੇ ਗੱਲਬਾਤ ਕਰਦਿਆਂ ਆਖਿਆ ਕਿ ਨਵਾਂ ਸ਼ਹਿਰ ਦੇ ਪਿੰਡਾਂ ਵਿੱਚੋਂ ਲੰਘਰਹੀਆਂ ਬਰਸਾਤੀ ਡਰੇਨਾਂ ਦੀ ਪਿਛਲੇ ਲੰਮੇ ਸਮੇਂ ਤੋਂ ਸਫਾਈ ਦਾ ਕੰਮ ਨਾ ਹੋਣ ਕਰਕੇ ਇਹਨਾਂ ਪਿੰਡਾਂ ਵਿੱਚ ਬਰਸਾਤਾਂ ਦੇ ਦੋਰਾਨ



ਜਦੋ ਭਾਰੀ ਬਰਸਾਤ ਹੁੰਦੀ ਹੈ ਤਾਂ ਬਰਸਾਤੀ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਇਹਨਾਂ ਪਿੰਡਾਂ ਵਿੱਚ ਹੜ ਵਰਗਾ ਮਹੋਲ ਬਣ ਜਾਂਦਾ ਹੈ ਜਿਨਾਂ ਵਿਚੋਂ ਇਹ ਪਿੰਡ ਜਾਡਲਾ, ਦੌਲਤਪੁਰ, ਰਾਮਰਾਏਪੁਰ, ਸਜਾਵਲਪੁਰ, ਨਾਈ ਮਜ਼ਾਰਾ, ਗੋਹਲੜੋ, ਗੋਰਖਪੁਰ, ਲੰਗੜੋਆ, ਜੇਠੂ ਮਜਾਰਾ, ਚੂਹੜਪੁਰ, ਮਹਿੰਦੀਪੁਰ, ਕੁਲਾਮ, ਦੁਰਗਾਪੁਰ, ਗੁਜਰਪੁਰ ,ਮਹਾਲੋਂ, ਭੀਣ, ਪੱਲੀ ਉੱਚੀ, ਪੱਲੀ ਝਿੱਕੀ, ਨੌਰਾ, ਭੋਰਾ, ਚੱਕਲੀਸੁਜਾਤ, ਨੰਗਲ ਛਾਂਗਾ ,ਬਹਿਲੂਰ ਕਲਾਂ, ਦਿਲਾਵਰਪੁਰ, ਨੀਲੋਵਾਲ, ਸੁਲਤਾਨਪੁਰ, ਸਲੇਮਪੁਰ, ਰਾਹੋਂ, ਕਾਹਲੋਂ, ਭਾਰਟਾ ਕਲਾਂ, ਗੜ੍ਹੀ ਭਾਰਟੀ, ਵਜੀਦਪੁਰ, ਜੁਲਾਹ ਮਾਜਰਾ ਫਾਂਬੜਾ, ਬੁਰਜ ਅਤੇ ਹੋਰ ਵੀ ਪਿੰਡਾਂ ਦੀਆਂ ਡਰੇਨਾਂ ਦੀ ਸਫਾਈ ਨਾ ਹੋਣ ਕਰਕੇ ਬਰਸਾਤ ਦੇ ਦਿਨਾਂ ਵਿੱਚ ਇਹਨਾਂ ਪਿੰਡਾਂ ਵਿੱਚ ਹੜ ਵਰਗਾ ਮਹੋਲ ਬਣ ਜਾਂਦਾ ਹੈ ਜਿਸ ਕਰਕੇ ਜਿਥੇ ਆਵਾਜਾਈ ਠੱਪ ਹੁੰਦੀ ਹੈ ਇਸਦੇ ਨਾਲ ਹੀ ਮਾਲੀ ਨੁਕਸਾਨ ਵੀ ਬਹੁਤ ਜਿਆਦਾ ਹੁੰਦਾ ਹੈ ਉਹਨਾ ਇਹ ਵੀ ਕਿਹਾ ਕਿ ਜੇਕਰ ਸਮਾਂ ਰਹਿੰਦਿਆਂ ਇਹਨਾਂ ਡਰੇਨਾਂ ਦੀ ਸਫਾਈ ਹੋ ਜਾਵੇ ਤਾਂ ਬਰਸਾਤ ਦੇ ਪਾਣੀ ਦਾ ਨਿਕਾਸ ਚੰਗੀ ਤਰ੍ਹਾਂ ਹੋਵੇਗਾ ਅਤੇ ਬਰਸਾਤਾਂ ਦੇ ਦਿਨਾਂ ਵਿੱਚ ਇਹਨਾਂ ਪਿੰਡਾਂ ਵਿੱਚ ਬਰਸਾਤ ਦਾ ਪਾਣੀ ਜਮ੍ਹਾਂ ਨਹੀਂ ਹੋਵੇਗਾ ਇਸ ਤਰ੍ਹਾਂ ਬਰਸਾਤ ਦੇ ਪਾਣੀ ਨਾਲ ਹੋਣ ਵਾਲੇ ਨੁਕਸਾਨ ਨੂੰ ਬਚਾਇਆ ਜਾ ਸਕਦਾ ਹੈ ਇਹਨਾ ਸਾਰੀਆਂ ਗਲਾਂ ਤੇ ਗੋਰ ਕਰਦਿਆਂ ਹੋਇਆਂ ਮੰਤਰੀ ਵਰਿੰਦਰ ਗੋਇਲ ਜੀ ਨੇ ਭਰੋਸਾ ਦਿਤਾ ਹੈ ਕਿ ਮੈਂ ਜਲਦੀ ਤੋਂ ਜਲਦੀ ਇਹਨਾਂ ਡਰੇਨਾਂ ਦੀ ਸਫਾਈ ਦਾ ਕੰਮ ਸ਼ੁਰੂ ਕਰਵਾ ਦੇਵਾਂਗਾ ਤਾਂ ਜੋ ਕੋਈ ਮਾਲੀ ਅਤੇ ਜਾਨੀ ਨੁਕਸਾਨ ਨਾ ਹੋਸਕੇ!

# ਹੁਸ਼ਿਆਰਪੁਰ 'ਚ ਪਾਬੰਦੀਸ਼ੁਦਾ ਕੀਟਨਾਸ਼ਕ ਜ਼ਬਤ, ਐਫ. ਆਈ.ਆਰ. ਦਰਜ - ਗੁਰਮੀਤ ਸਿੰਘ ਖੁੱਡੀਆਂ

## ਖੇਤੀਬਾੜੀ ਮੰਤਰੀ ਵੱਲੋਂ ਖੇਤੀਬਾੜੀ ਨਾਲ ਸਬੰਧਤ ਗ਼ੈਰਮਿਆਰੀ ਵਸਤਾਂ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੇ ਆਦੇਸ਼

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੈਰ-ਮਿਆਰੀ ਅਤੇ ਗੈਰ-ਕਾਨੂੰਨੀ ਖੇਤੀਬਾੜੀ ਸਬੰਧੀ ਵਸਤਾਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਦੋ ਫਰਮਾਂ 'ਤੇ ਛਾਪੇ ਮਾਰੇ ਅਤੇ ਪਾਬੰਦੀਸ਼ੁਦਾ ਕੀਟਨਾਸ਼ਕਾਂ ਤੇ ਮਿਆਦ ਪੁੱਗ ਚੁੱਕੇ ਸਟਾਕ ਜ਼ਬਤ ਕੀਤੇ ਹਨ। ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਜੁਆਇੰਟ ਡਾਇਰੈਕਟਰ (ਵਿਸਥਾਰ ਤੇ ਸਿਖਲਾਈ) ਦਿਲਬਾਗ ਸਿੰਘ ਦੀ ਨਿਗਰਾਨੀ ਹੇਠ ਇੱਕ ਵਿਸ਼ੇਸ਼ ਟੀਮ ਨੇ ਮੈਸਰਜ਼ ਜਨਕ ਰਾਜ ਨਰਿੰਦਰ ਕੁਮਾਰ, ਨਵੀਂ ਅਨਾਜ ਮੰਡੀ, ਹੁਸ਼ਿਆਰਪੁਰ ਵਿਖੇ ਅਚਨਚੇਤ ਛਾਪਾ ਮਾਰਿਆ ਅਤੇ ਜਾਂਚ ਦੌਰਾਨ ਟੀਮ ਨੂੰ ਆਈਪ੍ਰੋਕੈਮ ਐਗਰੀ ਕੇਅਰ, ਪੰਚਕੂਲਾ, ਹਰਿਆਣਾ ਵੱਲੋਂ ਬਣਾਏ ਅਤੇ ਮਾਰਕੀਟ ਕੀਤੇ ਗਏ ਪਾਬੰਦੀਸ਼ੁਦਾ ਅਮੋਨੀਅਮ ਸਾਲਟ- ਗਲਾਈਫੋਸੇਟ 71% ਐਸ.ਜੀ. ਦੇ 99 ਪੈਕੇਟ (ਹਰੇਕ 100 ਗ੍ਰਾਮ) ਬਰਾਮਦ ਕੀਤੇ ਗਏ ਹਨ। ਖੇਤੀਬਾੜੀ ਮੰਤਰੀ ਨੇ ਅੱਗੇ ਦੱਸਿਆ ਕਿ ਛਾਪੇਮਾਰੀ ਦੌਰਾਨ ਵੱਡੀ ਮਾਤਰਾ ਵਿੱਚ ਮਿਆਦ ਪੁੱਗ ਚੁੱਕੇ ਅਤੇ ਗੈਰ-ਮਿਆਰੀ ਕੀਟਨਾਸ਼ਕ ਵੀ ਬਰਾਮਦ ਕੀਤੇ ਗਏ ਜਿਨ੍ਹਾਂ ਵਿੱਚ 20 ਪੈਕੇਟ ਪੈਂਡੀਮੇਥਾਲਿਨ (1 ਲੀਟਰ), 10 ਪੈਕੇਟ ਪ੍ਰੋਫੇਨੋਫੋਸ + ਸਾਈਪਰਮੇਥਰਿਨ (1 ਲੀਟਰ), 40 ਪੈਕੇਟ ਥਿਆਮੇਥੋਕਸਮ (250 ਗ੍ਰਾਮ), ਪੰਜ ਪੈਕੇਟ ਕਾਰਬੈਂਡਾਜ਼ਿਮ (250 ਗ੍ਰਾਮ), 75 ਪੈਕੇਟ ਕਲੋਡੀਨਾਫੌਪ ਪ੍ਰੋਪਾਰਗਿਲ (160 ਗ੍ਰਾਮ), 23 ਪੈਕੇਟ ਐਟਰਾਜ਼ੀਨ (500 ਗ੍ਰਾਮ), ਪੰਜ ਪੈਕੇਟ ਮੈਟਾਲੈਕਸਿਲ + ਮੈਨਕੋਜ਼ੇਬ (250 ਗ੍ਰਾਮ) ਅਤੇ 10 ਪੈਕੇਟ ਮੈਨਕੋਜ਼ੇਬ (1 ਲੀਟਰ) ਸ਼ਾਮਲ ਹਨ। ਸ. ਖੁੱਡੀਆਂ ਨੇ ਦੱਸਿਆ ਕਿ ਇਸ ਜਾਂਚ ਦੌਰਾਨ ਨਮੂਨੇ ਲਏ ਗਏ ਅਤੇ ਕੀਟਨਾਸ਼ਕ ਐਕਟ, 1968 ਅਤੇ ਨਿਯਮ, 1971 ਦੀਆਂ ਸਬੰਧਿਤ ਧਾਰਾਵਾਂ ਤਹਿਤ ਥਾਣਾ ਮਾਡਲ ਟਾਊਨ, ਹੁਸ਼ਿਆਰਪੁਰ ਵਿਖੇ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇੱਕ ਹੋਰ ਕਾਰਵਾਈ ਵਿੱਚ ਟੀਮ ਵੱਲੋਂ ਇਸੇ ਬਾਜ਼ਾਰ ਵਿੱਚ ਮੈਸਰਜ਼ ਵਿਜ ਟਰੇਡਰਜ਼ ਦਾ ਵੀ ਨਿਰੀਖਣ ਕੀਤਾ ਗਿਆ, ਜਿੱਥੇ ਉਨ੍ਹਾਂ ਨੇ ਕੀਟਨਾਸ਼ਕਾਂ, ਖਾਦਾਂ ਅਤੇ ਬੀਜਾਂ ਦੇ ਦੋ-ਦੋ ਨਮੂਨੇ ਲਏ। ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਕੀਟਨਾਸ਼ਕਾਂ ਅਤੇ ਬੀਜਾਂ ਦੀ ਵਿਕਰੀ ਤੁਰੰਤ ਬੰਦ ਕਰ ਦਿੱਤੀ ਗਈ ਹੈ ਕਿਉਂਕਿ ਇਹ ਫਰਮ ਸਬੰਧਤ ਐਕਟਾਂ ਤਹਿਤ ਸਹੀ ਲਾਇਸੈਂਸ ਐਂਡੋਰਸਮੈਂਟ ਤੋਂ ਬਿਨਾਂ ਕੰਮ ਕਰ ਰਹੀ ਸੀ। ਖੇਤੀਬਾੜੀ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਅਧਿਕਾਰਤ ਡੀਲਰਾਂ ਤੋਂ ਹੀ ਖੇਤੀਬਾੜੀ ਸਬੰਧੀ ਉਤਪਾਦ ਖਰੀਦਣ ਅਤੇ ਖਰੀਦੇ ਗਏ ਉਤਪਾਦਾਂ ਦਾ ਬਿੱਲ ਜ਼ਰੂਰ ਲੈਣ। ਪ੍ਰਬੰਧਕੀ ਸਕੱਤਰ (ਖੇਤੀਬਾੜੀ) ਡਾ. ਬਸੰਤ ਗਰਗ ਨੇ ਕਿਹਾ ਕਿ ਸੂਬੇ ਦੇ ਸਾਰੇ ਮੁੱਖ ਖੇਤੀਬਾੜੀ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਖੇਤੀਬਾੜੀ ਲਾਗਤਾਂ ਨਾਲ ਸਬੰਧਤ ਡੀਲਰਾਂ/ਨਿਰਮਾਤਾਵਾਂ/ਮਾਰਕੀਟਿੰਗ ਕੰਪਨੀਆਂ 'ਤੇ ਨਿਯਮਤ ਨਜ਼ਰ ਰੱਖਣ ਤਾਂ ਜੋ ਕਿਸਾਨਾਂ ਲਈ ਗੁਣਵੱਤਾ ਵਾਲੇ ਉਤਪਾਦ ਯਕੀਨੀ ਬਣਾਏ ਜਾ ਸਕਣ।

# 2024-2025 ਵਿੱਚ, ਹਰਿਆਣਾ 'ਚ ਪੰਜਾਬ ਨਾਲੋਂ 5 ਗੁਣਾ ਜ਼ਿਆਦਾ GST ਹੋਇਆ ਇਕੱਠਾ

## 2024-25 ਵਿਚ ਹਰਿਆਣਾ ਦਾ ਕੁੱਲ GST ਆਮਦਨ 1,19,362 ਕਰੋੜ ਰੁਪਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com




ਆਬਕਾਰੀ ਅਤੇ ਕਰ ਕਮਿਸ਼ਨਰ ਵਿਨੈ ਪ੍ਰਤਾਪ ਸਿੰਘ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਹਰਿਆਣਾ ਨੇ ਐਸਜੀਐਸਟੀ (ਰਾਜ ਵਸਤੂਆਂ ਅਤੇ ਸੇਵਾਵਾਂ ਟੈਕਸ) ਸੰਗ੍ਰਹਿ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਪ੍ਰਾਪਤ ਕੀਤਾ ਹੈ, ਰਾਸ਼ਟਰੀ ਵਿਕਾਸ ਦਰ ਨੂੰ ਪਛਾੜ ਦਿੱਤਾ ਹੈ ਅਤੇ ਵਿੱਤੀ ਸਾਲ 2024-25 ਵਿੱਚ ਪ੍ਰਭਾਵਸ਼ਾਲੀ ਰਿਕਾਰਡ ਕਾਇਮ ਕੀਤੇ ਹਨ।

ਇੱਕ ਬਿਆਨ ਵਿੱਚ, ਸਿੰਘ ਨੇ ਕਿਹਾ ਕਿ ਵਿੱਤੀ ਸਾਲ 2024-25 ਵਿੱਚ ਐਸਜੀਐਸਟੀ ਲਈ 37,498 ਕਰੋੜ ਰੁਪਏ ਦੇ ਬਜਟ ਟੀਚੇ ਦੇ ਵਿਰੁੱਧ, ਆਬਕਾਰੀ ਅਤੇ ਕਰ ਵਿਭਾਗ ਨੇ 39,153 ਕਰੋੜ ਰੁਪਏ ਇਕੱਠੇ ਕੀਤੇ ਹਨ, ਜੋ ਕਿ ਟੀਚੇ ਤੋਂ 1,655 ਕਰੋੜ ਰੁਪਏ ਵੱਧ ਹਨ। ਇਹ ਪ੍ਰਾਪਤੀ ਇੱਕ ਮਹੱਤਵਪੂਰਨ ਪ੍ਰਾਪਤੀ ਹੈ, ਕਿਉਂਕਿ ਰਾਜ ਨੇ ਵਿੱਤੀ ਸਾਲ ਲਈ ਆਪਣੇ ਐਸਜੀਐਸਟੀ ਮਾਲੀਆ ਟੀਚੇ ਨੂੰ ਪਾਰ ਕਰ ਲਿਆ ਹੈ।

ਸਿੰਘ ਨੇ ਅੱਗੇ ਕਿਹਾ ਕਿ ਹਰਿਆਣਾ ਨੇ ਜੀਐਸਟੀ ਸੰਗ੍ਰਹਿ ਵਿੱਚ ਅਸਾਧਾਰਨ ਪ੍ਰਦਰਸ਼ਨ ਕੀਤਾ ਹੈ, ਰਾਸ਼ਟਰੀ ਵਿਕਾਸ ਔਸਤ ਨੂੰ ਪਾਰ ਕੀਤਾ ਹੈ ਅਤੇ ਵਿੱਤੀ ਸਾਲ 2024-25 ਲਈ ਮਹੱਤਵਪੂਰਨ ਰਿਕਾਰਡ ਕਾਇਮ ਕੀਤੇ ਹਨ। ਰਾਜ ਦੀਆਂ ਪ੍ਰਾਪਤੀਆਂ ਇਸ ਦੇ ਮਜ਼ਬੂਤ ਆਰਥਿਕ ਵਿਕਾਸ ਅਤੇ ਕੁਸ਼ਲ ਟੈਕਸ ਪ੍ਰਸ਼ਾਸਨ ਦਾ ਪ੍ਰਮਾਣ ਹਨ।

ਉਨ੍ਹਾਂ ਨੇ ਉਜਾਗਰ ਕੀਤਾ ਕਿ ਮਾਰਚ 2025 ਲਈ ਹਰਿਆਣਾ ਦਾ ਕੁੱਲ GST ਸੰਗ੍ਰਹਿ 10,648 ਕਰੋੜ ਰੁਪਏ ਹੈ, ਜੋ ਕਿ ਮਾਰਚ 2024 ਦੇ ਮੁਕਾਬਲੇ 12 ਪ੍ਰਤੀਸ਼ਤ ਵਾਧੇ ਨੂੰ ਦਰਸਾਉਂਦਾ ਹੈ। ਮਾਰਚ 2025 ਲਈ ਰਾਸ਼ਟਰੀ ਔਸਤ ਵਿਕਾਸ ਦਰ 8.79 ਪ੍ਰਤੀਸ਼ਤ ਹੈ, ਜੋ ਕਿ ਪ੍ਰਮੁੱਖ ਰਾਜਾਂ ਵਿੱਚੋਂ ਵਿਕਾਸ ਪ੍ਰਤੀਸ਼ਤਤਾ ਵਿੱਚ ਹਰਿਆਣਾ ਨੂੰ 6ਵੇਂ ਸਥਾਨ 'ਤੇ ਰੱਖਦੀ ਹੈ। ਇਸ ਤੋਂ ਇਲਾਵਾ, ਪੂਰੇ ਵਿੱਤੀ ਸਾਲ 2024-25 ਲਈ, ਹਰਿਆਣਾ ਦਾ ਕੁੱਲ GST ਸੰਗ੍ਰਹਿ 1,19,362 ਕਰੋੜ ਰੁਪਏ ਹੈ, ਜੋ ਕਿ ਵਿੱਤੀ ਸਾਲ 2023-24 ਦੇ ਮੁਕਾਬਲੇ 16% ਦਾ ਸ਼ਾਨਦਾਰ ਵਾਧਾ ਦਰਸਾਉਂਦਾ ਹੈ। ਇਹ ਸਾਰੇ ਰਾਜਾਂ ਵਿੱਚ ਸਭ ਤੋਂ ਵੱਧ ਵਿਕਾਸ ਦਰ ਹੈ, ਜੋ ਕਿ 10 ਪ੍ਰਤੀਸ਼ਤ ਦੀ ਰਾਸ਼ਟਰੀ ਔਸਤ ਤੋਂ ਵੱਧ ਹੈ।

ਇਸ ਤੋਂ ਇਲਾਵਾ, ਵਿੱਤੀ ਸਾਲ 2024-25 ਲਈ ਹਰਿਆਣਾ ਦਾ SGST ਸੰਗ੍ਰਹਿ (IGST ਨਿਪਟਾਰੇ ਤੋਂ ਪਹਿਲਾਂ) 23,285 ਕਰੋੜ ਰੁਪਏ ਹੈ, ਜੋ ਕਿ ਵਿੱਤੀ ਸਾਲ 2023-24 ਦੇ ਮੁਕਾਬਲੇ 15 ਪ੍ਰਤੀਸ਼ਤ ਵਾਧੇ ਨੂੰ ਦਰਸਾਉਂਦਾ ਹੈ। ਇਹ ਪ੍ਰਮੁੱਖ ਰਾਜਾਂ ਵਿੱਚ ਦੂਜੀ ਸਭ ਤੋਂ ਉੱਚੀ ਵਿਕਾਸ ਦਰ ਨੂੰ ਦਰਸਾਉਂਦਾ ਹੈ, ਜਦੋਂ ਕਿ ਰਾਸ਼ਟਰੀ ਔਸਤ ਵਿਕਾਸ ਦਰ 10 ਪ੍ਰਤੀਸ਼ਤ ਹੈ।

IGST ਨਿਪਟਾਰੇ ਤੋਂ ਬਾਅਦ, ਵਿੱਤੀ ਸਾਲ 2024-25 ਲਈ ਹਰਿਆਣਾ ਦਾ SGST ਸੰਗ੍ਰਹਿ ਕੁੱਲ 39,743 ਕਰੋੜ ਰੁਪਏ ਹੈ, ਜੋ ਕਿ ਪਿਛਲੇ ਵਿੱਤੀ ਸਾਲ ਨਾਲੋਂ 14 ਪ੍ਰਤੀਸ਼ਤ ਵੱਧ ਹੈ। ਇਸ ਸ਼੍ਰੇਣੀ ਵਿੱਚ ਰਾਸ਼ਟਰੀ ਵਿਕਾਸ ਔਸਤ 11 ਪ੍ਰਤੀਸ਼ਤ ਹੈ।

ਉਨ੍ਹਾਂ ਕਿਹਾ ਕਿ ਇਹ ਸ਼ਾਨਦਾਰ ਪ੍ਰਦਰਸ਼ਨ ਹਰਿਆਣਾ ਦੀ ਪ੍ਰਭਾਵਸ਼ਾਲੀ ਟੈਕਸ ਪ੍ਰਸ਼ਾਸਨ ਅਤੇ ਵਿੱਤੀ ਪ੍ਰਬੰਧਨ ਪ੍ਰਤੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜੋ ਰਾਸ਼ਟਰੀ ਅਰਥਵਿਵਸਥਾ ਵਿੱਚ ਇੱਕ ਮੁੱਖ ਯੋਗਦਾਨ ਪਾਉਣ ਵਾਲੇ ਵਜੋਂ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕਰਦਾ ਹੈ।

# ਗੁਰੂਗ੍ਰਾਮ ਦੀ ਭੋਂਡਸੀ ਜੇਲ 'ਚ 2800 ਤੋਂ ਵੱਧ ਕੈਦੀਆਂ ਤੇ ਗੈਂਗਸਟਰਾਂ ਲਈ ਇਕ ਡਾਕਟਰ : ਮਨੁੱਖੀ ਅਧਿਕਾਰ ਕਮਿਸ਼ਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਗੁਰੂਗ੍ਰਾਮ : ਗੁਰੂਗ੍ਰਾਮ ਦੀ ਭੋਂਡਸੀ ਜੇਲ 'ਚ ਜਾਂਚ ਦੌਰਾਨ ਗੈਂਗਸਟਰਾਂ ਕੋਲ ਮੋਬਾਈਲ ਫੋਨ ਦੀ ਵਰਤੋਂ, 5ਜੀ ਸਿਗਨਲ ਜੈਮਰਾਂ ਦੀ ਘਾਟ, ਮਹਿਲਾ ਮੈਡੀਕਲ ਸਟਾਫ਼ ਦੀ ਅਣਹੋਂਦ ਅਤੇ 2800 ਤੋਂ ਵੱਧ ਕੈਦੀਆਂ ਦੀ ਦੇਖਭਾਲ ਲਈ ਸਿਰਫ ਇਕ ਡਾਕਟਰ ਹੋਣ ਬਾਰੇ ਪਤਾ ਲੱਗਾ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐਨ.ਐਚ.ਆਰ.ਸੀ.) ਦੇ ਵਿਸ਼ੇਸ਼ ਨਿਗਰਾਨ ਬਾਲਕ੍ਰਿਸ਼ਨ ਗੋਇਲ ਨੇ ਮੰਗਲਵਾਰ ਨੂੰ ਇਹ ਜਾਂਚ ਕੀਤੀ। ਅਪਣੇ ਨਿਰੀਖਣ ਦੌਰਾਨ ਗੋਇਲ ਨੂੰ ਪਤਾ ਲੱਗਾ ਕਿ ਜੇਲ 'ਚ ਸਿਰਫ ਇਕ ਡਾਕਟਰ ਸੀ। ਐਨ.ਐਚ.ਆਰ.ਸੀ. ਦੇ ਇਕ ਅਧਿਕਾਰੀ ਨੇ ਕਿਹਾ ਕਿ ਮਹਿਲਾ ਕੈਦੀਆਂ ਲਈ ਜੇਲ ਵਿਚ ਕੋਈ ਵੀ ਮਹਿਲਾ ਡਾਕਟਰ ਨਹੀਂ ਹੈ, ਜਿਸ ਨਾਲ ਇਹ ਚਿੰਤਾ ਪੈਦਾ ਹੁੰਦੀ ਹੈ ਕਿ ਬਿਮਾਰ ਔਰਤਾਂ ਪੁਰਸ਼ ਡਾਕਟਰ ਨਾਲ ਅਪਣੀ ਸਿਹਤ ਦੇ ਮੁੱਦਿਆਂ 'ਤੇ ਕਿਵੇਂ ਚਰਚਾ ਕਰਨਗੀਆਂ। ਜੇਲ ਦੇ ਇਕ ਸੀਨੀਅਰ ਅਧਿਕਾਰੀ ਨੇ ਜੇਲ 'ਚ ਮੈਡੀਕਲ ਸਟਾਫ ਦੀ ਘਾਟ ਨੂੰ ਮਨਜ਼ੂਰ ਕੀਤਾ।

ਜੇਲ 'ਚ ਮੈਡੀਕਲ ਅਫਸਰਾਂ ਲਈ ਤਿੰਨ ਅਸਾਮੀਆਂ ਮਨਜ਼ੂਰ ਹਨ ਪਰ ਸਿਰਫ ਇਕ ਨਿਯੁਕਤ ਕੀਤੀ ਗਈ ਹੈ। ਅਧਿਕਾਰੀ ਨੇ ਦਸਿਆ ਕਿ ਜੇਲ 'ਚ ਸਿਰਫ ਇਕ ਡਾਕਟਰ ਹੈ, ਇਸ ਲਈ ਉਹ ਬਿਮਾਰ ਕੈਦੀਆਂ ਨੂੰ ਗੁਰੂਗ੍ਰਾਮ ਦੇ ਸਿਵਲ ਹਸਪਤਾਲ ਰੈਫਰ ਕਰ ਦਿੰਦਾ ਹੈ। ਗੋਇਲ ਨੇ ਭੋਂਡਸੀ ਜੇਲ 'ਚ ਬੰਦ ਸਾਰੇ ਕੈਦੀਆਂ ਦਾ ਹਾਲ-ਚਾਲ ਜਾਣਨ ਦੇ ਨਾਲ-ਨਾਲ ਉਨ੍ਹਾਂ ਨੂੰ ਦਿਤੀਆਂ ਜਾ ਰਹੀਆਂ ਸਹੂਲਤਾਂ ਅਤੇ ਜੇਲ ਪ੍ਰਸ਼ਾਸਨ ਦੇ ਵਿਵਹਾਰ ਬਾਰੇ ਵੀ ਪੁਛਿਆ। ਉਨ੍ਹਾਂ ਨੇ ਜੇਲ ਦੀ ਰਸੋਈ ਦਾ ਵੀ ਨਿਰੀਖਣ ਕੀਤਾ ਅਤੇ ਕੈਦੀਆਂ ਨੂੰ ਦਿਤੇ ਜਾ ਰਹੇ ਭੋਜਨ 'ਤੇ ਸੰਤੁਸ਼ਟੀ ਜ਼ਾਹਰ ਕੀਤੀ।

ਭੋਂਡਸੀ ਜੇਲ 'ਚ ਸਿਰਫ 2ਜੀ ਸਿਗਨਲ ਜੈਮਰ ਹਨ, ਇਸ ਲਈ ਮੋਬਾਈਲ ਫੋਨਾਂ 'ਤੇ 5ਜੀ ਨੈੱਟਵਰਕ ਚਾਲੂ ਹਨ। ਗੋਇਲ ਨੇ ਕਿਹਾ ਕਿ ਇਸ ਦਾ ਫਾਇਦਾ ਉਠਾਉਂਦੇ ਹੋਏ ਜੇਲ 'ਚ ਬੰਦ ਕਈ ਗੈਂਗਸਟਰ ਕਥਿਤ ਤੌਰ 'ਤੇ ਅੰਦਰ ਮੋਬਾਈਲ ਫੋਨ ਦੀ ਵਰਤੋਂ ਕਰ ਰਹੇ ਹਨ। ਇਕ ਅਧਿਕਾਰੀ ਮੁਤਾਬਕ ਦਸੰਬਰ 2024 ਤਕ 2,412 ਕੈਦੀਆਂ ਦੀ ਮਨਜ਼ੂਰਸ਼ੁਦਾ ਸਮਰੱਥਾ ਦੇ ਮੁਕਾਬਲੇ ਕੁਲ 2,898 ਕੈਦੀ ਜੇਲ 'ਚ ਬੰਦ ਹਨ।

ਕੈਦੀਆਂ ਦੀ ਆਬਾਦੀ 'ਚ 2,269 ਪੁਰਸ਼ ਵਿਚਾਰ ਅਧੀਨ ਕੈਦੀ, 80 ਮਹਿਲਾ ਵਿਚਾਰ ਅਧੀਨ ਕੈਦੀ, 532 ਪੁਰਸ਼ ਦੋਸ਼ੀ ਅਤੇ 17 ਮਹਿਲਾ ਕੈਦੀ ਸ਼ਾਮਲ ਹਨ। ਗੋਇਲ ਨੇ ਸੋਹਣਾ ਖੇਤਰ ਦੇ ਮੰਡਾਵਰ ਪਿੰਡ 'ਚ ਸਥਿਤ ਇਕ ਬਿਰਧ ਆਸ਼ਰਮ ਦਾ ਵੀ ਦੌਰਾ ਕੀਤਾ ਅਤੇ ਉੱਥੇ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਅਤੇ ਸਹੂਲਤਾਂ ਦਾ ਜਾਇਜ਼ਾ ਲਿਆ।

# MLA ਗਰੇਵਾਲ ਅਤੇ ਮੇਅਰ ਇੰਦਰਜੀਤ ਕੌਰ ਵੱਲੋਂ ਕਰਮਸਰ ਕਲੋਨੀ ਵਿਖੇ ਕਰੀਬ 44 ਲੱਖ ਦੇ ਸੀਵਰੇਜ ਕੰਮਾਂ ਦਾ ਕੀਤਾ ਗਿਆ ਉਦਘਾਟਨ

- ਹਲਕਾ ਪੂਰਬੀ ਚ ਵਿਕਾਸ ਪੱਖੋਂ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ - ਵਿਧਾਇਕ ਗਰੇਵਾਲ
- ਸ਼ਹਿਰ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਕੀਤੇ ਗਏ ਹਨ ਜਾਰੀ -ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਸੁਖਮਿੰਦਰ ਭੰਗੂ

ਲੁਧਿਆਣਾ:5 ਅਪ੍ਰੈਲ 2025 - ਵਿਧਾਨ ਸਭਾ ਹਲਕਾ ਪੂਰਬੀ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਵੱਲੋਂ ਸਾਂਝੇ ਤੌਰ ਤੇ ਕਰੀਬ 44 ਲੱਖ ਦੀ ਲਾਗਤ ਨਾਲ ਵਾਰਡ ਨੰਬਰ 13 ਦੇ ਮੁਹੱਲਾ ਕਰਮਸਰ ਕਲੋਨੀ ਵਿਖੇ ਸੀਵਰੇਜ ਦੀਆਂ ਨਵੀਆਂ ਪਾਈਪਾਂ ਪਾਉਣ ਦੇ ਕੰਮਾਂ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਤੇ ਸੰਬੋਧਨ ਕਰਦਿਆਂ ਵਿਧਾਇਕ ਗਰੇਵਾਲ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਹਲਕਾ ਪੂਰਬੀ 'ਚ ਵਿਕਾਸ ਪੱਖੋਂ ਕਿਸੇ ਤਰ੍ਹਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ, ਉਹਨਾਂ ਕਿਹਾ ਕਿ ਹਲਕੇ ਦੇ ਜਿਆਦਾਤਰ ਵਿਕਾਸ ਕਾਰਜ ਪਹਿਲਾਂ ਹੀ ਮੁਕੰਮਲ ਕਰਵਾਏ ਜਾ ਚੁੱਕੇ ਹਨ, ਬਾਕੀ ਰਹਿੰਦੇ ਵਿਕਾਸ ਕੰਮਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਜਲਦ ਹੀ ਮੁਕੰਮਲ ਕਰ ਲਿਆ ਜਾਵੇਗਾ।

ਉਹਨਾਂ ਕਿਹਾ ਕਿ ਸ਼ਹਿਰ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਤਾਂ ਜੋ ਸ਼ਹਿਰ ਵਾਸੀਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਮੇਅਰ ਅਤੇ ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਭਰ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਕਰਵਾਉਣ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ, ਇਸੇ ਹੀ ਲੜੀ ਤਹਿਤ ਅੱਜ ਵਾਰਡ ਨੰਬਰ 13 ਦੀ ਕਰਮਸਰ ਕਲੋਨੀ ਵਿਖੇ ਇਲਾਕਾ ਵਾਸੀਆਂ ਦੀ ਮੰਗ ਨੂੰ ਜਾਇਜ਼ ਠਹਿਰਾਉਂਦੇ ਹੋਏ ਨਵੀਂ ਸੀਵਰੇਜ ਲਾਈਨ ਪਾਉਣ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ ਹੈ । ਇਸ ਕੰਮਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਜਲਦ ਹੀ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਤੇ ਵੱਡੀ ਗਿਣਤੀ ਚ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਆਗੂਆਂ ਤੋਂ ਇਲਾਵਾ ਇਲਾਕਾ ਵਾਸੀ ਹਾਜ਼ਰ ਸਨ।

# ਪਠਾਨਕੋਟ ਦੀਆਂ 205 ਸੜਕਾਂ ਦੀ 100 ਕਰੋੜ ਰੁਪਏ ਖਰਚ ਕਰਕੇ ਬਦਲੀ ਜਾਵੇਗੀ ਨੁਹਾਰ - ਕਟਾਰੂਚੱਕ

- ਸੜਕਾਂ ਦਾ ਨਿਰਮਾਣ ਰੋਡ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖਕੇ ਕੀਤਾ ਜਾਵੇਗਾ
- - ਜਿਲ੍ਹਾ ਪਠਾਨਕੋਟ ਦੀਆਂ 360 ਕਿਲੋਮੀਟਰ ਸੜਕਾਂ ਦਾ ਕੀਤਾ ਜਾਵੇਗਾ ਨਵਨਿਰਮਾਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ
INTERNATIONAL PAPER, 9463601616
hardipchumber57@gmail.com



ਪਠਾਨਕੋਟ 5 ਅਪ੍ਰੈਲ 2025 - ਪੰਜਾਬ ਸਰਕਾਰ ਵੱਲੋਂ ਜਿਲ੍ਹਾ ਪਠਾਨਕੋਟ ਨੂੰ ਬਹੁਤ ਹੀ ਵਧੀਆ ਤੋਹਫਾ ਦਿੱਤਾ ਹੈ ਪਿਛਲੇ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੀਆਂ ਸੜਕਾਂ ਨੂੰ ਧਿਆਨ ਵਿੱਚ ਰੱਖ ਕੇ ਬਹੁਤ ਵੱਡੇ ਕਾਰਜ ਕੀਤੇ ਜਾ ਰਹੇ ਹਨ ਜਿਸ ਅਧੀਨ ਜਿਲ੍ਹਾ ਪਠਾਨਕੋਟ ਦੀਆਂ 205 ਰੋਡ ਜਿਸ ਦੀ ਲੰਬਾਈ 360 ਕਿਲੋ ਮੀਟਰ ਬਣਦੀ ਹੈ ਅਤੇ ਇਨ੍ਹਾਂ ਸੜਕਾਂ ਦੇ ਨਿਰਮਾਣ ਦੇ ਕਰੀਬ 100 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ਼ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਵਿਜੈ ਕਟਾਰੂਚੱਕ, ਖੁਸਬੀਰ ਕਾਟਲ, ਭੁਪਿੰਦਰ ਸਿੰਘ ਮੁੰਨਾ, ਸਰਪੰਚ ਭੋਆ ਸੁਨੀਲ ਕੁਮਾਰ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਹਾਜਰ ਸਨ।

ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸੀ ਦਾ ਦਿਨ ਹੈ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਲੋਕ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਕਾਰਜ ਕਰ ਰਹੀ ਹੈ, ਲੋਕਾਂ ਦੀਆਂ ਮੁਸਕਿਲਾਂ ਪਹਿਲ ਦੇ ਅਧਾਰ ਤੇ ਹੱਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਸਰਕਾਰ ਵੱਲੋਂ ਜਿਲ੍ਹਾ ਪਠਾਨਕੋਟ ਨੂੰ ਬਹੁਤ ਵੱਡਾ ਤੋਹਫਾ ਦਿੱਤਾ ਗਿਆ ਹੈ। ਜਿਸ ਵਿੱਚ ਜਿਲ੍ਹਾ ਪਠਾਨਕੋਟ ਦੀਆਂ 205 ਸੜਕਾਂ ਨੂੰ ਬਣਾਇਆ ਜਾਵੇਗਾ ਜਿਸ ਦੀ ਲੰਬਾਈ 360 ਕਿਲੋਮੀਟਰ ਬਣਦੀ ਹੈ ਅਤੇ ਇਨ੍ਹਾਂ ਸੜਕਾਂ ਦੇ ਨਿਰਮਾਣ ਤੇ ਕਰੀਬ 100 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ।

ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੀਆਂ ਬਹੁਤ ਸਾਰੀਆਂ ਅਜਿਹੀਆਂ ਸੜਕਾਂ ਹਨ ਜਿਨ੍ਹਾਂ ਨੂੰ ਕਰੀਬ 10 ਤੋਂ 15 ਸਾਲ ਪਹਿਲਾ ਬਣਾਇਆ ਗਿਆ ਸੀ ਅਤੇ ਉਸ ਤੋਂ ਬਾਅਦ ਦੀਆਂ ਸਰਕਾਰਾਂ ਨੇ ਇਨ੍ਹਾਂ ਸੜਕਾਂ ਵੱਲ ਧਿਆਨ ਨਹੀਂ ਦਿੱਤਾ। ਜਿਲ੍ਹਾ ਪਠਾਨਕੋਟ ਦੇ ਲੋਕਾਂ ਨੂੰ ਸੜਕਾਂ ਦੀ ਖਸਤਾ ਹਾਲਤ ਦੇ ਚਲਦਿਆਂ ਭਾਰੀ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਕਿਹਾ ਕਿ ਆਉਂਣ ਵਾਲੇ ਕੁਝ ਦਿਨ੍ਹਾਂ ਦੇ ਅੰਦਰ ਇਨ੍ਹਾਂ ਸੜਕਾਂ ਦੇ ਟੈਂਡਰ ਵੀ ਲਗਾਏ ਜਾਣਗੇ ਅਤੇ ਮਈ ਮਹੀਨੇ ਦੌਰਾਨ ਇਨ੍ਹਾਂ ਸੜਕਾਂ ਦਾ ਨਿਰਮਾਣ ਕਾਰਜ ਵੀ ਸੁਰੂ ਕੀਤਾ ਜਾਵੇਗਾ ਤਾਂ ਜੋ ਜਲਦੀ ਬਣਾ ਕੇ ਲੋਕਾਂ ਦੇ ਸਪੁਰਦ ਕੀਤੀਆਂ ਜਾ ਸਕਣ।

ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਕਾਰਜ ਦੋਰਾਨ ਇਸ ਗੱਲ ਦਾ ਵਿਸੇਸ ਧਿਆਨ ਰੱਖਿਆ ਜਾਵੇਗਾ ਕਿ ਜੋ ਠੇਕੇਦਾਰ ਇਨ੍ਹਾਂ ਸੜਕਾਂ ਦਾ ਨਿਰਮਾਣ ਕਰੇਗਾ ਆਉਂਣ ਵਾਲੇ ਪੰਜ ਸਾਲਾਂ ਦੋਰਾਨ ਅਗਰ ਇਹ ਸੜਕਾਂ ਟੁੱਟ ਜਾਂਦੀਆਂ ਹਨ ਤਾਂ ਉਨ੍ਹਾਂ ਸੜਕਾਂ ਦੀ ਰਿਪੇਅਰ ਦੀ ਜਿਮੇਦਾਰੀ ਸਬੰਧਤ ਠੇਕੇਦਾਰ ਦੀ ਹੀ ਹੋਵੇਗੀ। ਉਨ੍ਹਾਂ ਕਿਹਾ ਕਿ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਸੜਕਾਂ ਦਾ ਨਿਰਮਾਣ ਤਾਂ ਕਰ ਦਿੱਤਾ ਜਾਂਦਾ ਹੈ ਅਤੇ ਕੁਝ ਹੀ ਸਮੇਂ ਤੋਂ ਬਾਅਦ ਇਨ੍ਹਾਂ ਸੜਕਾਂ ਦੀ ਹਾਲਤ ਖਸਤਾ ਹੋਣੀ ਸੁਰੂ ਹੋ ਜਾਂਦੀ ਹੈ ਅਤੇ ਲੋਕਾਂ ਨੂੰ ਫਿਰ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾ ਕਿਹਾ ਕਿ ਵਿਸੇਸ ਤੋਰ ਤੇ 205 ਸੜਕਾਂ ਜਿਸ ਵਿੱਚ ਭਾਰੀ ਸੰਖਿਆਂ ਵਿੱਚ ਵਿਧਾਨ ਸਭਾ ਹਲਕਾ ਭੋਆ ਦੀਆਂ ਸੜਕਾਂ ਵੀ ਸਾਮਲ ਹਨ।

ਉਨ੍ਹਾਂ ਕਿਹਾ ਕਿ ਅਸੀਂ ਪਿਛਲੇ ਲੰਮੇ ਸਮੇਂ ਤੋਂ ਇਹ ਉਪਰਾਲਾ ਕਰ ਰਹੇ ਸੀ ਕਿ ਜਿਲ੍ਹਾ ਪਠਾਨਕੋਟ ਦੀਆਂ ਸੜਕਾਂ ਦੀ ਨੁਹਾਰ ਬਦਲੀ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਕੱਲ ਨੂੰ ਪਠਾਨਕੋਟ ਤੋਂ ਗੰਦਲੀ ਲਾਹੜੀ , ਛੋਟੇਪੁਰ ਰੋਡ ਦੇ ਨਿਰਮਾਣ ਕਾਰਜ ਦਾ ਉਦਘਾਟਣ ਕੀਤਾ ਹੈ । ਇਸ ਤੋਂ ਪਹਿਲਾ ਕਾਨਵਾਂ, ਚਸਮਾਂ ਚਕਨੋਰ, ਫਰੀਦਾਨਗਰ ਰੋਡ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਜਿਸ ਤੇ ਕਰੀਬ 10 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ, ਭੀਮਪੁਰ ਤੋਂ ਸਰਨਾ ਤੱਕ ਵੀ ਬਹੁਤ ਵਧੀਆ ਰੋਡ ਬਣ ਰਿਹਾ ਹੈ।

ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਵੀ ਹੈ ਕਿ ਕਈ ਸਰਕਾਰਾਂ ਆਈਆਂ ਪਰ ਜਿਲ੍ਹਾ ਪਠਾਨਕੋਟ ਦੇ ਬਹੁਤ ਸਾਰੇ ਅਜਿਹੇ ਰੋਡ ਜਿਨ੍ਹਾਂ ਦੀ ਕਿਸੇ ਸਰਕਾਰ ਵੱਲੋਂ ਸੁਣਵਾਈ ਨੀ ਕੀਤੀ ਗਈ। ਉਨ੍ਹਾਂ ਕਿਹਾ ਕਿ ਮਲਿਕਪੁਰ-ਸੁੰਦਰਚੱਕ-ਬਨੀਲੋਧੀ-ਕਥਲੋਰ ਜਿਸ ਤੇ ਕਰੀਬ 15 ਕਰੋੜ ਰੁਪਏ ਖਰਚ ਕਰਕੇ ਇਸ ਰੋਡ ਦੀ ਨੁਹਾਰ ਬਦਲੀ ਗਈ ਅਤੇ ਹੁਣ ਇਨ੍ਹਾਂ ਸੜਕਾਂ ਤੇ ਵਰਮਾਂ ਦਾ ਕੰਮ ਚਲ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਬਹੁਤ ਹੀ ਖੁਸੀ ਦੀ ਗੱਲ ਹੈ ਕਿ ਇਨ੍ਹਾਂ ਸੜਕਾਂ ਦੀ ਨੁਹਾਰ ਬਦਲੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸੇਰਪੁਰ-ਫੁ ਲ ਪਿ ਆ ਰਾ - ਪੰ ਜੇ ਰ - ਸੁਜਾਨਪੁਰ ਤੱਕ ਚੋੜਾਂ ਤੇ ਸਾਨਦਾਰ ਰੋਡ ਬਣਾਇਆ ਜਾਵੇਗਾ, ਧੋਬੜ੍ਹਾ ਤੋਂ ਤਾਰਾਗੜ੍ਹ ਜੋ ਪਿਛਲੇ 15 ਸਾਲਾਂ ਤੋਂ ਬਣਾਇਆ ਹੀ ਨਹੀਂ ਗਿਆ। ਉਸ ਤੋਂ ਪਹਿਲਾ ਦਾ ਰੋਡ ਦਾ ਨਿਰਮਾਣ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਜਦੋਂ ਉਹ ਖੇਤਰ ਅੰਦਰ ਜਾਂਦੇ ਸੀ ਤਾਂ ਲੋਕ ਉਨ੍ਹਾਂ ਅੱਗੇ ਇੱਕ ਹੀ ਮੰਗ ਰੱਖਦੇ ਸੀ ਕਿ ਉਨ੍ਹਾਂ ਦੀ ਸੜਕ ਦਾ ਨਿਰਮਾਣ ਕਰਵਾਇਆ ਜਾਵੇ ਅਤੇ ਅੱਜ ਲੋਕਾਂ ਨਾਲ ਕੀਤਾ ਹਰੇਕ ਵਾਧਾ ਪੂਰਾ ਕਰਦਿਆਂ ਜਿਲ੍ਹਾ ਪਠਾਨਕੋਟ ਦੀਆਂ ਸੜਕਾਂ ਦੀ ਨੁਹਾਰ ਬਦਲਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਵਿੱਚ ਉਹ ਸਾਰੇ ਰੋਡ ਸਾਮਲ ਕੀਤੇ ਗਏ ਹਨ ਜਿਨ੍ਹਾਂ ਦੀ ਹਾਲਤ ਬਹੁਤ ਹੀ ਖਸਤਾ ਸੀ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਨੂੰ ਸੜਕਾਂ ਦੇ ਨਵਨਿਰਮਾਣ ਕਰਨ ਦਾ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਵੱਲੋਂ ਬਹੁਤ ਹੀ ਵੱਡਾ ਤੋਹਫਾ ਦਿੱਤਾ ਹੈ।

# ਭਾਰਤ 'ਚ ਸਕੂਲਾਂ ਦੀ ਫ਼ੀਸ 'ਚ ਪਿਛਲੇ ਤਿੰਨ ਸਾਲਾਂ ਦੌਰਾਨ 50 ਤੋਂ 80 ਫ਼ੀ ਸਦੀ ਤਕ ਦਾ ਵਾਧਾ, ਜਾਣੋ ਕੀ ਕਹਿੰਦੀ ਹੈ ਤਾਜ਼ਾ ਰੀਪੋਰਟ

## ਲਗਭਗ ਸਾਰੇ ਮਾਪਿਆਂ ਨੇ ਕਿਹਾ ਹੈ ਕਿ ਉਨ੍ਹਾਂ ਦੀਆਂ ਸੂਬਾ ਸਰਕਾਰਾਂ ਸਕੂਲ ਫੀਸ ਵਾਧੇ ਨੂੰ ਸੀਮਤ ਕਰਨ 'ਚ ਪ੍ਰਭਾਵਸ਼ਾਲੀ ਨਹੀਂ ਰਹੀਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ
INTERNATIONAL PAPER, 9463601616
hardipchumber57@gmail.com



ਨਵੀਂ ਦਿੱਲੀ : ਭਾਰਤ ਦੇ ਸਕੂਲਾਂ ਨੇ ਪਿਛਲੇ ਤਿੰਨ ਸਾਲਾਂ 'ਚ ਕੁੱਝ ਮਾਮਲਿਆਂ 'ਚ ਅਪਣੀ ਫੀਸ ਲਗਭਗ ਦੁੱਗਣੀ ਕਰ ਦਿਤੀ ਹੈ। ਲੋਕਲ ਸਰਕਲ ਦੀ ਇਕ ਰੀਪੋਰਟ ਮੁਤਾਬਕ ਪੂਰੇ ਭਾਰਤ 'ਚ ਸਰਵੇਖਣ 'ਚ ਸ਼ਾਮਲ 8 ਫ਼ੀ ਸਦੀ ਮਾਪਿਆਂ ਨੇ ਕਿਹਾ ਹੈ ਕਿ ਜਿਨ੍ਹਾਂ ਸਕੂਲਾਂ 'ਚ ਉਨ੍ਹਾਂ ਦੇ ਬੱਚੇ ਪੜ੍ਹਦੇ ਹਨ, ਉਨ੍ਹਾਂ ਦੀ ਫ਼ੀਸ 'ਚ 80 ਫ਼ੀ ਸਦੀ ਤੋਂ ਜ਼ਿਆਦਾ ਦਾ ਵਾਧਾ ਹੋਇਆ ਹੈ।

ਰੀਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਮਾਪੇ ਹੁਣ ਚਿੰਤਤ ਹਨ ਕਿ ਉਹ 'ਜ਼ਿਆਦਾਤਰ ਪ੍ਰਾਈਵੇਟ ਸਕੂਲਾਂ 'ਚ ਸਾਰੀਆਂ ਜਮਾਤਾਂ 'ਚ ਫ਼ੀਸਾਂ 'ਚ ਹੋਰ ਵਾਧੇ ਦੇ ਬੋਝ' ਨਾਲ ਕਿਵੇਂ ਨਜਿੱਠਣ ਜਾ ਰਹੇ ਹਨ। ਲੋਕਲ ਸਰਕਲ ਸਰਵੇਖਣ ਨੂੰ ਭਾਰਤ ਦੇ 309 ਜ਼ਿਲ੍ਹਿਆਂ 'ਚ ਸਥਿਤ ਸਕੂਲ ਜਾਣ ਵਾਲੇ ਬੱਚਿਆਂ ਦੇ ਮਾਪਿਆਂ ਤੋਂ 31,000 ਤੋਂ ਵੱਧ ਪ੍ਰਤੀਕਿਰਿਆਵਾਂ ਮਿਲੀਆਂ। ਮਾਪਿਆਂ ਦਾ ਕਹਿਣਾ ਹੈ ਕਿ ਸਕੂਲ ਫ਼ੀਸ 'ਚ 50-80 ਫ਼ੀ ਸਦੀ ਦਾ ਵਾਧਾ ਹੋਇਆ ਹੈ।

ਸਰਵੇਖਣ 'ਚ ਸਕੂਲ ਜਾਣ ਵਾਲੇ ਬੱਚਿਆਂ ਦੇ ਮਾਪਿਆਂ/ਸਰਪ੍ਰਸਤਾਂ ਨੂੰ ਪੁਛਿਆ ਗਿਆ ਸੀ, ''ਤੁਹਾਡੇ ਬੱਚੇ/ਪੋਤੇ-ਪੋਤੀਆਂ ਦੀ ਪਿਛਲੇ 3 ਸਾਲਾਂ 'ਚ, ਭਾਵ 2022 ਅਤੇ 2025 ਦੇ ਵਿਚਕਾਰ ਕਿੰਨੀ ਸਕੂਲ ਫ਼ੀਸ ਵਧੀ?''

ਸਵਾਲ ਦਾ ਜਵਾਬ ਦੇਣ ਵਾਲੇ 15,461 ਵਿਦਿਆਰਥੀਆਂ ਵਿਚੋਂ 8 ਫ਼ੀ ਸਦੀ ਨੇ ਸਕੂਲ ਫ਼ੀਸ ਵਿਚ 80 ਫ਼ੀ ਸਦੀ ਵਾਧੇ ਦਾ ਜ਼ਿਕਰ ਕੀਤਾ। ਇਸ ਦੌਰਾਨ 36 ਫ਼ੀ ਸਦੀ ਲੋਕਾਂ ਨੇ ਕਿਹਾ ਕਿ ਸਕੂਲ ਫ਼ੀਸ 'ਚ 50 ਤੋਂ 80 ਫ਼ੀ ਸਦੀ ਦਾ ਵਾਧਾ ਹੋਇਆ ਹੈ। 8 ਫ਼ੀ ਸਦੀ ਲੋਕਾਂ ਨੇ ਕਿਹਾ ਕਿ 30-50 ਫ਼ੀ ਸਦੀ ਦਾ ਵਾਧਾ ਹੋਇਆ ਹੈ। ਅਤੇ 27 ਫ਼ੀ ਸਦੀ ਉੱਤਰਦਾਤਾਵਾਂ ਨੇ 10-30 ਫ਼ੀ ਸਦੀ ਵਾਧੇ ਦੀ ਗੱਲ ਕਹੀ। ਸਿਰਫ਼ 8 ਫ਼ੀ ਸਦੀ ਉੱਤਰਦਾਤਾਵਾਂ ਨੇ ਕਿਹਾ ਕਿ ਇਸ ਮਿਆਦ ਦੌਰਾਨ ਫ਼ੀਸ 'ਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ।

ਸਰਵੇਖਣ 'ਚ ਸ਼ਾਮਲ 44 ਫ਼ੀ ਸਦੀ ਮਾਪਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਬੱਚੇ ਜਿਸ ਸਕੂਲ 'ਚ ਜਾਂਦੇ ਹਨ, ਉਨ੍ਹਾਂ ਦੀ ਫ਼ੀਸ 'ਚ ਪਿਛਲੇ ਤਿੰਨ ਸਾਲਾਂ 'ਚ 50-80 ਫ਼ੀ ਸਦੀ ਦਾ ਵਾਧਾ ਹੋਇਆ ਹੈ।

'ਸੂਬਾ ਸਰਕਾਰਾਂ ਕੋਈ ਮਦਦ ਨਹੀਂ ਕਰ ਰਹੀਆਂ'

ਲਗਭਗ ਸਾਰੇ ਮਾਪਿਆਂ, 93 ਫ਼ੀ ਸਦੀ ਨੇ ਕਿਹਾ ਹੈ ਕਿ ਉਨ੍ਹਾਂ ਦੀਆਂ ਸੂਬਾ ਸਰਕਾਰਾਂ ਸਕੂਲ ਫ਼ੀਸ ਵਾਧੇ ਨੂੰ ਸੀਮਤ ਕਰਨ 'ਚ ਪ੍ਰਭਾਵਸ਼ਾਲੀ ਨਹੀਂ ਰਹੀਆਂ ਹਨ। ਇਸ ਸਵਾਲ ਦਾ ਜਵਾਬ ਦੇਣ ਵਾਲੇ 16,018 ਲੋਕਾਂ ਵਿਚੋਂ ਕਿ ਕੀ ਸੂਬਾ ਸਰਕਾਰਾਂ ਸਕੂਲ ਫ਼ੀਸਾਂ ਨੂੰ ਸੀਮਤ ਕਰਨ ਵਿਚ ਪ੍ਰਭਾਵਸ਼ਾਲੀ ਰਹੀਆਂ ਹਨ, ਸਿਰਫ 7 ਫ਼ੀ ਸਦੀ ਉੱਤਰਦਾਤਾਵਾਂ ਨੇ ਇਸ ਦਾ ਜਵਾਬ ਹਾਂ 'ਚ ਦਿਤਾ।

ਦੂਜੇ ਪਾਸੇ, 46 ਫ਼ੀ ਸਦੀ ਉੱਤਰਦਾਤਾਵਾਂ ਨੇ ਕਿਹਾ ਇਸ ਦਾ ਜਵਾਬ ਨਾਂਹ 'ਚ ਦਿਤਾ। 47 ਫ਼ੀ ਸਦੀ ਉੱਤਰਦਾਤਾਵਾਂ ਨੇ ਕਿਹਾ ਕਿ ''ਨਹੀਂ, ਉਨ੍ਹਾਂ ਨੇ ਇਸ ਮੁੱਦੇ ਨੂੰ ਚੁਕਿਆ ਵੀ ਨਹੀਂ ਹੈ।'' ਕੁਲ ਮਿਲਾ ਕੇ, ਸਰਵੇਖਣ 'ਚ ਸ਼ਾਮਲ 93 ਫ਼ੀ ਸਦੀ ਮਾਪਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਸੂਬਾ ਸਰਕਾਰਾਂ ਸਕੂਲਾਂ ਵਲੋਂ ਫ਼ੀਸਾਂ 'ਚ ਵਾਧੇ ਨੂੰ ਸੀਮਤ ਕਰਨ ਜਾਂ ਸੀਮਤ ਕਰਨ 'ਚ ਪ੍ਰਭਾਵਸ਼ਾਲੀ ਨਹੀਂ ਰਹੀ ਹੈ।

ਦਿਲਚਸਪ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੇ 2021 ਵਿਚ ਫੈਸਲਾ ਸੁਣਾਇਆ ਸੀ ਕਿ ਸੂਬੇ ਫੀਸ ਨਿਰਧਾਰਤ ਕਰਨ ਅਤੇ ਇੱਕਤਰ ਕਰਨ ਲਈ ਨਿੱਜੀ ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਦੀ ਖ਼ੁਦਮੁਖਤਿਆਰੀ ਵਿਚ ਦਖ਼ਲ ਨਹੀਂ ਦੇ ਸਕਦੇ।

ਕਰਨਾਟਕ ਦੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੀ ਐਸੋਸੀਏਸ਼ਨ ਨੇ ਇਸ ਵਾਧੇ ਦਾ ਬਚਾਅ ਕਰਦਿਆਂ ਦਲੀਲ ਦਿਤੀ ਹੈ ਕਿ ਸੰਸਥਾਵਾਂ ਨੂੰ ਅਧਿਆਪਕਾਂ ਦੀ ਤਨਖਾਹ 'ਚ ਸਾਲਾਨਾ ਸੋਧ ਕਰਨ ਦੀ ਜ਼ਰੂਰਤ ਹੈ ਜੇ ਉਹ ਨਹੀਂ ਚਾਹੁੰਦੇ ਕਿ ਮੁਕਾਬਲੇਬਾਜ਼ ਉਨ੍ਹਾਂ ਦਾ ਸ਼ਿਕਾਰ ਕਰਨ। ਇਸ ਤੋਂ ਇਲਾਵਾ, ਰੀਪੋਰਟ ਦੇ ਅਨੁਸਾਰ, ਸਬੰਧਤ ਅਧਿਆਪਨ ਲਾਗਤਾਂ 'ਚ ਵਾਧਾ ਹੋਇਆ ਹੈ।

# ਹੈਰੋਇਨ ਅਤੇ ਮੋਟਰਸਾਈਕਲ ਸਮੇਤ ਦੋ ਤਸਕਰ ਕਾਬੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ
INTERNATIONAL PAPER, 9463601616
hardipchumber57@gmail.com



ਜਗਰਾਉਂ, 5 ਅਪ੍ਰੈਲ 2025 - ਪੁਲਿਸ ਜਿਲਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੋਇਲ ਆਈਪੀਐਸ ਵੱਲੋਂ ਚਲਾਈ ਗਈ ਨਸ਼ਾ ਵਿਰੋਧੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਅਧੀਨ ਅੱਜ ਦੋ ਨਸ਼ਾ ਤਸਕਰਾਂ ਨੂੰ 400 ਗ੍ਰਾਮ ਹਰੋਇਨ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਥਾਣਾ ਸਦਰ ਜਗਰਾਉਂ ਦੇ ਮੁਖੀ ਸਬ ਇੰਸਪੈਕਟਰ ਸੁਰਜੀਤ ਸਿੰਘ ਤੋਂ ਮਿਲੀ ਜਾਣਕਾਰੀ ਮੁਤਾਬਕ ਸਬ ਇੰਸਪੈਕਟਰ ਗੁਰਸੇਵਕ ਸਿੰਘ ਆਪਣੀ ਸਾਥੀ ਪੁਲਿਸ ਪਾਰਟੀ ਦੇ ਨਾਲ ਬਰਾਏ ਗਸ਼ਤ ਅਤੇ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸੰਬੰਧ ਵਿੱਚ ਜੀਟੀ ਰੋਡ ਮੇਗਾ ਸਾਈਡ ਤੋਂ ਦੀ ਹੁੰਦੇ ਹੋਏ ਕੱਚੇ ਰਸਤੇ ਪਿੰਡ ਅਮਰਗੜ੍ਹ ਕਲੇਰ ਵਲ ਨੂੰ ਜਾ ਰਹੇ ਸਨ ਅਤੇ ਇਹ ਪੁਲਿਸ ਪਾਰਟੀ ਜੀ ਟੀ ਰੋਡ ਤੋਂ 500 ਮੀਟਰ ਅੰਦਰ ਪਹੁੰਚੀ ਤਾਂ ਸਾਹਮਣੇ ਇੱਕ ਮੋਟਰ ਸਾਈਕਲ ਉੱਪਰ ਦੋ ਨੌਜਵਾਨ ਸਵਾਰ ਆਉਂਦੇ ਦਿਖਾਈ ਦਿੱਤੇ। ਜੋ ਕਿ ਪੁਲਿਸ ਪਾਰਟੀ ਨੂੰ ਦੇਖ ਕੇ ਯਕਦਮ ਘਬਰਾ ਗਏ ਅਤੇ ਆਪਣਾ ਮੋਟਰਸਾਈਕਲ ਪਿੱਛੇ ਨੂੰ ਮੋੜਨ ਲੱਗੇ ਤਾਂ ਮੋਟਰਸਾਈਕਲ ਸਲਿੱਪ ਹੋਣ ਕਰਕੇ ਜਮੀਨ ਤੇ ਡਿੱਗ ਪਿਆ। ਉਕਤ ਨੌਜਵਾਨ ਵੀ ਕੱਚੇ ਰਸਤੇ ਪਰ ਹੇਠਾਂ ਡਿੱਗ ਪਏ ਅਤੇ ਮੋਟਰਸਾਈਕਲ ਦੇ ਪਿੱਛੇ ਬੈਠੇ ਨੌਜਵਾਨ ਦੇ ਹੱਥ ਵਿੱਚ ਫੜਿਆ ਮੋਮੀ ਲਿਫਾਫਾ ਰੰਗ ਕਾਲਾ ਵੀ ਹੇਠਾਂ ਡਿੱਗ ਪਿਆ।

ਸਬ ਇੰਸਪੈਕਟਰ ਗੁਰਸੇਵਕ ਸਿੰਘ ਵੱਲੋਂ ਉਕਤ ਨੌਜਵਾਨਾਂ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕੀਤਾ ਗਿਆ ਅਤੇ ਜਦੋਂ ਉਹਨਾਂ ਦਾ ਨਾਮ ਪਤਾ ਪੁੱਛਿਆ ਗਿਆ ਤਾਂ ਮੋਟਰਸਾਈਕਲ ਚਾਲਕ ਨੇ ਆਪਣਾ ਨਾਮ ਅਜੈਪਾਲ ਸਿੰਘ ਉਰਫ ਅਜੈ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਕੱਕਾ ਕੰਡਿਆਲਾ ਜਿਲ੍ਹਾ ਤਰਨਤਾਰਨ ਅਤੇ ਮੋਟਰਸਾਈਕਲ ਦੇ ਪਿੱਛੇ ਬੈਠੇ ਨੌਜਵਾਨ ਨੇ ਆਪਣਾ ਨਾਮ ਸਾਗਰ ਸਿੰਘ ਉਰਫ ਕਾਕਾ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਕ ਕਲੋਨੀ ਨੇੜੇ ਦਾਣਾ ਮੰਡੀ ਪੱਟੀ ਜਿਲ੍ਹਾ ਤਰਨਤਾਰਨ ਦੱਸਿਆ। ਮੌਕਾ ਪਰ ਜਮੀਨ ਤੇ ਡਿੱਗੇ ਲਿਫਾਫਾ ਰੰਗ ਕਾਲਾ ਵਿੱਚੋ ਇੱਕ ਹੋਰ ਪਾਰਦਰਸੀ ਲਿਫਾਫਾ, ਜਿਸ ਵਿੱਚ ਹੈਰੋਇਨ ਨੁਮਾ ਨਸ਼ੀਲਾ ਪਦਾਰਥ ਸਾਫ ਦਿਖਾਈ ਦਿੱਤਾ ਅਤੇ ਪੁੱਛਣ ਤੇ ਅਜੈਪਾਲ ਸਿੰਘ ਉਰਫ ਅਜੈ ਅਤੇ ਸਾਗਰ ਸਿੰਘ ਉਰਫ ਕਾਕਾ ਉਕਤਾਨ ਵੱਲੋ ਪਾਰਦਰਸ਼ੀ ਲਿਫਾਫੇ ਵਿੱਚ ਹੈਰੋਇਨ ਹੋਣ ਬਾਰੇ ਦੱਸਿਆ ਗਿਆ। ਅਜੈਪਾਲ ਸਿੰਘ ਉਰਫ ਅਜੈ ਅਤੇ ਸਾਗਰ ਸਿੰਘ ਉਰਫ ਕਾਕਾ ਉਕਤਾਨ ਦੇ ਕਬਜਾ ਵਿਚਲੇ ਲਿਫਾਫਾ ਰੰਗ ਕਾਲਾ ਦੀ ਤਲਾਸ਼ੀ ਕੀਤੀ ਗਈ ਤਾਂ ਲਿਫਾਫੇ ਵਿੱਚੋ 400 ਗ੍ਰਾਮ ਹੈਰੋਇਨ ਬ੍ਰਾਮਦ ਹੋਈ । ਜਿਸ ਤੇ ਉਕਤਾਨ ਦੋਸ਼ੀਆਂ ਦੇ ਖਿਲਾਫ ਥਾਣਾ ਸਦਰ ਜਗਰਾਉਂ ਵਿਖੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਦੋਸ਼ੀਆਂ ਦਾ ਉਕਤ ਮੋਟਰਸਾਈਕਲ ਮਾਰਕਾ ਹੀਰੋ ਸਪਲੈਂਡਰ ਪਲੱਸ ਨੰਬਰੀ ਪੀ.ਬੀ 46 ਏ.ਜੇ-6541 ਵੀ ਪੁਲਿਸ ਵੱਲੋਂ ਜ਼ਬਤ ਕਰ ਲਿੱਤਾ ਗਿਆ ਹੈ।

# ਰੂਪਨਗਰ ਵਿੱਖੇ ਹੋਣ ਵਾਲੀ ਪੰਜ ਮੈਂਬਰੀ ਭਰਤੀ ਕਮੇਟੀ ਦੀ ਮੀਟਿੰਗ ਸਬੰਧੀ ਤਿਆਰੀਆਂ ਮੁਕੰਮਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ
INTERNATIONAL PAPER, 9463601616
hardipchumber57@gmail.com

ਰੂਪਨਗਰ 5 ਅਪ੍ਰੈਲ 2025: ਰੂਪਨਗਰ ਵਿਖੇ ਹੋਣ ਵਾਲੀ 6 ਅਪ੍ਰੈਲ ਨੂੰ ਪੰਜ ਮੈਂਬਰੀ ਭਰਤੀ ਕਮੇਟੀ ਦੀ ਮੀਟਿੰਗ ਸਬੰਧੀ ਤਿਆਰੀਆਂ ਦਾ ਮੁਆਇਨਾ ਲੈਣ ਲਈ ਵਿਸ਼ੇਸ਼ ਤੌਰ ਤੇ ਪਹੁੰਚੇ ਹਰਬੰਸ ਸਿੰਘ ਕੰਦੋਲਾ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਸਾਬਕਾ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਗੁਰਿੰਦਰ ਸਿੰਘ ਗੋਗੀ , ਸਬਕਾ ਜਿਲਾ ਪ੍ਰਧਾਨ ਭੁਪਿੰਦਰ ਸਿੰਘ ਬਜਰੂੜ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਸਾਬਕਾ ਜਿਲਾ ਪ੍ਰਧਾਨ ਪ੍ਰੀਤਮ ਸਿੰਘ ਸਲੋ ਮਾਜਰਾ , ਗੁਰਮੀਤ ਸਿੰਘ ਮਕਰੋਨਾ, ਯੂਥ ਵਿੰਗ ਦੇ ਸਾਬਕਾ ਪ੍ਰਧਾਨ ਗੁਰਪ੍ਰੀਤ ਸਿੰਘ ਜਗਜੀਤ ਨਗਰ ਅਜਮੇਰ ਸਿੰਘ ਲੋਧੀ ਮਜਰਾ ਸੁਖਦੀਪ ਸਿੰਘ , ਸਾਧ ਵੱਲੋਂ ਮੌਕੇ ਤੇ ਪਹੁੰਚ ਗਏ ਸਟੇਜ ਤੇ ਵਰਕਰਾਂ ਦੇ ਬੈਠਣ ਲਈ ਪ੍ਰਬੰਧ ਦਾ ਮੁਆਇਨਾ ਕੀਤਾ ਗਿਆ ਪ੍ਰਬੰਧ ਸਬੰਧੀ ਤਸੱਲੀ ਪ੍ਰਗਟ ਕੀਤੀ ਗਈ ਕੱਲ ਨੂੰ ਹੋ ਰਹੀ ਮੀਟਿੰਗ ਦੇ ਵਿੱਚ ਜਿੱਥੇ ਪੰਜ ਮੈਂਬਰੀ ਕਮੇਟੀ ਪਹੁੰਚ ਰਹੀ ਹੈ ਉੱਥੇ ਸਾਬਕਾ ਐਮਪੀ ਪ੍ਰੇਮ ਸਿੰਘ ਜੀ ਚੰਦੂ ਮਾਜਰਾ, ਸਾਬਕਾ ਸਪੀਕਰ ਸਰਦਾਰ ਰਵੀ ਇੰਦਰ ਸਿੰਘ ਦੁਮਣਾ, ਸਾਬਕਾ ਐਮਪੀ, ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਅਤੇ ਹੋਰ ਵੱਖ-ਵੱਖ ਸ਼ਖਸੀਅਤਾਂ ਇਕੱਠ ਵਿੱਚ ਪਹੁੰਚ ਰਹੀਆਂ ਨੇ।

# ਸ਼ਾਂਤਮਈ ਧਰਨੇ ਤੇ ਬੈਠੀਆਂ ਆਦਰਸ਼ ਸਕੂਲ ਚਾਉਕੇ ਦੀਆਂ ਪੀੜਤ ਅਧਿਆਪਕਾਵਾਂ ਸਮੇਤ ਧਰਨਾਕਾਰੀਆਂ ਨੂੰ ਗ੍ਰਿਫਤਾਰ ਕਰਨ ਦੀ ਭਾਕਿਯੂ (ਏਕਤਾ-ਉਗਰਾਹਾਂ) ਵੱਲੋਂ ਸਖ਼ਤ ਨਿਖੇਧੀ

## ਜੇਲ੍ਹ ਭੇਜੇ ਧਰਨਾਕਾਰੀਆਂ ਨੂੰ ਤੁਰੰਤ ਰਿਹਾਅ ਕਰਨ ਅਤੇ ਉਨ੍ਹਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਮੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com

ਦਲਜੀਤ ਕੌਰ

ਚੰਡੀਗੜ੍ਹ, 5 ਮਾਰਚ, 2025: ਬਹੁਚਰਚਿਤ ਆਦਰਸ਼ ਸਕੂਲ ਚਾਉਕੇ ਦੀ ਭ੍ਰਿਸ਼ਟ ਮੈਨੇਜਮੈਂਟ ਵੱਲੋਂ ਨੌਕਰੀਓਂ ਕੱਢੀਆਂ ਅਧਿਆਪਕਾਵਾਂ ਨੂੰ ਬਹਾਲ ਕਰਨ ਅਤੇ ਸਕੂਲ ਨੂੰ ਸਰਕਾਰੀ ਹੱਥਾਂ ਵਿੱਚ ਲੈਣ ਵਰਗੀਆਂ ਹੱਕੀ ਮੰਗਾਂ ਲਈ ਲੰਬੇ ਸਮੇਂ ਤੋਂ ਸਕੂਲ ਅੱਗੇ ਸ਼ਾਂਤਮਈ ਧਰਨਾ ਦੇ ਰਹੀਆਂ ਪੀੜਤ ਅਧਿਆਪਕਾਵਾਂ ਸਮੇਤ ਵਿਦਿਆਰਥੀਆਂ ਦੇ ਮਾਪਿਆਂ ਅਤੇ ਇਨਸਾਫਪਸੰਦ ਲੋਕਾਂ ਨੂੰ ਦੂਜੀ ਵਾਰ ਪੁਲਸੀ ਕੁੱਟਮਾਰ ਦਾ ਸ਼ਿਕਾਰ ਬਣਾ ਕੇ ਅੱਜ ਤੜਕਸਾਰ ਕਈਆਂ



ਨੂੰ ਗ੍ਰਿਫਤਾਰ ਕਰਨ ਦੀ ਜਾਬਰ ਕਾਰਵਾਈ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਸਖ਼ਤ ਨਿਖੇਧੀ ਕੀਤੀ ਗਈ ਹੈ।

ਇਸ ਸਬੰਧੀ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇਸ ਜਾਬਰ ਕਾਰਵਾਈ ਦਾ ਦੋਸ਼ੀ ਠਹਿਰਾਇਆ ਹੈ ਕਿਉਂਕਿ ਸਕੂਲ ਦੀ ਪ੍ਰਬੰਧਕੀ ਕਮੇਟੀ ਦਾ ਚੇਅਰਮੈਨ ਹੋਣ ਦੇ ਬਾਵਜੂਦ ਉਨ੍ਹਾਂ ਨੇ ਸ਼ਾਂਤਮਈ ਸੰਘਰਸ਼ ਕਰ ਰਹੀਆਂ ਪੀੜਤ ਅਧਿਆਪਕਾਵਾਂ ਤੇ ਸਕੂਲੀ ਵਿਦਿਆਰਥੀਆਂ ਦੇ ਮਾਪਿਆਂ ਦੀਆਂ ਹੱਕੀ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਉਲਟਾ ਪੁਲੀਸ ਜਬਰ ਨੂੰ ਹਰੀ ਝੰਡੀ ਦੇ ਦਿੱਤੀ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਤਾਨਾਸ਼ਾਹ ਪ੍ਰਬੰਧਕੀ ਕਮੇਟੀ ਵੱਲੋਂ ਸਕੂਲ ਦਾ ਮਾਹੌਲ ਖਰਾਬ ਕਰਨ ਦਾ ਮਾਰੂ ਅਸਰ ਵਿਦਿਆਰਥੀਆਂ ਦੀ ਪੜ੍ਹਾਈ ਉੱਤੇ ਪੈ ਰਿਹਾ ਹੈ, ਜਿਹੜੇ ਜ਼ਿਆਦਾਤਰ ਆਮ ਕਿਸਾਨਾਂ ਮਜ਼ਦੂਰਾਂ ਤੇ ਹੋਰ ਕਿਰਤੀ ਕਾਮਿਆਂ ਦੇ ਬੱਚੇ ਹਨ। ਇਸ ਲਈ ਜਥੇਬੰਦੀ ਵੱਲੋਂ ਹੱਕੀ ਸੰਘਰਸ਼ ਕਰ ਰਹੀਆਂ ਪੀੜਤ ਅਧਿਆਪਕਾਵਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਇਨਸਾਫ ਦਿਵਾਉਣ ਲਈ ਉਨ੍ਹਾਂ ਦੇ ਘੋਲ ਦੀ ਡਟਵੀਂ ਹਮਾਇਤ ਜਾਰੀ ਰੱਖੀ ਜਾਵੇਗੀ। ਉਨ੍ਹਾਂ ਨੇ ਪ੍ਰਭਾਵਿਤ ਮਾਪਿਆਂ ਤੇ ਵਿਦਿਆਰਥੀਆਂ ਸਮੇਤ ਪੰਜਾਬ ਦੇ ਸਮੂਹ ਇਨਸਾਫਪਸੰਦ ਲੋਕਾਂ ਨੂੰ ਇਸ ਧੱਕੇਸ਼ਾਹੀ ਵਿਰੁੱਧ ਸਾਂਝੇ ਜਨਤਕ ਸੰਘਰਸ਼ ਵਿੱਚ ਪ੍ਰਵਾਰਾਂ ਸਮੇਤ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ।

# ਹਾਈਕੋਰਟ ਵੱਲੋਂ 'ਸਿਆਸੀ ਮੁੱਛ ਦੇ ਵਾਲ' ਐਕਸੀਅਨ ਦੀ ਅਗਾਊਂ ਜ਼ਮਾਨਤ ਅਰਜੀ ਖਾਰਜ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com

ਬਠਿੰਡਾ,5 ਅਪਰੈਲ2025 :ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਨਗਰ ਨਿਗਮ ਬਠਿੰਡਾ ਦੇ ਐਕਸੀਅਨ ਗੁਰਪ੍ਰੀਤ ਸਿੰਘ ਬੁੱਟਰ ਵੱਲੋਂ ਅਗਾਓੂੰ ਜਮਾਨਤ ਲਈ ਦਾਇਰ ਅਰਜੀ ਰੱਦ ਕਰ ਦਿੱਤੀ ਹੈ। ਬਠਿੰਡਾ ਵਿਜੀਲੈਂਸ ਵੱਲੋਂ ਨੇ ਫਰਵਰੀ ਵਿੱਚ ਬੁੱਟਰ ਖਿਲਾਫ ਸਰੋਤਾਂ ਤੋਂ ਵੱਧ ਸੰਪਤੀ ਬਨਾਉਣ ਦੇ ਦੋਸ਼ਾਂ ਹੇਠ ਮੁਕੱਦਮਾ ਦਰਜ ਕੀਤਾ ਸੀ । ਐਕਸੀਅਨ ਗ੍ਰਿਫਤਾਰੀ ਤੋਂ ਡਰਦਾ ਫਰਾਰ ਚੱਲਿਆ ਆ ਰਿਹਾ ਹੈ ਅਤੇ ਵਿਜੀਲੈਂਸ ਉਸ ਦੀ ਪੈੜ ਨੱਪਣ ਵਿੱਚ ਹੁਣ ਤੱਕ ਅਸਫਲ ਰਹੀ ਹੈ। ਹੁਣ ਐਕਸੀਅਨ ਗੁਰਪ੍ਰੀਤ ਸਿੰਘ ਬੁੱਟਰ ਕੋਲ ਵਿਜੀਲੈਂਸ ਕੋਲ ਪੇਸ਼ ਹੋਣ ਤੋਂ ਸਿਵਾਏ ਕੋਈ ਦੂਸਰਾ ਰਾਹ ਬਚਿਆ ਨਜ਼ਰ ਨਹੀਂ ਆ ਰਿਹਾ ਹੈ। ਹਾਲਾਂਕਿ ਇੱਕ ਕਾਨੂੰਨੀ ਮਾਹਿਰ ਨੇ ਦੱਸਿਆ ਹੈ ਕਿ ਬੁੱਟਰ ਕੋਲ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦਾ ਬਦਲ ਹੈ ਪਰ ਉੱਥੋਂ ਵੀ ਕੋਈ ਰਾਹਤ ਮਿਲਣ ਦੀ ਸੰਭਾਵਨਾ ਮੁਸ਼ਕਲ ਜਾਪਦੀ ਹੈ। ਇਸ ਤੋਂ ਪਹਿਲਾਂ ਐਕਸੀਅਨ ਨੇ ਜਿਲ੍ਹਾ ਅਦਾਲਤ ਕੋਲ ਅਗਾਊਂ ਜਮਾਨਤ ਲਈ ਅਰਜੀ ਦਿੱਤੀ ਸੀ ਜੋ ਖਾਰਜ




ਵਿਜੀਲੈਂਸ ਦਫਤਰ ਤੇ ਇਨਸੈਟ ਐਕਸੀਅਨ ਬੁੱਟਰ

ਹੋ ਗਈ ਸੀ।

ਇਸ ਤੋਂ ਬਾਅਦ ਗੁਰਪ੍ਰੀਤ ਬੁੱਟਰ ਨੇ ਹਾਈਕੋਰਟ ਦਾ ਦਰਵਾਜਾ ਖੜਕਾਇਆ ਜਿੱਥੇ ਅਦਾਲਤ ਨੇ ਸੁਣਵਾਈ ਲਈ 21 ਮਾਰਚ ਦਾ ਦਿਨ ਤੈਅ ਕੀਤਾ ਸੀ। ਕਿਸੇ ਕਾਰਨ ਕਾਰਨ ਉਸ ਦਿਨ ਸੁਣਵਾਈ ਨਾਂ ਹੋ ਸਕੀ ਤਾਂ ਅਦਾਲਤ ਨੇ 24 ਮਾਰਚ ਦੀ ਤਰੀਕ ਦਿੱਤੀ ਸੀ। ਇਸ ਦਿਨ ਵਿਜੀਲੈਂਸ ਵੱਲੋਂ ਗੁਰਪ੍ਰੀਤ ਸਿੰਘ ਬੁੱਟਰ ਖਿਲਾਫ ਕੋਈ ਰਿਕਾਰਡ ਨਾਂ ਪੇਸ਼ ਕਰਨ ਕਾਰਨ ਅਗਲੀ ਸੁਣਵਾਈ ਲਈ 4 ਮਾਰਚ ਦਾ ਦਿਨ ਰੱਖਿਆ ਸੀ ਜਿੱਥੇ ਹੁਣ ਗੁਰਪ੍ਰੀਤ ਬੁੱਟਰ ਨੂੰ ਹਾਈਕੋਰਟ ਤੋਂ ਝਟਕਾ ਲੱਗਿਆ ਹੈ ਤਾਂ ਉਸ ਨੂੰ ਵਿਜੀਲੈਂਸ ਕੋਲ ਜਾਂਚ 'ਚ ਸ਼ਾਮਲ ਲਈ ਪੇਸ਼ ਹੋਣ ਦਾ ਰਾਹ ਰਹਿ ਗਿਆ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਸ਼ੁੱਕਰਵਾਰ ਨੂੰ ਹੋਈ ਸੁਣਵਾਈ ਦੌਰਾਨ ਵਿਜੀਲੈਂਸ ਨੇ ਅਦਾਲਤ ਨੂੰ ਜਾਣਕਾਰੀ ਦਿੱਤੀ ਸੀ ਕਿ ਇੱਕ ਸ਼ਕਾਇਤ ਦੇ ਅਧਾਰ ਤੇ ਕੇਸ ਦਰਜ ਕਰਨ ਤੋਂ ਬਾਅਦ ਕੀਤੀ ਗਈ ਪੜਤਾਲ ਦੌਰਾਨ ਨਗਰ ਨਿਗਮ ਬਠਿੰਡਾ ਦੇ ਕਾਰਜਕਾਰੀ ਇੰਜਨੀਅਰ ਗੁਰਪ੍ਰੀਤ ਸਿੰਘ ਬੁੱਟਰ ਕੋਲ ਚੱਲ ਤੇ ਅਚੱਲ ਜਾਇਦਾਦ ਹੋਣ ਦਾ ਪਰਦਾਫਾਸ਼ ਹੋਇਆ ਹੈ ।

ਵਿਜੀਲੈਂਸ ਨੇ ਕਿਹਾ ਸੀ ਕਿ ਇਸ ਮਾਮਲੇ ਵਿੱਚ ਸਹੀ ਤੱਥ ਸਾਹਮਣੇ ਲਿਆਉਣ ਅਤੇ ਇਸ ਦੌਰਾਨ ਹੋਏ ਕਥਿਤ ਭ੍ਰਿਸ਼ਟਾਚਾਰ ਦੀ ਜਾਂਚ ਲਈ ਬੁੱਟਰ ਦੀ ਗ੍ਰਿਫਤਾਰੀ ਅਤੇ ਹਿਰਾਸਤੀ ਪੁੱਛਗਿਛ ਲਾਜਮੀ ਹੈ। ਵਿਜੀਲੈਂਸ ਨੇ ਇਹ ਵੀ ਕਿਹਾ ਸੀ ਕਿ ਇਸ ਦੌਰਾਨ ਬੈਂਕ ਖਾਤਿਆਂ ਦੇ ਨਾਲ ਬੁੱਟਰ ਅਤੇ ਉਸ ਦੇ ਪ੍ਰੀਵਾਰਕ ਮੈਂਬਰਾਂ ਦੇ ਨਾਮ ਤੇ ਚੱਲ ਜਾਂ ਅਚੱਲ ਸੰਪਤੀ ਦੇ ਵੇਰਵੇ ਇਕੱਠੇ ਕਰਨੇ ਵੀ ਜਰੂਰੀ ਹੈ। ਇਸ ਤੋਂ ਬਾਅਦ ਹੁਣ ਐਕਸੀਅਨ ਗੁਰਪ੍ਰੀਤ ਸਿੰਘ ਬੁੱਟਰ ਨੂੰ ਵਿਜੀਲੈਂਸ ਕੋਲ ਪੇਸ਼ ਹੋਕੇ ਜਾਂਚ 'ਚ ਸ਼ਾਮਲ ਹੋਣਾ ਪੈਣਾ ਹੈ। ਗੌਰਤਲਬ ਹੈ ਕਿ ਆਪਣੇ ਖਿਲਾਫ ਮੁਕੱਦਮਾ ਦਰਜ ਹੋਣ ਤੋਂ ਬਾਅਦ ਗੁਰਪ੍ਰੀਤ ਸਿੰਘ ਬੁੱਟਰ ਲਗਾਤਾਰ ਫਰਾਰ ਹੈ। ਹਾਲਾਂਕਿ ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬੁੱਟਰ ਦੀ ਗ੍ਰਿਫਤਾਰੀ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ ਫਿਰ ਵੀ ਇੱਕ ਵਿਅਕਤੀ ਨੂੰ ਲੱਭ ਨਾਂ ਸਕਣ ਕਾਰਨ ਵਿਜੀਲੈਂਸ ਕਾਰਗੁਜ਼ਾਰੀ ਤੇ ਕਈ ਤਰਾਂ ਦੇ ਸਵਾਲ ਖੜ੍ਹੇ ਹੋਣ ਲੱਗੇ ਹਨ।

ਲੋਕ ਆਖਦੇ ਹਨ ਕਿ ਨਗਰ ਨਿਗਮ ਦੇ ਇਸ ਅਫਸਰ ਨੂੰ ਧਰਤੀ ਨਿਗਲ ਗਈ ਜਾਂ ਅਸਮਾਨ ਖਾ ਗਿਆ ਜੋ ਹੁਣ ਤੱਕ ਪੁਲਿਸ ਦੀ ਪਹੁੰਚ ਤੋਂ ਬਾਹਰ ਹੈ। ਸ਼ਹਿਰ 'ਚ ਚੁੰਝ ਚਰਚਾ ਹੈ ਕਿ ਐਕਸੀਅਨ ਬੁੱਟਰ ਦੀ ਨਾਂ ਕੇਵਲ ਉੱਚ ਪੱਧਰ ਤੱਕ ਤਕੜੀ ਪਹੁੰਚ ਹੈ ਬਲਕਿ ਹਰ ਸਰਕਾਰ ਦੌਰਾਨ ਉਹ ਸਿਆਸੀ ਲੋਕਾਂ ਦੇ ਚਹੇਤਾ ਰਿਹਾ ਹੈ ਜਿੰਨ੍ਹਾਂ ਦੀ ਛਤਰ ਛਾਇਆ ਹੇਠ ਉਹ ਖੁੱਲ੍ਹਕੇ ਖੇਡ੍ਹਦਾ ਰਿਹਾ ਹੈ ਤਾਂ ਹੀ ਤਾਂ ਉਹ ਹੁਣ ਤੱਕ ਪੁਲਿਸ ਦੇ ਹੱਥ ਨਹੀਂ ਲੱਗ ਸਕਿਆ ਹੈ। ਵਿਜੀਲੈਂਸ ਪੜਤਾਲ ਮੁਤਾਬਕ

ਬਾਕੀ ਖਬਰ 11 ਪੇਜ ਤੇ

# *ਪੰਜਾਬ ਸਰਕਾਰ ਨਵੀਂ ਸਿੱਖਿਆ ਨੀਤੀ 2020 ਨੂੰ ਰੱਦ ਕਰਕੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਤਿਆਰ ਕਰੇ*-ਡੀ ਟੀ ਐਫ਼

## ਵਿੱਦਿਅਕ ਸਰੋਕਾਰਾਂ ਵਾਰੇ ਸੂਬਾ ਪੱਧਰੀ ਕਨਵੈਨਸ਼ਨ 8 ਨੂੰ ਵਿਖੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com

ਮੋਰਿੰਡਾ 5 ਮਾਰਚ, ( ਪਤਰ ਪ੍ਰੇਰਕ) ਆਮ ਆਦਮੀ ਪਾਰਟੀ ਵੱਲੋਂ ਪ੍ਰੈੱਸ ਬਿਆਨ ਰਾਹੀਂ ਡੀਟੀਐੱਫ ਉੱਤੇ 'ਸਿੱਖਿਆ ਸੁਧਾਰਾਂ ਦਾ ਵਿਰੋਧ ਕਰਨ ਅਤੇ ਸਰਕਾਰ ਦੇ ਯਤਨਾਂ ਦਾ ਸਿਆਸੀਕਰਨ' ਕਰਨ ਸੰਬੰਧੀ ਲਗਾਏ ਦੋਸ਼ਾਂ ਦਾ ਖੰਡਨ ਕਰਦਿਆਂ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਨੇ ਇਸ ਨੂੰ ਤੱਥਾਂ ਤੋਂ ਕੋਰੀ ਅਤੇ ਅਸਲ ਮੁੱਦਿਆਂ ਤੋਂ ਭਟਕਾਉਣ ਵਾਲੀ ਨਿੰਦਣਯੋਗ ਬਿਆਨਬਾਜ਼ੀ ਕਰਾਰ ਦਿੱਤਾ ਹੈ। ਡੀਟੀਐੱਫ ਨੇ ਵਿੱਦਿਅਕ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਸੁਹਿਰਦ ਅਧਿਆਪਕ ਜਥੇਬੰਦੀਆਂ 'ਤੇ ਹੀ ਆਪਣੀਆਂ ਨਾਕਾਮੀਆਂ ਦਾ ਠੀਕਰਾ ਭੰਨਣ ਦੀ ਬਜਾਏ ਪੰਜਾਬ ਸਰਕਾਰ ਤੋਂ ਸਿੱਖਿਆ ਸੁਧਾਰਾਂ ਨੂੰ ਹਕੀਕੀ ਰੂਪ ਵਿਚ ਲਾਗੂ ਕਰਨ ਦੀ ਮੰਗ ਕੀਤੀ ਹੈ। ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ 'ਆਪ' ਦੇ ਬੁਲਾਰੇ ਵੱਲੋਂ ਜਾਰੀ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਿੱਖਿਆ ਵਰਗੇ ਸੂਖਮ ਵਿਸ਼ੇ 'ਤੇ ਕਿਸੇ ਵੀ ਸਰਕਾਰੀ ਭਟਕਾਅ ਦਾ ਵਿੱਦਿਅਕ ਅਦਾਰਿਆਂ ਦੇ ਸਮੁੱਚੇ ਮਾਹੌਲ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਇਸ ਲਈ ਸਰਕਾਰ ਦੇ ਅਜਿਹੇ ਕਦਮਾਂ ਦੀ ਤਰਕ ਅਧਾਰਿਤ ਅਤੇ ਤੱਥਾਂ ਸਹਿਤ ਆਲੋਚਨਾ ਕਰਨੀ ਹਰੇਕ ਨਾਗਰਿਕ ਅਤੇ ਜਥੇਬੰਦੀ



ਦਾ ਮੁੱਢਲਾ ਫ਼ਰਜ਼ ਹੈ। ਇਸ ਆਲੋਚਨਾ ਨੂੰ ਸਾਕਾਰਾਤਮਕ ਢੰਗ ਨਾਲ ਲੈ ਕੇ ਫੈਸਲਿਆਂ ਵਿੱਚ ਸੁਧਾਰ ਕਰਨ ਦੀ ਥਾਂ ਉਲਟਾ ਜਥੇਬੰਦੀ 'ਤੇ ਇਲਜ਼ਾਮ ਤਰਾਸ਼ੀ ਕਰਨੀ ਸਰਕਾਰ ਅਤੇ 'ਆਪ' ਦਾ ਨਿੰਦਨਯੋਗ ਕਦਮ ਹੈ।

ਆਗੂਆਂ ਨੇ ਕਿਹਾ ਕਿ ਤਾਜ਼ਾ ਮਾਮਲੇ ਵਿੱਚ ਵੀ ਪੰਜਾਬ ਦੇ ਹਜ਼ਾਰਾਂ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਉਦਘਾਟਨ ਸਮਾਰੋਹ ਕਰਵਾਕੇ ਪਿਛਲੇ ਤਿੰਨ ਸਾਲਾਂ ਦੇ ਸਾਰੇ ਨੀਂਹ ਪੱਥਰਾਂ ਦੇ ਸਮੂਹਿਕ ਉਦਘਾਟਨਾਂ ਦੀ ਸਿਆਸੀ ਝੜੀ ਨੂੰ ਸਕੂਲਾਂ ਵਿੱਚ ਗੈਰ ਵਾਜਿਬ ਸਿਆਸੀ ਦਖ਼ਲਅੰਦਾਜ਼ੀ ਅਤੇ ਫਜ਼ੂਲ ਖਰਚੀ ਕਰਾਰ ਦਿੰਦੇ ਬਿਆਨ 'ਤੇ ਜਥੇਬੰਦੀ ਕਾਇਮ ਹੈ ਅਤੇ ਅਜਿਹੇ ਫੈਸਲਿਆਂ 'ਤੇ ਤੁਰੰਤ ਰੋਕ ਲਗਾਉਣ ਦੀ ਪੁਰਜੋਰ ਮੰਗ ਕਰਦੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦੇ ਸਕੂਲਾਂ ਵਿੱਚ ਹਰ ਸਾਲ ਵੱਖ-ਵੱਖ ਕਿਸਮ ਦੀਆਂ ਗ੍ਰਾਂਟਾਂ ਆਉਂਦੀਆਂ ਹਨ ਜੋ ਕਿ 2005 ਤੋਂ ਹੋਂਦ ਵਿੱਚ ਆਈਆਂ ਹੋਈਆਂ ਸਕੂਲ ਪ੍ਰਬੰਧਕ ਕਮੇਟੀਆਂ ਰਾਹੀਂ ਖਰਚ ਹੁੰਦੀਆਂ ਹਨ ਅਤੇ ਇਹਨਾਂ ਗ੍ਰਾਂਟਾਂ ਦਾ ਸਮੇਂ-ਸਮੇਂ ਤੇ ਵਿਭਾਗ ਵੱਲੋਂ ਆਡਿਟ ਵੀ ਹੁੰਦਾ ਹੈ। ਉਹਨਾਂ ਆਖਿਆ ਕਿ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਸਕੂਲ ਵਿੱਚ ਹਰ ਕੰਮ ਸੰਬੰਧੀ ਇਕੋ ਸਮੇਂ ਵੱਖਰੇ-ਵੱਖਰੇ ਉਦਘਾਟਨੀ ਪੱਥਰ ਲਗਾ ਕੇ ਕਰੋੜਾਂ ਰੁਪਏ ਬਰਬਾਦ ਕੀਤੇ ਜਾ ਰਹੇ ਹਨ। ਆਗੂਆਂ ਨੇ ਸਵਾਲ ਕੀਤਾ ਕਿ 'ਆਪ' ਦਾ ਬੁਲਾਰਾ ਪੰਜਾਬ ਦੇ ਇਤਿਹਾਸ ਤੋਂ ਵਾਕਿਫ ਨਹੀਂ ਹੈ, ਇਸੇ ਲਈ ਉਹ ਡੀਟੀਐੱਫ ਦੇ ਅਧਿਆਪਕ ਤੇ ਵਿੱਦਿਅਕ ਹਿੱਤਾਂ ਲਈ ਕੀਤੇ ਯਤਨਾਂ ਦੀ ਜਾਣਕਾਰੀ ਤੋਂ ਕੋਰਾ ਹੈ। ਡੀਟੀਐੱਫ ਵੱਲੋਂ ਪਿਛਲੇ ਸਮੇਂ ਦੌਰਾਨ ਸਿੱਖਿਆ ਦੇ ਹਿੱਤਾਂ ਨੂੰ ਲੈ ਕੇ ਜੱਥੇਬੰਦਕ ਸਰਗਰਮੀ ਲਗਾਤਾਰ ਕੀਤੀ ਗਈ ਹੈ, ਜਿਸ ਵਿੱਚ ਸੈਕੜੇ ਸੈਮੀਨਾਰਾਂ, ਕਨਵੈਨਸ਼ਨਾਂ ਅਤੇ ਪ੍ਰਦਰਸ਼ਨਾਂ ਰਾਹੀਂ ਵਿਦਿਆਰਥੀਆਂ ਅਤੇ ਵਿੱਦਿਅਕ ਹਿੱਤਾਂ ਦੀ ਬਾਤ ਪਾਈ ਜਾਂਦੀ ਰਹੀਂ ਹੈ। ਇਸੇ ਤਰਜ 'ਤੇ ਡੀਟੀਐੱਫ ਵੱਲੋਂ ਨਿਰੋਲ ਵਿੱਦਿਅਕ ਸਰੋਕਾਰਾਂ ਬਾਰੇ 8 ਅਪ੍ਰੈਲ ਨੂੰ ਚੰਡੀਗੜ੍ਹ ਵਿੱਚ ਸੂਬਾਈ ਕਨਵੈਨਸ਼ਨ ਕੀਤੀ ਜਾ ਰਹੀਂ ਹੈ, ਜਿਸ ਵਿੱਚ ਵਿਦਿਆਰਥੀ ਅਤੇ ਵਿੱਦਿਅਕ ਹਿੱਤਾਂ ਦੇ ਉਲਟ ਭੁਗਤਦੀ ਨਵੀਂ ਸਿੱਖਿਆ ਨੀਤੀ-2020 ਨੂੰ ਰੱਦ ਕਰਵਾਕੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਘੜਣ ਅਤੇ ਸਿੱਖਿਆ ਨੂੰ ਸਮਵਰਤੀ ਦੀ ਥਾਂ ਰਾਜ ਸੂਚੀ ਵਿੱਚ ਲਿਆਉਣ ਦੀ ਮੰਗ ਉਭਾਰੀ ਜਾਵੇਗੀ। ਡੀ ਟੀ ਐੱਫ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਗੁਰਪਿਆਰ ਕੋਟਲੀ, ਰਾਜੀਵ ਬਰਨਾਲਾ, ਬੇਅੰਤ ਫੂਲੇਵਾਲਾ, ਹਰਜਿੰਦਰ ਗੁਰਦਾਸਪੁਰ, ਜਗਪਾਲ ਬੰਗੀ ਅਤੇ ਰਘਵੀਰ ਭਵਾਨੀਗੜ੍ਹ ਨੇ ਕਿਹਾ ਕਿ ਸਿੱਖਿਆ ਵਿੱਚ ਸੁਧਾਰ ਉਦਘਾਟਨੀ ਪੱਥਰ ਲਾਉਣ ਨਾਲ ਨਹੀਂ ਸਗੋਂ ਸਕੂਲਾਂ ਵਿੱਚ ਖਾਲੀ ਪਈਆਂ ਲੱਗਭੱਗ 44% ਪ੍ਰਿੰਸੀਪਲਾਂ ਸਮੇਤ ਹੈੱਡਮਾਸਟਰਾਂ, ਲੈਕਚਰਾਰਾਂ, ਅਧਿਆਪਨ ਅਤੇ ਗੈਰ-ਅਧਿਆਪਨ ਕਾਡਰਾਂ ਦੀਆਂ ਹਜ਼ਾਰਾਂ ਅਸਾਮੀਆਂ ਭਰਨ, ਪੰਜਾਬ ਦੀਆਂ ਲੋੜਾਂ ਅਨੁਸਾਰ ਆਪਣੀ ਸਿੱਖਿਆ ਨੀਤੀ ਤਿਆਰ ਕਰਦਿਆਂ ਸਾਰੇ ਵਿਦਿਆਰਥੀਆਂ ਨੂੰ ਇੱਕ ਸਮਾਨ ਸਿੱਖਿਆ ਤੇ ਸਹੂਲਤਾਂ ਪ੍ਰਦਾਨ ਕਰਨ, ਵਿੱਦਿਅਕ ਸੰਸਥਾਵਾਂ ਵਿੱਚ ਸਿਆਸੀ ਦਖ਼ਲ ਅੰਦਾਜ਼ੀ ਰੋਕਣ ਨਾਲ ਹੀ ਸੰਭਵ ਹੋ ਸਕਦੇ ਹਨ। ਉਹਨਾਂ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਨੂੰ ਸਵਾਲ ਕੀਤਾ ਕਿ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਘੜਨ ਦੀ ਥਾਂ ਮੋਦੀ ਸਰਕਾਰ ਦੀ ਸਿੱਖਿਆ ਨੀਤੀ-2020 ਲਾਗੂ ਕਰਨਾ, ਪੀ.ਐੱਮ. ਸ਼੍ਰੀ ਸਕੂਲਾਂ ਤੇ ਸਕੂਲ ਆਫ਼ ਐਮੀਨੈਂਸ ਸਕੂਲਾਂ ਦੇ ਮੁਕਾਬਲੇ ਪੰਜਾਬ ਦੇ ਸਾਧਾਰਨ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਿਲਦੀਆਂ ਸਹੂਲਤਾਂ, ਸਕੂਲਾਂ ਨੂੰ ਮਿਲਦੀਆਂ ਗ੍ਰਾਂਟਾਂ ਅਤੇ ਸਟਾਫ਼ ਦੀ ਤਾਇਨਾਤੀ ਸੰਬੰਧੀ ਕੀਤੀ ਜਾ ਰਹੀ ਵਿਤਕਰੇਬਾਜ਼ੀ ਕਿਹੜੇ ਸਿੱਖਿਆ ਸੁਧਾਰਾਂ ਦਾ ਹਿੱਸਾ ਹੈ ? ਜਥੇਬੰਦੀ ਨੇ ਸਪੱਸ਼ਟ ਕੀਤਾ ਕਿ ਵਿਦਿਆਰਥੀ, ਅਧਿਆਪਕਾਂ ਅਤੇ ਸਿੱਖਿਆ ਸਰੋਕਾਰਾਂ ਸੰਬੰਧੀ ਡੀਟੀਐੱਫ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਨਿਡਰਤਾ ਨਾਲ ਯਤਨਸ਼ੀਲ ਰਹੇਗੀ।

# ਫੂਡ ਸੇਫਟੀ ਟੀਮ ਵੱਲੋਂ ਨਵਰਾਤਿਆਂ ਦੌਰਾਨ ਵੱਖ-ਵੱਖ ਖਾਧ ਪਦਾਰਥਾਂ ਦੇ 7 ਸੈਂਪਲ ਲਏ ਗਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਮਾਣਯੋਗ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਪੰਜਾਬ ਸ਼੍ਰੀ ਦਿਲਰਾਜ ਸਿੰਘ ਆਈਏਐਸ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ ਪਵਨ ਕੁਮਾਰ ਸ਼ਗੋਤਰਾ ਦੇ ਹੁਕਮਾਂ ਅਤੇ ਜ਼ਿਲਾ ਸਿਹਤ ਅਫ਼ਸਰ ਦਾ ਜਤਿੰਦਰ ਭਾਟੀਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਵੱਲੋ ਲੋਕਾਂ ਨੂੰ ਜਾਗਰੂਕ ਕਰਨ



ਦੇ ਸਾਰਥਕ ਯਤਨ ਕੀਤੇ ਜਾਂਦੇ ਹਨ। ਨਵਰਾਤਿਆਂ ਨੂੰ ਮੁੱਖ ਰੱਖਦੇ ਹੋਏ ਫੂਡ ਸੇਫਟੀ ਅਫਸਰ ਸ੍ਰੀ ਵਿਵੇਕ ਕੁਮਾਰ ਅਤੇ ਉਹਨਾਂ ਦੀ ਟੀਮ ਵੱਲੋਂ ਹੁਸ਼ਿਆਰਪੁਰ ਸ਼ਹਿਰ ਦੀਆਂ ਵੱਖ-ਵੱਖ ਖਾਧ ਪਦਾਰਥ ਵੇਚਣ ਵਾਲੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਫੂਡ ਸੇਫਟੀ ਅਫ਼ਸਰ ਵਿਵੇਕ ਕੁਮਾਰ ਵੱਲੋਂ ਨਵਰਾਤਿਆਂ ਦੌਰਾਨ ਇਸਤੇਮਾਲ ਹੋਣ ਵਾਲੇ ਵੱਖ-ਵੱਖ ਖਾਧ ਪਦਾਰਥ ਜਿਵੇਂ ਕੱਟੂ ਦਾ ਆਟਾ, ਸਵਾਂਕ ਚਾਵਲ, ਵਰਤ ਲਈ ਇਸਤੇਮਾਲ ਹੋਣ ਵਾਲੇ ਆਟੇ, ਬਰਫੀ ਅਤੇ ਗੁਲਾਬਜਾਮਣ ਦੇ ਕੁੱਲ 7 ਸੈਂਪਲ ਲਏ ਗਏ। ਜਿਸਨੂੰ ਅੱਗੇ ਚੈਕਿੰਗ ਲਈ ਫੂਡ ਲੈਬ ਭੇਜ ਦਿੱਤਾ ਗਿਆ ਹੈ। ਜਿਸਦੀ ਰਿਪੋਰਟ ਆਉਣ ਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਖਾਧ ਪਦਾਰਥ ਵਿਕਰੇਤਾਵਾਂ ਨੂੰ ਐੱਫਐਸਐਸਏਆਈ ਦੇ ਨਿਯਮਾਂ ਦੀ ਪਾਲਣਾ ਕਰਨ ਅਤੇ ਲੋਕਾਂ ਨੂੰ ਸਾਫ ਸੁਥਰਾ ਭੋਜਨ ਹੀ ਮੁਹੱਈਆ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ।

# ਸਰਬ ਨੌਜਵਾਨ ਸਭਾ ਵਲੋਂ ਸੰਚਾਲਿਤ ਵੋਕੇਸ਼ਨਲ ਸੈਂਟਰ 'ਚ ਕਰਵਾਇਆ ਵਿੱਤੀ ਸਾਖਰਤਾ ਵਿਸ਼ੇ 'ਤੇ ਸੈਮੀਨਾਰ

## * ਮੁੱਖ ਬੁਲਾਰਿਆਂ ਵਜੋਂ ਪਹੁੰਚੀ ਮਿੱਤਲ ਸਕੂਲ ਆਫ ਬਿਜਨੇਸ ਦੀ ਟੀਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਫਗਵਾੜਾ 5 ਅਪ੍ਰੈਲ ( ) ਸਰਬ ਨੌਜਵਾਨ ਸਭਾ ਵੱਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਥਾਨਕ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਵਿਖੇ ਸੰਚਾਲਿਤ ਵੋਕੇਸ਼ਨਲ ਸੈਂਟਰ ਵਿਖੇ ਅੱਜ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ.) ਦੇ ਮਿੱਤਲ ਸਕੂਲ ਆਫ ਬਿਜਨੇਸ ਵਲੋਂ ਵਿੱਤੀ ਸਾਖਰਤਾ ਵਿਸ਼ੇ ਤੇ ਇਕ ਸੈਮੀਨਾਰ ਕਰਵਾਇਆ ਗਿਆ। ਇਸ ਦੌਰਾਨ ਮੁੱਖ ਬੁਲਾਰਿਆਂ ਵਜੋਂ ਪਹੁੰਚੇ ਪ੍ਰੋਫੈਸਰ ਰਵੀ ਅਤੇ ਅਨੂਪ ਮੋਹੰਤੀ ਵੱਲੋਂ ਬਚਤ ਦੀ ਜਰੂਰਤ ਅਤੇ ਵੱਖ ਵੱਖ ਵਿੱਤੀ ਧੋਖੇਧੜੀਆਂ ਤੋਂ ਬਚਾਅ ਬਾਰੇ ਜਾਗਰੁਕ ਕਰਦੇ ਹੋਏ ਵੋਕੇਸ਼ਨਲ ਸੈਂਟਰ ਦੀਆਂ ਸਿੱਖਿਆਰਥਣਾਂ ਨੂੰ ਮਹੱਤਵਪੂਰਣ ਜਾਣਕਾਰੀ ਦਿੱਤੀ ਗਈ। ਪ੍ਰੋਫੈਸਰ ਰਵੀ ਕੁਮਾਰ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਪੈਸਿੱਆਂ ਦੀ ਬੱਚਤ ਪੁੱਤਰਾਂ ਵਾਂਗ ਹੁੰਦੀ ਹੈ ਜੋ ਬੁਢਾਪੇ ਜਾਂ ਲਾਚਾਰੀ ਸਮੇਂ ਕੰਮ ਆਉਂਦੀ ਹੈ। ਇਸ ਮੌਕੇ ਲੈਕਚਰਾਰ ਹਰਜਿੰਦਰ ਗੋਗਨਾ, ਰਵਿੰਦਰ ਸਿੰਘ ਰਾਏ ਰਿਟਾ. ਬੈਂਕ ਮੈਨੇਜਰ, ਸਮਾਜ ਸੇਵਕ ਰਮਨ ਨਹਿਰਾ ਨੇ ਵਿੱਤੀ ਧੋਖਾਧੜੀ ਬਾਰੇ ਜਾਗਰੁਕ ਕਰਦਿਆਂ ਕਿਹਾ ਕਿ ਅੱਜਕਲ ਆਨਲਾਈਨ ਫਰਾਡ ਬਹੁਤ ਜਿਆਦਾ ਵੱਧ ਗਏ ਹਨ। ਜੇਕਰ ਕੋਈ ਵਿਅਕਤੀ ਆਪਣੇ ਬਚਤ ਖਾਤੇ ਦੀ ਆਨਲਾਈਨ ਵਰਤੋਂ ਕਰਦਾ ਹੈ ਤਾਂ ਉਸਨੂੰ ਬਹੁਤ ਸਚੇਤ ਰਹਿਣ ਦੀ ਲੋੜ ਹੈ। ਉਹਨਾਂ ਦੱਸਿਆ ਕਿ ਵਿਦੇਸ਼ਾਂ ਤੋਂ ਰਿਸ਼ਤੇਦਾਰਾਂ ਦੀ ਆਵਾਜ ਵਿਚ ਫੋਨ, ਕਰੈਡਿਟ ਕਾਰਡ ਬਨਾਉਣ ਦਾ ਲਾਲਚ ਜਾਂ ਬੈਂਕ, ਪੁਲਿਸ, ਈ.ਡੀ. ਆਦਿ ਦੇ ਅਧਿਕਾਰੀ ਦੱਸਕੇ ਵੀ ਆਨਲਾਈਨ ਠੱਗਾਂ ਵਲੋਂ ਓ.ਟੀ.ਪੀ. ਸਾਂਝਾ ਕਰਨ ਲਈ ਕਹਿ ਕੇ ਤੇ ਡਿਜੀਟਲ ਅਰੈਸਟ ਆਦਿ ਦੇ ਰੂਪ ਵਿਚ ਠੱਗੀ ਦੇ ਜਾਲ ਵਿਚ ਫਸਾਉਣ ਦੀਆਂ ਬਹੁਤ ਸਾਰੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਇਸ ਲਈ ਅਜਿਹੇ ਠੱਗਾਂ ਦੀ ਸ਼ਿਕਾਇਤ ਤੁਰੰਤ ਪੁਲਿਸ ਨੂੰ ਕਰਨੀ ਚਾਹੀਦੀ ਹੈ। ਅਖੀਰ ਵਿਚ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਇਸ ਜਾਗਰੂਕਤਾ ਪ੍ਰੋਗਰਾਮ ਲਈ ਮਿੱਤਲ ਸਕੂਲ ਆਫ ਬਿਜਨੇਸ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਅਜਿਹੇ ਲਾਹੇਵੰਦ ਪ੍ਰੋਗਰਾਮਾਂ ਲਈ ਹਮੇਸ਼ਾ ਸਹਿਯੋਗ ਦਾ ਭਰੋਸਾ ਦਿੱਤਾ। ਸਭਾ ਵਲੋਂ ਮੁੱਖ ਬੁਲਾਰਿਆਂ ਅਤੇ ਉਹਨਾਂ ਦੇ ਨਾਲ ਪਹੁੰਚੇ ਮਿੱਤਲ ਸਕੂਲ ਆਫ ਬਿਜਨਸ ਨਾਲ ਜੁੜੇ ਵਿਦਿਆਰਥੀਆਂ ਯਸ਼ ਕਾਇਲ, ਸ੍ਰਿਸ਼ਟੀ, ਮਾਨਵ, ਸਾਹਿਲ ਅਤੇ ਟੋਕੋ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਮੈਨੇਜਰ ਜਗਜੀਤ ਸੇਠ, ਪਰਮਜੀਤ ਰਾਏ, ਮੈਡਮ ਤਨੂੰ, ਮੈਡਮ ਗੁਰਜੀਤ ਕੌਰ , ਮੈਡਮ ਨਵਜੋਤ ਕੌਰ, ਮੈਡਮ ਆਸ਼ੂ ਬੱਗਾ, ਮੈਡਮ ਸਪਨਾ ਸ਼ਾਰਦਾ, ਗੁਰਸ਼ਰਨ ਬਾਸੀ ਤੋਂ ਇਲਾਵਾ ਸੈਂਟਰ ਦੀਆਂ ਵਿਦਿਆਰਥਣਾਂ ਸਿਮਰਨ, ਅਮਨਪ੍ਰੀਤ, ਕੋਮਲ, ਹਰਮਨ, ਕਿਰਨ, ਮਮਤਾ , ਹਰਮੀਨ , ਅੰਜਲੀ ਕੁਮਾਰੀ, ਪ੍ਰਿਯੰਕਾ, ਨੇਹਾ, ਗਗਨਦੀਪ ਸਨਜਨਾ, ਪਰਭਜੋਤ, ਖੁਸ਼ੀ , ਅੰਜਲੀ ਹੀਰ, ਸਵੀਟੀ, ਨੀਰਜ, ਸਨੇਹਾ, ਜਸਪ੍ਰੀਤ, ਪ੍ਰਿਆ, ਰੀਤਾ, ਨੇਹਾ, ਰਿਮਪਿ ਰਾਣੀ, ਸੁਰਜੀਤ, ਖੁਸ਼ੀ, ਰਜਨੀ, ਜਸਪ੍ਰੀਤ ਕੌਰ, ਸੀਮਾ, ਨਿਸ਼ਾ, ਜਯੋਤੀ, ਰਮਣ, ਕਮਲ, ਲਵਪ੍ਰੀਤ, ਅਨਜੁਨਾ, ਕੌਸ਼ਲਿਆ, ਰੋਸ਼ਨੀ, ਪਿੰਕੀ, ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ, ਹਰਪ੍ਰੀਤ ਕੌਰ, ਨੇਹਾ, ਪ੍ਰਿਆ, ਦਿਲਜੋਤ, ਅਮਨਦੀਪ, ਮਨਰਾਜ, ਕਮਲ, ਗੁਰਪ੍ਰੀਤ ਕੌਰ, ਰਮਨਦੀਪ, ਜਯੋਤੀ, ਰੇਨੁਕਾ, ਜੈਸਮੀਨ, ਲਵਲੀਨ, ਮੇਘਾ, ਬਲਜੀਤ, ਜੈਸਮੀਨ ਆਦਿ ਹਾਜ਼ਰ ਸਨ।

# ਹਰਿਦੁਆਰ 'ਚ ਗੂੰਜੇ ਜੋ "ਬੋਲੇ ਸੋ ਨਿਰਭੈ , ਸਤਿਗੁਰੂ ਰਵਿਦਾਸ ਮਹਾਰਾਜ ਦੀ ਜੈ ਦੇ ਜੈਕਾਰੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਹੁ ਸ਼ਿ ਆ ਰ ਪੁ ਰ / ਹਰਿਦੁਆਰ 5 ਅਪ੍ਰੈਲ (ਤਰਸੇਮ ਦੀਵਾਨਾ ) ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਨਿਰਮਲਾ ਛਾਉਣੀ ਆਸ਼ਰਮ ਤੋਂ ਸ਼ੁਰੂ ਹੋ ਕੇ ਹਰਿ ਕੀ ਪਉੜੀ ਹਰਿਦੁਆਰ ਤਕ ਸ਼ਰਧਾ ਪੂਰਵਕ ਸਜਾਈ ਗਈ। ਇਸ ਵਿਚ ਪੰਜਾਬ, ਹਰਿਆਣਾ, ਹਿਮਾਚਲ, ਯੂ ਪੀ, ਉਤਰਾਖੰਡ ਅਤੇ ਦੇਸ਼ ਵਿਦੇਸ਼ ਦੀਆਂ ਹਜਾਰਾਂ ਸੰਗਤਾਂ ਹੁੰਮ ਹੁਮਾ ਕੇ ਸ਼ਾਮਲ ਹੋਈਆਂ। ਇਸ ਮੌਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸੁੰਦਰ ਸਰੂਪ ਵਾਲੀਆਂ ਝਾਕੀਆਂ ਸਜਾਈਆਂ ਗਈਆਂ ਸਨ ਅਤੇ ਸੁੰਦਰ ਰੱਥ ਤੇ ਸੰਤ ਪ੍ਰਗਟ ਨਾਥ ਜੀ ਬਾਲ ਯੋਗੀ ਬਾਲਮੀਕੀ ਆਸ਼ਰਮ ਨਕੋਦਰ, ਅਤੇ ਸੰਤ ਪਰਮਜੀਤ ਦਾਸ ਜੀ ਡੇਰਾ ਸੱਚਖੰਡ ਸੰਤ ਮੇਲਾ ਰਾਮ ਨਗਰ ਵਾਲੇ ਸ਼ੋਭਾ ਯਾਤਰਾ ਦੀ ਅਗਵਾਈ ਕਰ ਰਹੇ ਸਨ। ਰਸਤੇ ਵਿਚ ਹਰਿਦੁਆਰ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਜਥੇਬੰਦੀਆਂ ਦੇ ਆਗੂਆਂ ਵਲੋਂ ਸੁਸਾਇਟੀ ਦੇ ਸੰਤਾਂ ਮਹਾਂਪੁਰਸ਼ਾਂ ਨੂੰ ਫੁੱਲ ਮਲਾਵਾਂ ਅਤੇ ਸਿਰਪਾਓ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਅਤੇ ਸੰਗਤਾਂ ਲਈ ਠੰਡੇ , ਮਿੱਠੇ ਜਲ ਦੀਆਂ ਸਬੀਲਾਂ ਤੇ ਫਰੂਟ ਦੇ ਲੰਗਰ ਲਗਾਏ ਗਏ। ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵਲੋਂ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ ਦੀ ਸਰਪ੍ਰਸਤੀ ਹੇਠ ਅਤੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਅਤੇ ਸੁਸਾਇਟੀ ਦੇ ਸਮੂਹ ਸੰਤਾਂ, ਮਹਾਂਪੁਰਸ਼ਾਂ ਦੀ ਅਗਵਾਈ ਹੇਠ ਹਰਿ ਕੀ ਪਉੜੀ ਗੰਗਾ ਘਾਟ ਤੇ ਆਰਤੀ ਅਤੇ ਕੀਰਤਨ ਦੇ ਦੀਵਾਨ ਸਜਾਏ ਗਏ।

ਇਸ ਮੌਕੇ ਸੰਤਾਂ ਮਹਾਂਪੁਰਸ਼ਾਂ ਨੇ ਦੱਸਿਆ ਕਿ 6 ਅਪ੍ਰੈਲ ਨੂੰ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਜਾਣਗੇ ਅਤੇ 2 ਵਜੇ ਸ਼ੋਭਾ ਯਾਤਰਾ ਦੀ ਰੇਲ ਗੱਡੀ ਰਾਹੀਂ ਵਾਪਸੀ ਹੋਵੇਗੀ।

ਇਸ ਮੌਕੇ ਸੰਤ ਪਰਮਜੀਤ ਦਾਸ ਨਗਰ,ਸੰਤ ਸਰਵਣ ਦਾਸ ਸਲੇਮਟਾਵਰੀ, ,ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ,ਸੰਤ ਬਲਵੰਤ ਸਿੰਘ ਡਿੰਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ , ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ , ਸੰਤ ਪ੍ਰਗਟ ਨਾਥ ਬਾਲਯੋਗੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਹਰਮੀਤ ਸਿੰਘ, ਸੰਤ ਗੁਰਮੀਤ ਦਾਸ, ਰਜੇਸ਼ ਦਾਸ ਬਜਵਾੜਾ ਵੀ ਹਾਜਰ ਸਨ।

# ਬਾਜਵਾ ਸਪੋਰਟਸ ਐਂਡ ਹੈਲਪਿੰਗ ਹੈਂਡ ਕਲੱਬ ਵੱਲੋਂ ਅੱਧੀ ਦਰਜਨ ਪਿੰਡਾਂ ਦੇ ਸਕੂਲਾਂ ਦੇ ਬਚਿਆਂ ਨੂੰ ਕਾਪੀਆਂ ਤੇ ਸਟੇਸ਼ਨਰੀ ਵੰਡੀ

## ਬਲਾਕ ਮੋਰਿੰਡਾ ਦੇ 60 ਪਿੰਡਾਂ ਦੇ 2500 ਬੱਚਿਆਂ ਨੂੰ ਸਟੇਸ਼ਨਰੀ ਦਾ ਸਮਾਨ ਦੇਣ ਦਾ ਟੀਚਾ:- ਮਨਦੀਪ ਬਾਜਵਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com




ਨੋਟ- ਸਰਕਾਰੀ ਪ੍ਰਾਇਮਰੀ ਸਕੂਲ ਢੰਗਰਾਲੀ ਵਿਖੇ ਸਕੂਲ ਦੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਦਾ ਸਮਾਨ ਵੰਡਦੇ ਕਲੱਬ ਮੈਂਬਰ।

ਮੋਰਿੰਡਾ 5 ਅਪ੍ਰੈਲ ( ਪਤਰ ਪ੍ਰੇਰਕ):-ਬਾਜਵਾ ਸਪੋਰਟਸ ਐਂਡ ਹੈਲਪਿੰਗ ਹੈਂਡ ਕਲੱਬ ਮੋਰਿੰਡਾ ਵੱਲੋਂ ਮੋਰਿੰਡਾ ਬਲਾਕ ਦੇ ਅਧੀ ਦਰਜਨ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਕਾਪੀਆਂ ਤੇ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਪ੍ਰਧਾਨ ਮਨਦੀਪ ਸਿੰਘ ਬਾਜਵਾ ਨੇ ਦੱਸਿਆ ਕਿ ਅਸੀਂ ਛੋਟੀ ਜਿਹੀ ਸ਼ੁਰੂਆਤ ਕੀਤੀ ਹੈ ਜਿਸ ਵਿੱਚ ਅੱਜ ਅਸੀਂ ਪਿੰਡ ਢੰਗਰਾਲੀ, ਓਇੰਦ , ਰੌਣੀ ਕਲਾਂ, ਚੱਕਲਾਂ, ਕਜੋਲੀ, ਕਾਂਝਲਾ ਅਤੇ ਬੱਲਾਂ ਕਲਾਂ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਦਾ ਸਮਾਨ ਦਿਤਾ ਗਿਆ। ਉਹਨਾਂ ਕਿਹਾ ਕਿ ਅੱਜ ਸਾਡੇ ਵੱਲੋਂ 6 ਸਰਕਾਰੀ ਸਕੂਲਾਂ ਅਮਰਾਲੀ ਦੇ 213 ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਦਾ ਸਮਾਨ ਵੰਡ ਕੇ ਇਸ ਮੁਹਿੰਮ ਨੂੰ ਅੱਗੇ ਵਧਾਇਆ ਗਿਆ। ਉਹਨਾਂ ਕਿਹਾ ਕਿ ਸਾਨੂੰ ਆਪਣੀ ਸਮਰੱਥਾ ਦੇ ਅਨੁਸਾਰ ਹਰੇਕ ਲੋੜਵੰਦ ਵਿਅਕਤੀ ਦੀ ਸਹਾਇਤਾ ਕਰਨੀ ਚਾਹੀਦੀ ਹੈ। ਸਾਡੇ ਕਲੱਬ ਵੱਲੋਂ ਮੋਰਿੰਡਾ ਦੇ 60 ਪਿੰਡਾਂ ਦੇ ਸਕੂਲਾਂ ਚ ਕਰੀਬ 2500 ਬੱਚਿਆਂ ਨੂੰ ਕਾਪੀਆਂ ਤੇ ਸਟੇਸ਼ਨਰੀ ਦਾ ਸਮਾਨ ਵੰਡਿਆਂ ਜਾਵੇਗਾ । ਇਸ ਮੌਕੇ ਕਲੱਬ ਪ੍ਰਧਾਨ ਮਨਦੀਪ ਸਿੰਘ ਬਾਜਵਾ ਨੇ ਕਿਹਾ ਕਿ ਅਜੋਕੇ ਸਮੇ ਵਿੱਚ ਜਿਆਦਾਤਰ ਲੋਕ ਅਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੀ ਬਜਾਏ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇ ਰਹੇ ਹਨ ਜੋ ਕਿ ਗਲਤ ਵੀ ਨਹੀਂ ਹੈ ਹਰ ਮਾਂ ਬਾਪ ਅਪਣੇ ਬੱਚਿਆਂ ਦੇ ਭਵਿੱਖ ਨੂੰ ਸੋਚ ਕੇ ਪੜਾਂਉਦਾ ਹੈ ਪਰ ਸਾਡੇ ਸਰਕਾਰੀ ਸਕੂਲਾਂ ਵਿੱਚ ਵੀ ਪੜ੍ਹਾਉਣ ਵਾਲੇ ਅਧਿਆਪਕ ਵਧੀਆ ਕਾਰਗੁਜ਼ਾਰੀ ਵਿਖਾ ਰਹੇ ਹਨ ਪ੍ਰੰਤੂ ਫਿਰ ਵੀ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਤੇ ਅਸਮਰੱਥ ਪਰਿਵਾਰ ਅਪਣੇ ਬੱਚਿਆਂ ਦੇ ਭਵਿੱਖ ਲਈ ਸਰਕਾਰੀ ਸਕੂਲਾਂ ਵਿੱਚ ਪੜਾ ਰਹੇ ਹਨ ਜਿਨਾ ਦੀ ਹੌਂਸਲਾ ਅਫਜ਼ਾਈ ਲਈ ਸਾਡੇ ਕਲੱਬ ਵਲੋਂ ਬੱਚਿਆਂ ਨੂੰ ਸਟੇਸ਼ਨਰੀ ਦਾ ਸਮਾਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਸਕੂਲਾਂ ਦੇ ਪ੍ਰਬੰਧਕਾਂ ਵੱਲੋਂ ਪਿੰਡਾਂ ਵਿੱਚ ਆਏ ਹੋਏ ਦਾਨੀ ਸੱਜਣਾਂ ਦਾ ਵੱਲੋਂ ਸਿਰਪਾਓ ਦੇ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਕਲੱਬ ਮਾਰਕੀਟ ਕਮੇਟੀ ਮੋਰਿੰਡਾ ਦੇ ਸਾਬਕਾ ਚੇਅਰਮੈਨ ਗੁਰਵਿੰਦਰ ਸਿੰਘ ਕਕਰਾਲੀ,ਯੂਥ ਆਗੂ ਹਰਜੋਤ ਸਿੰਘ ਢੰਗਰਾਲੀ,ਅਮਰਜੀਤ ਸਿੰਘ ਲੱਲਾ ਰੌਣੀ,ਸਰਪੰਚ ਰਣਦੀਪ ਸਿੰਘ ਢੰਗਰਾਲੀ ਤੇ ਇਲਾਵਾ ਪੰਚਾਇਤ ਮੈਂਬਰ ਤੇ ਸਕੂਲ ਅਧਿਆਪਕ ਹਾਜਰ ਸਨ।

# ਪਿੰਡ ਫੁਲੇਰਾ ਵਿਖੇ 'ਨਸ਼ਿਆਂ ਨੂੰ ਨਾਂਹ ਅਤੇ ਜ਼ਿੰਦਗੀ ਨੂੰ ਹਾਂ' ਦਾ ਨਾਅਰਾ ਬੁਲੰਦ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ,5 ਅਪ੍ਰੈਲ (ਜਗਸੀਰ ਸਿੰਘ )-

ਨਸਾ ਮੁਕਤੀ ਚੇਤਨਾ ਸੰਘ ਜ਼ਿਲ੍ਹਾ ਸੰਗਰੂਰ ਦੇ ਕੋਆਰਡੀਨੇਟਰ ਅਤੇ ਕੁਦਰਤ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਪਰਮਜੀਤ ਸਿੰਘ ਬਡਰੁੱਖਾਂ ਵਾਲਿਆਂ ਦੀ ਅਗਵਾਈ ਹੇਠ, ਪਿੰਡ ਫੁਲੇਰਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਦੌਰਾਨ 'ਨਸ਼ਿਆਂ ਨੂੰ ਨਾਂਹ ਅਤੇ ਜ਼ਿੰਦਗੀ ਨੂੰ ਹਾਂ' ਦਾ ਨਾਅਰਾ ਬੁਲੰਦ ਕੀਤਾ ਗਿਆ। ਇਸ ਮੌਕੇ ਬਾਬਾ ਪਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਨਸ਼ੇ ਮਨੁੱਖ ਨੂੰ ਬਿਮਾਰੀਆਂ ਵੱਲ ਲੈ ਜਾਂਦੇ ਹਨ, ਨਸ਼ੇੜੀ ਵਿਅਕਤੀ ਦੀ ਸੋਚਣ ਅਤੇ ਸਮਝਣ ਦੀ ਸ਼ਕਤੀ ਖਤਮ ਹੋ ਜਾਂਦੀ ਹੈ ਅਤੇ ਸਮਾਜ ਵਿੱਚ ਕੋਈ ਵੀ ਉਸਨੂੰ ਪਸੰਦ ਨਹੀਂ ਕਰਦਾ, ਇਸ ਲਈ ਨਸ਼ੇ ਦੇ ਮਾੜੇ ਲੱਛਣਾਂ ਨੂੰ ਛੱਡ ਕੇ ਖੁਸ਼ਹਾਲ ਜੀਵਨ ਲਈ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਇਸ ਸਮੇਂ ਵੱਡੀ ਗਿਣਤੀ ਵਿੱਚ ਮੌਜੂਦ ਲੋਕਾਂ ਨੇ ਪਿੰਡ ਫੁਲੇਰਾ ਨੂੰ ਨਸ਼ਾ ਮੁਕਤ ਬਣਾਉਣ ਦਾ ਵਿਸ਼ਵਾਸ ਦਿਵਾਇਆ।

# ਅਰਸ਼ਦੀਪ ਕੌਰ ਨੇ ਕੀਤਾ ਅੱਠਵੀਂ ਜਮਾਤ ਦੇ ਨਤੀਜਿਆਂ ਚ ਪੰਜਾਬ ਚੋਂ 12 ਵਾ ਸਥਾਨ ਪ੍ਰਾਪਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ, 5 ਮਾਰਚ (ਜਗਸੀਰ ਸਿੰਘ) - ਸਥਾਨਕ ਸੰਗਰੂਰ ਦੇ ਨਗਨ ਬਾਬਾ ਸਾਹਿਬ ਪਬਲਿਕ ਸਕੂਲ ਦੀ ਵਿਦਿਆਰਥਣ ਅਰਸ਼ਦੀਪ ਕੌਰ ਨੇ 98.17 ਪ੍ਰਤੀਸ਼ਤ ਅੰਕ ਲੈ ਕੇ ਪੰਜਾਬ ਵਿੱਚੋ ਬਾਰਵਾਂ ਸਥਾਨ ਹਾਸਲ ਕੀਤਾ ਹੈ। ਸਕੂਲ ਦੇ ਪ੍ਰਿੰਸੀਪਲ ਅਮਨਦੀਪ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦਾ ਅੱਠਵੀਂ ਜਮਾਤ ਦਾ ਨਤੀਜਾ ਬੇਹੱਦ ਸ਼ਾਨਦਾਰ ਰਿਹਾ ਹੈ ਅਤੇ ਅੱਠਵੀਂ ਜਮਾਤ ਦੀ ਵਿਦਿਆਰਥਣ ਅਰਸ਼ਦੀਪ ਕੌਰ ਪੁੱਤਰੀ ਦਲਜੀਤ ਸਿੰਘ ਨੇ ਮੈਰਿਟ ਚ ਆ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ । ਉਨ੍ਹਾਂ ਕਿਹਾ ਸਕੂਲ ਦੀ ਵਿਦਿਆਰਥਣ ਨੇ ਮੈਰਿਟ ਸੂਚੀ ਵਿੱਚ ਆਪਣਾ ਨਾਅ ਦਰਜ ਕਰਵਾ ਕੇ ਸਕੂਲ ਦੇ ਅਧਿਆਪਕਾਂ ਦੀ ਲਾਜਵਾਬ ਮਿਹਨਤ ਦਾ ਸਬੂਤ ਦਿੰਦੇ ਹੋਏ ਸਮੁੱਚੇ ਇਲਾਕੇ ਦੀ ਸ਼ਾਨ ਵਿੱਚ ਵਾਧਾ ਕੀਤਾ ਹੈ। ਅੱਜ ਸਕੂਲ ਵਿੱਚ ਮੈਰਿਟ ਸੂਚੀ ਵਿਚ ਆਈ ਵਿਦਿਆਰਥਣ ਅਰਸ਼ਦੀਪ ਕੌਰ ਦਾ ਅਧਿਆਪਕਾਂ ਵਲੋਂ ਮੂੰਹ ਮਿੱਠਾ ਕਰਵਾਉਂਦੇ ਹੋਏ ਅਥਾਹ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਪੰਜਾਬੀ ਅਧਿਆਪਕਾ ਬਲਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੇ ਅੱਠਵੀਂ ਜਮਾਤ ਦਾ ਨਤੀਜਾ 100% ਰਿਹਾ ਅਤੇ ਮੈਰਿਟ ਸੂਚੀ ਵਿਚ ਆਉਣ ਵਾਲੀ ਵਿਦਿਆਰਥਣ ਅਰਸ਼ਦੀਪ ਕੌਰ ਬਹੁਤ ਹੀ ਮਿਹਨਤੀ ਹੈ।

# ਫਾਜ਼ਲੀ, ਭਵਾਨੀਗੜ੍ਹ, ਮੂਨਕ ਅਤੇ ਚੀਮਾ ਮੰਡੀ ਵਿਖੇ ਬਜ਼ੁਰਗਾਂ ਅਤੇ ਦਿਵਿਆਂਗ ਵਿਅਕਤੀਆਂ ਲਈ ਮੁਫਤ ਅਸੈਸਮੈਂਟ ਕੈਂਪ 7 ਤੋਂ - ਸ਼ਾਹਪੁਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪ੍ਰੈਲ
INTERNATIONAL PAPER, 9463601616
hardipchumber57@gmail.com

ਚੀਮਾਂ ਮੰਡੀ, 6 ਅਪ੍ਰੈਲ(ਜਗਸੀਰ ਲੌਂਗੋਵਾਲ) ਫਿਜੀਕਲ ਹੈਂਡੀਕੈਪਡ ਐਸੋਸੀਏਸ਼ਨ ਪੰਜਾਬ, ਚੰਡੀਗੜ੍ਹ ਰਜਿ, ਵੱਲੋਂ ਭਾਰਤ ਸਰਕਾਰ ਦੀ ਏਡੀਆਈਪੀ ਅਤੇ ਆਰ ਵੀ ਵਾਈ ਯੋਜਨਾ ਅਧੀਨ ਬਿਲਕੁੱਲ ਮੁਫ਼ਤ ਬਜੁਰਗਾਂ ਅਤੇ ਦਿਵਿਆਂਗ ਵਿਅਕਤੀਆਂ ਲਈ 4 ਰੋਜਾ ਅਸੈਸਮੈਂਟ ਕੈਂਪ 7 ਅਪ੍ਰੈਲ ਦਿਨ ਸੋਮਵਾਰ ਪਰਸੂਰਾਮ ਧਰਮਸ਼ਾਲਾ ਪਿੰਡ ਤੇ ਡਾਕਘਰ ਫਾਜਲੀ, 8 ਅਪ੍ਰੈਲ ਦਿਨ ਮੰਗਲਵਾਰ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਕਾਕੜਾ ਰੋਡ ਭਵਾਨੀਗੜ੍ਹ, 9 ਅਪ੍ਰੈਲ ਦਿਨ ਬੁੱਧਵਾਰ ਵੱਡਾ ਗੁਰਦੁਆਰਾ ਸਾਹਿਬ ਜਾਖਲ ਰੋਡ ਮੂਨਕ, 10 ਅਪ੍ਰੈਲ ਦਿਨ ਵੀਰਵਾਰ ਨੂੰ ਗੁਰਦੁਆਰਾ ਨਨਕਸਰ ਸਾਹਿਬ ਚੀਮਾ ਮੰਡੀ ਵਿਖੇ ਆਯੋਜਨ ਕੀਤਾ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਫਿਜੀਕਲੀ ਹੈਂਡੀਕੈਪਡ ਐਸੋਸੀਏਸ਼ਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਸਰਦਾਰ ਚਮਕੌਰ ਸਿੰਘ ਸ਼ਾਹਪੁਰ ਨੇ ਦੱਸਿਆ ਕਿ ਇੰਨਾ ਕੈਂਪਾਂ ਵਿੱਚ ਬਜੁਰਗਾਂ ਲਈ ਵੀਲ੍ਹ ਚੇਅਰ, ਕਮੋਡ ਵਾਲੀ ਕੁਰਸੀ, ਕੰਨਾਂ ਦੀ ਮਸ਼ੀਨ, ਫਹੁੜੀਆਂ, ਛੜੀ, ਸਰਵਾਈਕਲ ਕਾਲਰ, ਬੈਕ ਬੈਲਟ, ਰੀੜ ਦੀ ਹੱਡੀ ਲਈ ਬੈਲਟ, ਗੋਡਿਆਂ ਦੇ ਕੈਪ, ਦਿਵਿਆਂਗ ਵਿਅਕਤੀਆਂ ਲਈ ਮੋਟਰ ਟਰਾਈਸਾਇਕਲ, 80 ਤੋਂ 100 ਪ੍ਰਤੀਸ਼ਤ ਅੰਗਹੀਣਤਾ ਸਰਟੀਫਿਕੇਟ, ਸਮਾਰਟ ਫੋਨ ਬਲਾਇੰਡ ਸਟੂਡੈਂਟ ਲਈ, ਟਰਾਈ ਸਾਇਕਲ, ਵੀਲ੍ਹ ਚੇਅਰ, ਕੰਨਾਂ ਦੀ ਮਸ਼ੀਨ, ਫਹੁੜੀਆਂ, ਕੈਲੀਪਰ ਆਦਿ ਦੀ ਰਜਿਸਟਰੇਸ਼ਨ ਕੀਤੀ ਜਾਵੇਗੀ।

ਚਮਕੌਰ ਸਿੰਘ ਸ਼ਾਹਪੁਰ ਨੇ ਅੱਗੇ ਦੱਸਿਆ ਕਿ ਕੈਂਪ ਵਿੱਚ ਆਉਣ ਬਜੁਰਗ ਲਾਭਪਾਤਰੀ ਆਪਣਾ ਅਧਾਰ ਕਾਰਡ ਅਤੇ ਆਮਦਨ ਸਰਟੀਫਿਕੇਟ (15000 ਰੁਪਏ ਪ੍ਰਤੀ ਮਹੀਨਾ ਤੋਂ ਘੱਟ) ਅਤੇ ਇੱਕ ਫੋਟੋ ਨਾਲ ਲੈ ਕੇ ਆਉਣ, ਹਰ ਦਿਵਿਆਂਗ ਲਾਭਪਾਤਰੀ ਆਪਣਾ ਅਧਾਰ ਕਾਰਡ, ਯੂ.ਡੀ.ਆਈ.ਡੀ. ਕਾਰਡ, ਮੋਬਾਇਲ ਨੰਬਰ ਅਤੇ ਆਮਦਨ ਸਰਟੀਫਿਕੇਟ ਨਾਲ ਲੈ ਕੇ ਆਉਣ, ਬਲਾਇਡ ਸਟਡੈਂਟ ਆਪਣਾ ਸਟੂਡੈਂਟ ਪ੍ਰਮਾਣ ਪੱਤਰ ਵੀ ਨਾਲ ਲੈ ਕੇ ਆਉਣ, ਆਮਦਨ ਸਰਟੀਫਿਕੇਟ ਆਪਣੇ ਸਰਪੰਚ ਜਾ ਐਸ.ਸੀ. ਤੋਂ



ਵੀ ਤਸਦੀਕ ਕਰਵਾ ਸਕਦੇ ਹੋ। ਇਹ ਸਿਰਫ ਅਸੈਸਮੈਂਟ ਕੈਂਪ ਹੈ, ਜਿਸ ਵਿੱਚ ਸਿਰਫ ਰਜਿਸਟ੍ਰੇਸ਼ਨ ਅਤੇ ਅਸੈਸਮੈਂਟ ਕੀਤੀ ਜਾਵੇਗੀ।ਸਮਾਨ ਰਜਿਸ਼ਟਰਡ ਲਾਭਪਾਤਰੀਆਂ ਨੂੰ ਕੁਝ ਦਿਨਾਂ ਬਾਅਦ ਅਗਲੇ ਕੈਂਪ ਵਿੱਚ ਵੰਡਿਆ ਜਾਵੇਗਾ। ਇਸ ਮੌਕੇ ਲੋਕ ਸੇਵਾ ਕਲੱਬ ਫਾਜਲੀ ਦੇ ਪ੍ਰਧਾਨ ਅਤੇ ਸਮੂਹ ਅਹੁਦੇਦਾਰ, ਗੁਰਸੇਵਕ ਸਿੰਘ ਬਿਗੜਵਾਲ, ਸੁਰਿੰਦਰ ਸਿੰਘ ਘਾਸੀਵਾਲ, ਲਖਵਿੰਦਰ ਸਿੰਘ ਧਿਮਾਨ ਚੀਮਾ, ਆਦ ਹਾਜ਼ਰ ਸਨ।

# ਪੰਜਾਬੀ ਖੇਡਾਂ ਦਾ ਭਵਿੱਖ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪ੍ਰੈਲ
INTERNATIONAL PAPER, 9463601616
hardipchumber57@gmail.com

ਪੰਜਾਬ ਦੀ ਧਰਤੀ ਹਮੇਸ਼ਾ ਹੀ ਬਹਾਦਰੀ, ਜੋਸ਼ ਤੇ ਖੇਡਾਂ ਦੇ ਮੈਦਾਨ ’ਚ ਆਗੂ ਰਹੀ ਹੈ। ਪੰਜਾਬੀ ਖੇਡਾਂ, ਜਿਵੇਂ ਕਿ ਕਬੱਡੀ, ਖੋ-ਖੋ, ਗੱਤਕਾ, ਮੁੱਕੇਬਾਜ਼ੀ ਆਦਿ, ਪੂਰੀ ਦੁਨੀਆਂ ’ਚ ਆਪਣੀ ਪਛਾਣ ਬਣਾ ਰਹੀਆਂ ਹਨ। ਵਿਸ਼ਵ ਪੱਧਰ ’ਤੇ ਵੀ ਪੰਜਾਬੀ ਖਿਡਾਰੀ ਆਪਣੇ ਜਜ਼ਬੇ ਨਾਲ ਮੈਦਾਨ ਮਾਰ ਰਹੇ ਹਨ। ਅੱਜਕਲ੍ਹ ਪੰਜਾਬੀ ਖੇਡਾਂ ਨੂੰ ਵਿਸ਼ਵ ਪੱਧਰ ‘ਤੇ ਵਧਾਵਾ ਮਿਲ ਰਿਹਾ ਹੈ। ਕਬੱਡੀ ਵਿਸ਼ਵ ਕੱਪ ਨੇ ਕਬੱਡੀ ਨੂੰ ਵਿਸ਼ਵ ਪੱਧਰ ’ਤੇ ਪਹੁੰਚਾਇਆ ਹੈ। ਹੁਣ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਰੁਚੀ ਵਧ ਰਹੀ ਹੈ। ਗੱਤਕਾ ਨੂੰ ਵੀ ਰਾਸ਼ਟਰੀ ਖੇਡ ਵਜੋਂ ਮਾਨਤਾ ਮਿਲੀ ਹੈ, ਜਿਸ ਕਾਰਨ ਇਹ ਵਿਦਿਆਰਥੀਆਂ ’ਚ ਵੀ ਪ੍ਰਸਿੱਧ ਹੋ ਰਹੀ ਹੈ।

ਪੰਜਾਬੀ ਖੇਡਾਂ ਦਾ ਭਵਿੱਖ ਉੱਜਲਾ ਹੈ, ਪਰ ਕੁਝ ਚੁਣੌਤੀਆਂ ਵੀ ਹਨ। ਨੌਜਵਾਨ ਪੀੜ੍ਹੀ ਵਿੱਚ ਪੱਛਮੀ ਸੰਸਕ੍ਰਿਤੀ ਦਾ ਪ੍ਰਭਾਵ ਵੱਧਣ ਕਾਰਨ ਖੇਡਾਂ ਪ੍ਰਤੀ ਰੁਚੀ ਘੱਟ ਰਹੀ ਹੈ। ਨਸ਼ਿਆਂ ਦਾ ਵਧਦਾ ਪ੍ਰਭਾਵ ਵੀ ਨੌਜਵਾਨਾਂ ਨੂੰ ਮੈਦਾਨ ਤੋਂ ਦੂਰ ਕਰ ਰਿਹਾ ਹੈ। ਸਰਕਾਰੀ ਪੱਧਰ ’ਤੇ ਉਚਿਤ ਮੱਦਦ ਤੇ ਵਧਾਵਾ ਮਿਲਣ ਨਾਲ ਹੀ ਖੇਡਾਂ ਨੂੰ ਨਵੀਂ ਰਫ਼ਤਾਰ ਮਿਲ ਸਕਦੀ ਹੈ।ਜੇਕਰ ਪੰਜਾਬੀ ਖੇਡਾਂ ਨੂੰ ਸਮਰਥਨ ਮਿਲੇ, ਉਨ੍ਹਾਂ ਲਈ ਵਧੀਆ ਸੁਵਿਧਾਵਾਂ ਤੇ ਅਧੁਨਿਕ ਸਾਜ਼ੋ-ਸਾਮਾਨ ਉਪਲਬਧ ਕਰਵਾਏ ਜਾਣ, ਤਾਂ ਨੌਜਵਾਨ ਦੁਨੀਆਂ ਭਰ ’ਚ ਪੰਜਾਬ ਦਾ ਨਾਮ ਰੌਸ਼ਨ ਕਰ ਸਕਦੇ ਹਨ। ਖੇਡ ਮੇਲਿਆਂ,ਸਕੂਲ ਪੱਧਰੀ ਪ੍ਰਤੀਯੋਗਤਾਵਾਂ ਅਤੇ ਕੋਚਿੰਗ ਸੈਂਟਰਾਂ ਦੇ ਨਾਲ ਹੀ ਨਵੀਆਂ ਤਕਨੀਕਾਂ ਨਾਲ ਵਿਦਿਆਰਥੀਆਂ ਨੂੰ ਤਿਆਰ ਕੀਤਾ ਜਾ ਸਕਦਾ ਹੈ । ਜੇਕਰ ਨੌਜਵਾਨਾਂ ਨੂੰ ਮੁੜ ਪੰਜਾਬੀ ਖੇਡਾਂ ਵੱਲ ਮੋੜਿਆ ਜਾਵੇ, ਉਹਨਾ ਨੂੰ ਵਿਸ਼ਵ ਪੱਧਰ ’ਤੇ ਮੌਕਾ ਮਿਲੇ ਅਤੇ ਸਰਕਾਰੀ ਮੱਦਦ ਨਾਲ ਉਨ੍ਹਾਂ ਨੂੰ ਉਤਸ਼ਾਹਤ ਕੀਤਾ ਜਾਵੇ, ਤਾਂ ਪੰਜਾਬੀ ਖੇਡਾਂ ਦਾ ਭਵਿੱਖ ਨਿਸ਼ਚਿਤ ਤੌਰ ’ਤੇ ਰੌਸ਼ਨ ਹੈ। ਪੰਜਾਬੀ ਮੈਦਾਨਾਂ ਤੋਂ ਉਠੀ ਇਹ ਚਮਕ ਸਾਰੀ ਦੁਨੀਆਂ ’ਚ ਆਪਣਾ ਉਜਾਲਾ ਫੈਲਾਉਂਦੀ ਰਹੇਗੀ।

ਛਿੰਝ ਛਰਾਹਾਂ ਦੀ ਇਸ ਦੀ ਇਕ ਹੋਰ ਉਦਾਹਰਨ ਹੈ ਜੋ ਕਿ ਹੁਸ਼ਿਆਰਪੁਰ ਦੇ ਅਚਲਪੁਰ ਇਲਾਕੇ ਵਿਚ ਲਗਦਾ ਹੈ । ਅਜੋਕੇ ਸਮੇਂ ਵਿਚ ਖੇਡ ਮੇਲਿਆਂ ਦੀ ਇਹ ਲੋੜ ਹੈ ਕ ਜੋ ਨਵੀਂ ਪੀੜੀ ਨਸ਼ਿਆਂ ਚ ਗ਼ਲਤਾਨ ਹੋ ਰਹੀ ਹੈ ਉਹਨੂੰ ਖੇਡ ਮੇਲੇ ਵੱਧ ਤੋਂ ਵੱਧ ਕਰਵਾ ਕ ਸਹੀ ਰਾਹ ਤੇ ਲਿਆਂਦਾ ਜਾ ਸਕਦਾ ਹੈ। ਨਸ਼ਿਆਂ ਦੇ ਛੇਵੇਂ ਦਰਿਆ ਨੂੰ



ਰਾਜਅਨਮੋਲਜੀਤ ਸਿੰਘ, ਬਾਬਾ ਫ਼ਰੀਦ ਕਾਲਜ਼ ਆਫ਼ ਐਜੂਕੇਸ਼ਨ ਦਿਉਣ (ਬਠਿੰਡਾ)

ਸਕਦਾ ਹੈ।ਖੇਡ ਮੇਲੇ ਦੇ ਅਰਥ ਸਿਰਫ ਗੱਭਰੂਆ ਦੀ ਛਿੰਝ, ਹੀ ਨਹੀਂ ਸਗੋਂ ਬਲਦ ਦੌੜ, ਘੋੜਸਵਾਰੀ ਆਦਿ ਤਕ ਹਨ। ਖੇਡ ਮੇਲਿਆਂ ਚ ਬੈਸਟ ਜਾਫੀ, ਬੈਸਟ ਰੇਡਰ ਆਦਿ ਖੇਡ ਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਇਹੋ ਜਿਹੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ ।

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ,ਕੋਟਗੁਰੂ

# ਖ਼ਾਲੀ ਜੇਹੇ:

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪ੍ਰੈਲ
INTERNATIONAL PAPER, 9463601616
hardipchumber57@gmail.com



ਗੀਤਕਾਰ ਬਲਬੀਰ ਸਿੰਘਪੁਰੀ
8847409062

ਬਾਹਰੋਂ ਭਰੇ ਭਰੇ ਲਗਦੇ ਨੇ
ਹੁੰਦੇ ਅੰਦਰੋਂ ਖ਼ਾਲੀ ਜੇਹੇ ਬੰਦੇ
ਜਿਧਰ ਵੀ ਮੂੰਹ ਫੇਰ ਦੇਖਿਆ
ਮਿਲੇ ਨੇ ਜਾਲੀ ਜੇਹੇ ਬੰਦੇ

ਬੰਦਿਆਂ ਦੀ ਥਾਂ ਹੁਣ
ਰੋਬੋਟਾਂ ਨੇ ਲੈ ਲਈ ਏ
ਪਿਆਰ ਚ ਖੁਦਗਰਜ਼ੀ
ਥਾਂ ਮੱਲ ਬੈ ਗਈ ਏ
ਪਥਰ ਸੋਚ ਚੋਂ ਕੀ ਉਗਣਾ ਏ
ਏਥੇ ਫੇਰਦੇ ਬੜੇ ਮਾਲੀ ਜੇਹੇ ਬੰਦੇ
ਬਾਹਰੋਂ ਭਰੇ ਭਰੇ ਲਗਦੇ ਨੇ
ਹੁੰਦੇ ਅੰਦਰੋਂ ਖ਼ਾਲੀ ਜੇਹੇ ਬੰਦੇ

ਮਤਲਬ ਕੱਢ ਕੇ ਵਾਂਗ
ਕੂੜੇ ਦੇ ਸੁੱਟ ਦਿੰਦੇ ਨੇ
ਜੀ ਜੀ ਮੂੰਹੋਂ ਕਹਿ ਕਹਿ
ਸੱਧਰਾਂ ਨੂੰ ਘੁੱਟ ਦਿੰਦੇ ਨੇ
ਹਾਂ ਚ ਹਾਂ ਮਿਲੇ ਤਾਂ ਚੰਗੇ
ਨਈ ਤੇ ਏਕੋ ਮੰਤਾਲੀ ਜੇਹੇ ਬੰਦੇ
ਬਾਹਰੋਂ ਭਰੇ ਭਰੇ ਲਗਦੇ ਨੇ
ਹੁੰਦੇ ਅੰਦਰੋਂ ਖ਼ਾਲੀ ਜੇਹੇ ਬੰਦੇ

ਰਿਸ਼ਤੇ ਕੱਚੀ ਸਲਿੱਪਾਂ ਵਾਂਗ
ਉੱਤਰਦੇ ਹੀ ਜਾਂਦੇ ਨੇ
ਮੂੰਹੋਂ ਸੱਚੇ ਵਾਅਦੇ ਕਰ
ਮੁੱਕਰ ਦੇ ਹੀ ਜਾਂਦੇ ਨੇ
ਸਿੰਘਪੁਰੀ ਝੂਠੇ ਭਰ ਲੈ ਗਏ
ਖ਼ਾਲੀ ਰਹੇ ਸਵਾਲੀ ਜੇਹੇ ਬੰਦੇ

ਬਾਹਰੋਂ ਭਰੇ ਭਰੇ ਲਗਦੇ ਨੇ
ਹੁੰਦੇ ਅੰਦਰੋਂ ਖ਼ਾਲੀ ਜੇਹੇ ਬੰਦੇ
ਜਿਧਰ ਵੀ ਮੂੰਹ ਫੇਰ ਦੇਖਿਆ
ਮਿਲੇ ਨੇ ਜਾਲੀ ਜੇਹੇ ਬੰਦੇ

# ਮਾਂ ਤੋਂ ਬਿਨਾ ਵੱਡਾ ਹੋਣਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪ੍ਰੈਲ
INTERNATIONAL PAPER, 9463601616
hardipchumber57@gmail.com

ਮਾਂ ਤੋਂ ਬਿਨਾ ਵੱਡਾ ਹੋਣਾ ਇਕ ਐਸਾ ਅਨੁਭਵ ਹੈ, ਜੋ ਬੋਲਣ ਵਿੱਚ ਆਸਾਨ ਲੱਗ ਸਕਦਾ ਹੈ, ਪਰ ਜੀਵਨ ਵਿੱਚ ਓਹਨਾ ਹੀ ਦੁੱਖਦਾਈ। ਮਾਂ, ਜੋ ਹਰ ਪਲ ਆਪਣੇ ਬੱਚੇ ਦੀ ਰੱਖਿਆ ਕਰਦੀ ਹੈ, ਉਸ ਦੀ ਗੈਰਹਾਜ਼ਰੀ ਵਿੱਚ ਜੀਵਨ ਦੀ ਹਰ ਇੱਕ ਚੀਜ਼ ਔਖੀ ਹੋ ਜਾਂਦੀ ਹੈ। ਜਿਹੜੀ ਉਮਰ ’ਚ ਇੱਕ ਬੱਚਾ ਮਾਂ ਦੀ ਗੋਦ ਵਿੱਚ ਖੇਡਣਾ ਚਾਹੁੰਦਾ ਹੈ, ਜੇ ਉਸੇ ਉਮਰ ’ਚ ਮਾਂ ਦੀ ਮੌਜੂਦਗੀ ਨਾ ਹੋਵੇ, ਤਾਂ ਉਹ ਖੇਡ ਵੀ ਚੁੱਪਚਾਪ ਹੋ ਜਾਂਦੀ ਹੈ।

ਮਾਂ ਤੋਂ ਬਿਨਾ ਵੱਡਾ ਹੋਣ ਵਾਲਾ ਬੱਚਾ ਅਕਸਰ ਦਿਲੋਂ ਵੱਡਾ ਹੋ ਜਾਂਦਾ ਹੈ। ਜਦ ਲੋਕ ਆਪਣੇ ਦੁੱਖਾਂ ਲਈ ਮਾਂ ਦੇ ਹੱਥ ਫੜਦੇ ਹਨ, ਉਹ ਬੱਚਾ ਆਪਣੇ ਹੱਥ ਆਪ ਹੀ ਮਜ਼ਬੂਤ ਕਰ ਲੈਂਦਾ ਹੈ। ਉਹ ਰੋਣਾ ਵੀ ਚਾਹੇ ਤਾਂ ਕਦੇ ਪੂਰਾ ਨਹੀਂ ਰੋ ਸਕਦਾ, ਕਿਉਂਕਿ ਉਹ ਰੋਣ ਵਾਲੀ ਗੋਦ ਕੋਲ ਨਹੀਂ ਹੁੰਦੀ ਜਿਸ ਵਿੱਚ ਰੋਕੇ ਉਹੋ ਆਪਣਾ ਦੁੱਖ ਬਿਆਨ ਕਰ ਸਕੇ ।ਮਾਂ ਦੀ ਥਾਂ ਕੋਈ ਨਹੀਂ ਲੈ ਸਕਦਾ। ਰਿਸ਼ਤੇ ਹੋ ਸਕਦੇ ਹਨ—ਚਾਚੀ, ਦਾਦੀ, ਭੈਣ ਜਾਂ ਮਾਸੀ—ਪਰ ਮਾਂ ਦੀ ਠੰਡੀ ਛਾਂ, ਮਾਂ ਦੀ ਲੋਰੀ, ਮਾਂ ਦੀ ਦੁਆ ਇਹ ਸਭ ਅਨਮੋਲ ਹੁੰਦੇ ਹਨ। ਮਾਂ ਤੋਂ ਬਿਨਾ ਵੱਡਾ ਹੋਣਾ, ਇੱਕ ਲੰਬਾ ਸਫਰ ਹੈ, ਜਿਸ ਵਿੱਚ ਪਿਆਰ ਦੀ ਕਮੀ, ਦਿਲ ਦੀ ਤੜਪ ਅਤੇ ਹੌਂਸਲੇ ਦੀ ਮਜ਼ਬੂਰੀ ਹੁੰਦੀ ਹੈ।ਪਰ ਇਹ ਵੀ ਸੱਚ ਹੈ ਕਿ ਅਜਿਹੇ ਬੱਚੇ ਅੰਦਰੋਂ ਬਹੁਤ ਮਜ਼ਬੂਤ ਹੋ ਜਾਂਦੇ ਹਨ। ਉਨ੍ਹਾਂ ਨੂੰ ਦੁਨੀਆਂ ਦਾ ਹਰੇਕ ਦਰਦ ਛੋਟੀ ਉਮਰ ਵਿੱਚ ਹੀ ਸਮਝ ਆ ਜਾਂਦਾ ਹੈ। ਮਾਂ ਦੀ ਕਮੀ ਉਨ੍ਹਾਂ ਨੂੰ ਜੀਵਨ ਦੀ ਅਸਲ ਹਕੀਕਤ ਨਾਲ ਜਲਦੀ ਰੁਬਰੂ ਕਰਵਾ ਦਿੰਦੀ ਹੈ। ਅੰਤ ਵਿੱਚ, ਮਾਂ ਤੋਂ ਬਿਨਾ ਵੱਡਾ ਹੋਣਾ ਇੱਕ ਇਮਤਿਹਾਨ ਹੈ। ਪਰ ਜੋ ਇਹ ਰਾਹ ਪਾਰ ਕਰ ਜਾਂਦੇ ਹਨ, ਉਹ ਅੰਦਰੋਂ ਕਦੇ ਨਰਮ,ਕਦੇ ਪੱਥਰ



ਗੁਰਿੰਦਰਜੀਤ ਸਿੰਘ ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ , ਦਿਉਣ (ਬਠਿੰਡਾ),

ਬਣ ਜਾਂਦੇ ਹਨ। ਪਰ ਇਕ ਗੱਲ ਸਦਾ ਰਹਿੰਦੀ ਹੈ। ਉਹ ਮਾਂ ਨੂੰ ਹਰ ਰੋਜ਼ ਯਾਦ ਕਰਦੇ ਹਨ।

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ, ਕੋਟਗੁਰੂ

# ਸਮਾਜਿਕ ਮੀਡੀਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪ੍ਰੈਲ
INTERNATIONAL PAPER, 9463601616
hardipchumber57@gmail.com

ਸੋਸ਼ਲ ਮੀਡੀਆ ਸਾਡੇ ਯੁੱਗ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਪਲੇਟਫਾਰਮ ਹੈ। ਅਸੀਂ ਦੂਜੇ ਲੋਕਾਂ ਨਾਲ ਬਹੁਤ ਅਸਾਨੀ ਨਾਲ ਸੰਚਾਰ ਕਰਨ ਦੇ ਯੋਗ ਹੁੰਦੇ ਹਾਂ। ਅਸੀਂ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਦੁਨੀਆ ਦੇ ਹੋਰ ਜੋੜਿਆਂ ਦੀਆਂ ਖ਼ਬਰਾਂ ਨੂੰ ਵੀ ਬਹੁਤ ਅਸਾਨੀ ਨਾਲ ਜਾਣ ਸਕਦੇ ਹਾਂ। ਸੁ ਰਾਏ ਦੀ ਆਵਾਜ਼ ਨੂੰ ਦੇਖ ਸਕਦਾ ਹੈ ਜੋ ਇੱਕ ਪੌਟੀ-ਕੁਲਰ ਵਿਸ਼ੇ ਜਾਂ ਘਟਨਾ ਬਾਰੇ ਵਿਚਾਰ ਵਟਾਂਦਰੇ ਅਤੇ ਬਹਿਸ ਦੁਆਰਾ ਪ੍ਰਗਟ ਹੁੰਦੀ ਹੈ।

ਕੁਝ ਛੋਟੇ ਲੋਕ ਜਿਨ੍ਹਾਂ ਦੀ ਆਵਾਜ਼ ਪਹਿਲਾਂ ਸੁਣੀ ਜਾਂਦੀ ਸੀ, ਉਹ ਸੋਸ਼ਲ ਮੀਡੀਆ ਰਾਹੀਂ ਆਪਣੇ ਵਿਚਾਰ ਰੱਖਣ ਦੇ ਯੋਗ ਹੁੰਦੇ ਹਨ। ਉਹ ਜਨਤਾ ਲਈ ਸਾਹ ਲੈਣ ਦੇ ਯੋਗ ਹਨ। ਅਸੀਂ ਸੋਸ਼ਲ ਮੀਡੀਆ ਰਾਹੀਂ ਸਿਰਫ ਇੱਕ ਕਲਿੱਕ ਨਾਲ ਵੀਡੀਓ, ਤਸਵੀਰਾਂ ਸ਼ੇਵ ਕਰਨ ਦੇ ਯੋਗ ਵੀ ਹਾਂ, ਅਸੀਂ ਆਪਣੇ ਦੋਸਤਾਂ ਨਾਲ ਬਿਹਤਰ ਰੀ-ਲੇਸ਼ਨਸ਼ਿਪ ਬਣਾਉਣ ਦੇ ਯੋਗ ਹਾਂ। ਇਸ ਤਰ੍ਹਾਂ, ਅਸੀਂ ਕਹਿ ਸਕਦੇ ਹਾਂ ਕਿ ਸੋਵਲ ਮੀ-ਡੀ ਇੱਕ ਵਿਅਕਤੀ ਲਈ ਕਈ ਤਰੀਕਿਆਂ ਨਾਲ ਬਹੁਤ ਮਦਦਗਾਰ ਹੈ। ਸੋਸ਼ਲ ਮੀਡੀਆ ਦਾ ਵੀ ਨੁਕਸਾਨਦੇਹ ਪ੍ਰਭਾਵ ਪੈਂਦਾ ਹੈ ਜੇਕਰ ਇਸ ਦੀ ਵਰਤੋਂ ਸਮਝਦਾਰੀ ਨਾਲ ਨਹੀਂ ਕੀਤੀ ਜਾਂਦੀ। ਕੁਝ ਲੋਕਾਂ ਨੂੰ ਸੋਸ਼ਲ ਇੰਸਟਾਗ੍ਰਾਮ, ਫੇਸਬੁੱਕ, ਵਟਸਐਪ ਆਦਿ ਦੀ ਆਦਤ ਪੈ ਜਾਂਦੀ ਹੈ। ਇਹ ਇੰਸਟਾ 20 ਵਰਗੇ ਮੀਡੀਆ ਨੂੰ ਅਸਲ ਜ਼ਿੰਦਗੀ ਵਿੱਚ ਲੋਕਾਂ ਦੀ ਉਤਪਾਦਕਤਾ ਵਿੱਚ ਕਮੀ ਵੱਲ ਲੈ ਜਾਂਦਾ ਹੈ। ਇਹ ਸੂਰਜ ਨੂੰ ਸਿਹਤਮੰਦ ਬਣਾਉਂਦਾ ਹੈ। ਅੱਖਾਂ ਦੇ ਅੱਖਾਂ ਵਿੱਚ ਵਾਧਾ ਇਸ ਤਰ੍ਹਾਂ, ਸੋਸ਼ਲ ਮੀਡੀਆ ਦਾ ਇੱਕ ਵਿਅਕਤੀ ਦੇ ਲਿਜੇ ਉੱਤੇ



ਮਨਪ੍ਰੀਤ ਕੌਰ ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ, ਦਿਓਣ (ਬਠਿੰਡਾ)

ਨਕਾਰਾਤਮਕ ਪ੍ਰਭਾਵ ਪੈਂਦਾ ਹੈ।

ਬਾਈ-ਅੰਗਰੇਜ਼ ਸਿੰਘ ਵਿੱਕੀ ਕੋਟ ਗੁਰੂ

ਮੋਬਾਈਲ 98888-70822

# ਕੈਬਨਿਟ ਮੰਤਰੀ ਮਹਿੰਦਰ ਭਗਤ ਅਤੇ ਮੇਅਰ ਵਿਨੀਤ ਧੀਰ ਨੇ ਹੰਸ ਰਾਜ ਹੰਸ ਨਾਲ ਪ੍ਰਗਟਾਇਆ ਦੁੱਖ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪ੍ਰੈਲ
INTERNATIONAL PAPER, 9463601616
hardipchumber57@gmail.com

ਜਲੰਧਰ, 5 ਅਪ੍ਰੈਲ 2025 - ਕੈਬਨਿਟ ਮੰਤਰੀ ਪੰਜਾਬ ਮਹਿੰਦਰ ਭਗਤ ਅਤੇ ਮੇਅਰ ਵਿਨੀਤ ਧੀਰ ਨੇ ਸਾਬਕਾ ਸੰਸਦ ਮੈਂਬਰ ਅਤੇ ਰਾਜ ਗਾਇਕ ਹੰਸ ਰਾਜ ਹੰਸ ਦੀ ਪਤਨੀ ਸ਼੍ਰੀਮਤੀ ਰੇਸ਼ਮ ਕੌਰ ਦੇ ਦੇਹਾਂਤ ’ਤੇ ਉਨ੍ਹਾਂ ਦੇ ਨਿਵਾਸ ਸਥਾਨ ’ਤੇ ਦੁੱਖ



ਪ੍ਰਗਟ ਕੀਤਾ।

ਕੈਬਨਿਟ ਮੰਤਰੀ ਅਤੇ ਮੇਅਰ ਨੇ ਹੰਸ ਰਾਜ ਹੰਸ ਅਤੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਥਾਨ ਦੇਵੇ ਅਤੇ ਪਰਿਵਾਰ ਨੂੰ ਇਸ ਸਦਮੇ ਨੂੰ ਸਹਿਣ ਦੀ ਤਾਕਤ ਦੇਵੇ।

ਉਨ੍ਹਾਂ ਕਿਹਾ ਕਿ ਭੈਣ ਰੇਸ਼ਮ ਕੌਰ ਨੇ ਜਿਸ ਤਰੀਕੇ ਨਾਲ ਆਪਣੇ ਪਰਿਵਾਰ ਨੂੰ ਹਾਰ ਵਾਂਗ ਪਰੋ ਕੇ ਰੱਖਿਆ ਸੀ, ਉਹ ਉਨ੍ਹਾਂ ਦੀ ਯੋਗਤਾ ਨੂੰ ਦਰਸਾਉਂਦਾ ਹੈ।

ਇਸ ਮੌਕੇ ਸੌਰਭ ਸੇਠ, ਅਮਨ ਸਿੰਘ, ਅਯੂਬ ਦੁੱਗਲ, ਬਲਾਕ ਪ੍ਰਧਾਨ ਗੁਰਨਾਮ ਸਿੰਘ, ਸੰਜੀਵ ਭਗਤ, ਅਜੇ ਚੋਪੜਾ ਅਤੇ ਕੁਲਦੀਪ ਗਗਨ ਵੀ ਹਾਜ਼ਰ ਸਨ।

## 9 ਪੇਜ ਦੀ ਬਾਕੀ ਖਬਰ

ਬੁੱਟਰ ਤੇ ਦੋਸ਼ ਹਨ ਕਿ ਉਸ ਨੇ ਆਪਣੀ ਆਮਦਨ ਤੋਂ ਵੱਧ 1.83 ਕਰੋੜ ਰੁਪਏ ਦੀ ਜਾਇਦਾਦ ਬਣਾਈ ਹੈ। ਸੂਤਰ ਦੱਸਦੇ ਹਨ ਕਿ ਮਾਮਲੇ ਦੀ ਪੜਤਾਲ ਦੌਰਾਨ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਸੂਤਰਾਂ ਮੁਤਾਬਕ ਵਿਜੀਲੈਂਸ ਨੂੰ ਬੁੱਟਰ ਦੀ ਕਥਿਤ ਪੁਸ਼ਤਪਨਾਹੀ ਕਰਨ ਵਾਲੇ ਕੁੱਝ ਸਿਆਸੀ ਲੋਕਾਂ ਬਾਰੇ ਵੀ ਜਾਣਕਾਰੀ ਮਿਲੀ ਹੈ ਜੋ ਹੁਣ ਅਧਿਕਾਰੀਆਂ ਦੇ ਰਡਾਰ ਤੇ ਹਨ।

### ਵਿਜੀਲੈਂਸ ਦਾ ਪਹਿਲਾ ਪੱਖ

ਵਿਜੀਲੈਂਸ ਦੇ ਡੀਐਸਪੀ ਕੁਲਵੰਤ ਸਿੰਘ ਲਹਿਰੀ ਦਾ ਕਹਿਣਾ ਸੀ ਕਿ ਕਾਫੀ ਮੁਸ਼ੱਕਤ ਤੋਂ ਬਾਅਦ ਗੁਰਪ੍ਰੀਤ ਬੁੱਟਰ ਦੀ ਜਮਾਨਤ ਦੀ ਅਰਜੀ ਰੱਦ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਬੁੱਟਰ ਨੂੰ ਗ੍ਰਿਫਤਾਰ ਕਰਨ ਲਈ ਪਹਿਲਾਂ ਤੋਂ ਹੀ ਯਤਨ ਜਾਰੀ ਹਨ ਪਰ ਹੁਣ ਨਵੀਂ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਵਿਜੀਲੈਂਸ ਅੱਗੇ ਪੇਸ਼ ਹੋਣਾ ਜਾਂ ਨਾਂ ਹੋਣਾ ਉਸ ਦਾ ਆਪਣਾ ਫੈਸਲਾ ਹੋ ਸਕਦਾ ਹੈ ਪਰ ਜਾਂਚ ਟੀਮ ਉਸ ਨੂੰ ਕਾਬੂ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ।

# ਸੱਚਦੇਵਾ ਸਟਾਕਸ ਹੁਸ਼ਿਆਰਪੁਰ ਸਾਈਕਲੋਥਾਨ ਸੀਜਨ-7 ਦੀਆਂ ਤਿਆਰੀਆਂ ਮੁਕੰਮਲ

## ਅੱਜ 350 ਸਾਈਕਲਿਸਟ ਲੈਣਗੇ ਹਿੱਸਾ, 100 ਕਿਲੋਮੀਟਰ ਦੀ ਦੂਰੀ ਕਰਨਗੇ ਤੈਅ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 5 ਅਪ੍ਰੈਲ ( ਤਰਸੇਮ ਦੀਵਾਨਾ ) ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਸਾਈਕਲੋਥਾਨ ਸੀਜਨ-7 ਜੋ ਕਿ 6 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਹੈ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ, ਇਹ ਜਾਣਕਾਰੀ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਨੇ ਇੱਥੇ ਸੱਚਦੇਵਾ ਸਟਾਕਸ ਦੇ ਮੁੱਖ ਦਫਤਰ ਵਿੱਚ ਕਲੱਬ ਮੈਂਬਰਾਂ ਨਾਲ ਕੀਤੀ ਮੀਟਿੰਗ ਦੌਰਾਨ ਦਿੱਤੀ ਅਤੇ ਉਨ੍ਹਾਂ ਦੱਸਿਆ ਕਿ ਐਤਵਾਰ ਸਵੇਰੇ 7 ਵਜੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ,



ਕੈਪਸ਼ਨ-ਸਾਈਕਲੋਥਾਨ ਪ੍ਰਤੀ ਜਾਣਕਾਰੀ ਦਿੰਦੇ ਹੋਏ ਪਰਮਜੀਤ ਸੱਚਦੇਵਾ ! ਫੋਟੋ ਅਜਮੇਰ ਦੀਵਾਨਾ

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਐੱਸ.ਐਸ.ਪੀ. ਸੰਦੀਪ ਕੁਮਾਰ ਮਲਿਕ ਵੱਲੋਂ ਸਾਂਝੇ ਤੌਰ 'ਤੇ ਹਰੀ ਝੰਡੀ ਵਿਖਾ ਕੇ ਇਸ ਸਾਈਕਲੋਥਾਨ ਨੂੰ ਰਵਾਨਾ ਕੀਤਾ ਜਾਵੇਗਾ। ਪਰਮਜੀਤ ਸਿੰਘ ਸੱਚਦੇਵਾ ਨੇ ਦੱਸਿਆ ਕਿ 55 ਵੱਖ-ਵੱਖ ਸ਼ਹਿਰਾਂ ਨਾਲ ਸਬੰਧਿਤ 350 ਸਾਈਕਲਿਸਟ ਇਸ ਸਾਈਕਲੋਥਾਨ ਵਿੱਚ ਭਾਗ ਲੈਣ ਜਾ ਰਹੇ ਹਨ ਤੇ ਇਸ ਸਾਈਕਲੋਥਾਨ ਦਾ ਥੀਮ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖਿਲਾਫ ਛੇੜੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ ਰੱਖਿਆ ਗਿਆ ਹੈ ਤੇ ਸਾਈਕਲੋਥਾਨ ਦੀ ਸ਼ੁਰੂਆਤ ਤੋਂ ਪਹਿਲਾ ਨਸ਼ਿਆਂ ਖਿਲਾਫ ਇੱਕ ਦਸਤਖਤ ਮੁਹਿੰਮ ਵੀ ਚਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਾਈਕਲੋਥਾਨ ਲਈ ਸਵੇਰੇ 6 ਵਜੇ ਸਾਈਕਲਿਸਟ ਸੱਚਦੇਵਾ ਸਟਾਕਸ ਦੇ ਮੁੱਖ ਦਫਤਰ ਵਿੱਚ ਪਹੁੰਚ ਜਾਣਗੇ ਜਿੱਥੇ ਆਸ਼ਾ ਕਿਰਨ ਸਪੈਸ਼ਲ ਸਕੂਲ ਦੇ ਸਪੈਸ਼ਲ ਬੱਚਿਆਂ ਵੱਲੋਂ ਇੱਕ ਸਪੈਸ਼ਲ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਦੌਰਾਨ ਸਾਈਕਲਿਸਟ ਹੁਸ਼ਿਆਰਪੁਰ ਤੋਂ ਟਾਂਡਾ-ਚੌਲਾਂਗ ਤੇ ਫਿਰ ਵਾਪਿਸ ਹੁਸ਼ਿਆਰਪੁਰ ਦੀ 100 ਕਿਲੋਮੀਟਰ ਦੀ ਦੂਰੀ ਤੈਅ ਕਰਨਗੇ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਸਮੇਂ 1 ਲੱਖ 40 ਹਜਾਰ ਦੀ ਰਾਸ਼ੀ ਦਾ ਚੈੱਕ ਆਸ਼ਾ ਕਿਰਨ ਸਕੂਲ ਦੀ ਕਮੇਟੀ ਨੂੰ ਕਲੱਬ ਵੱਲੋਂ ਸੌਂਪਿਆ ਜਾਵੇਗਾ। ਇਸ ਸਮੇਂ ਉੱਤਮ ਸਿੰਘ ਸਾਬੀ, ਮੁਨੀਰ ਨਾਜਰ, ਸੰਜੀਵ ਸੋਹਲ, ਉਕਾਂਰ ਸਿੰਘ ਚੱਬੇਵਾਲ, ਅਮਰਿੰਦਰ ਸੈਣੀ, ਗੁਰਵਿੰਦਰ ਸਿੰਘ, ਤਰਲੋਚਨ ਸਿੰਘ, ਗੁਰਮੇਲ ਸਿੰਘ, ਉਕਾਂਰ ਸਿੰਘ, ਰੋਹਿਤ ਬੱਸੀ, ਸੌਰਵ ਸ਼ਰਮਾ, ਦੌਲਤ ਸਿੰਘ, ਸਾਗਰ ਸੈਣੀ ਆਦਿ ਵੀ ਹਾਜਰ ਸਨ।

# ਸਭ ਤੋਂ ਅਲੱਗ ਹੋਣਾ ਕਮਜ਼ੋਰੀ ਨਹੀਂ ਤਾਕਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

"ਅਕਸਰ, ਅਸੀਂ ਸਮਾਜ ਵਿੱਚ ਖੜ੍ਹੇ ਹੋਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਭੀੜ ਦਾ ਹਿੱਸਾ ਬਣਨਾ ਚਾਹੁੰਦੇ ਹਾਂ।"ਸਾਡਾ ਸਮਾਜ ਅਕਸਰ ਸਾਨੂੰ ਇੱਕੋ ਜਿਹੇ ਬਣਨ ਲਈ ਉਤਸ਼ਾਹਿਤ ਕਰਦਾ ਹੈ, ਸਾਨੂੰ ਦੱਸਦਾ ਹੈ ਕਿ ਸਫਲਤਾ ਅਤੇ ਪ੍ਰਵਾਨਗੀ ਦਾ ਰਾਹ ਭੀੜ ਵਿੱਚ ਰਲ ਕੇ ਚੱਲਣ ਵਿੱਚ ਹੈ। ਪਰ ਸੱਚਾਈ ਇਹ ਹੈ ਕਿ ਸਾਡੀ ਵਿਲੱਖਣਤਾ ਹੀ ਉਹ ਚੀਜ਼ ਹੈ ਜੋ ਸਾਨੂੰ ਅਸਲ ਵਿੱਚ ਖਾਸ ਬਣਾਉਂਦੀ ਹੈ। ਸਭ ਤੋਂ ਅਲੱਗ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਇਕੱਲੇ ਹੋ ਜਾਂ ਕਮਜ਼ੋਰ ਹੋ; ਇਸਦਾ ਅਸਲ ਵਿੱਚ ਮਤਲਬ ਹੈ ਕਿ ਤੁਸੀਂ ਇੰਨੇ ਮਜ਼ਬੂਤ ਹੋ ਕਿ ਆਪਣੀ ਵੱਖਰੀ ਪਛਾਣ ਬਣਾ ਸਕੋ ਅਤੇ ਆਪਣੇ ਅੰਦਰੂਨੀ ਆਵਾਜ਼ ਨੂੰ ਸੁਣ ਸਕੋ। ਆਪਣੀਆਂ ਵਿਲੱਖਣਤਾਵਾਂ ਨੂੰ ਛੁਪਾਉਣ ਦੀ ਬਜਾਏ, ਉਹਨਾਂ ਨੂੰ ਅਪਨਾਓ। ਇਹ ਤੁਹਾਡੀਆਂ ਕਮਜ਼ੋਰੀਆਂ ਨਹੀਂ, ਸਗੋਂ ਤੁਹਾਡੀਆਂ ਤਾਕਤਾਂ ਹਨ। ਤੁਹਾਡਾ ਵੱਖਰਾ ਦ੍ਰਿਸ਼ਟੀਕੋਣ, ਤੁਹਾਡੇ ਅਨੋਖੇ ਵਿਚਾਰ, ਅਤੇ ਤੁਹਾਡਾ ਆਪਣਾ ਤਰੀਕਾ ਦੁਨੀਆ ਨੂੰ ਦੇਖਣ ਦਾ ਹੀ ਤੁਹਾਨੂੰ ਨਵੇਂ ਹੱਲ ਲੱਭਣ, ਰਚਨਾਤਮਕ ਬਣਨ ਅਤੇ ਆਪਣਾ ਨਿਸ਼ਾਨ ਛੱਡਣ ਦੀ ਸਮਰੱਥਾ ਦਿੰਦਾ ਹੈ। ਇਸ ਲਈ, ਕਦੇ ਵੀ ਆਪਣੀ ਵਿਲੱਖਣਤਾ ਤੋਂ ਨਾ ਡਰੋ, ਸਗੋਂ ਇਸਨੂੰ ਆਪਣੀ ਸਭ ਤੋਂ ਵੱਡੀ ਤਾਕਤ ਬਣਾਓ ਅਤੇ ਦੁਨੀਆ ਨੂੰ ਦਿਖਾਓ ਕਿ ਤੁਸੀਂ ਕੌਣ ਹੋ।" ਪਰ ਅਸਲ ਵਿੱਚ, ਸਾਡੀ ਵਿਲੱਖਣਤਾ ਹੀ ਸਾਡੀ ਸਭ ਤੋਂ ਵੱਡੀ ਤਾਕਤ ਹੈ। ਸਭ ਤੋਂ ਅਲੱਗ ਹੋਣ ਤੋਂ ਨਾ ਡਰੋ, ਕਿਉਂਕਿ ਇਹ ਤੁਹਾਨੂੰ ਆਪਣੀ ਪਛਾਣ ਬਣਾਉਣ ਅਤੇ ਆਪਣਾ ਰਸਤਾ ਖੁਦ ਚੁਣਨ ਦੀ ਆਜ਼ਾਦੀ ਦਿੰਦਾ ਹੈ। ਤੁਹਾਡੀ ਵਿਲੱਖਣਤਾ ਹੀ ਤੁਹਾਨੂੰ ਦੂਜਿਆਂ ਤੋਂ ਵੱਖਰਾ ਬਣਾਉਂਦੀ ਹੈ ਅਤੇ ਤੁਹਾਨੂੰ ਆਪਣੀਆਂ ਖਾਸ ਯੋਗਤਾਵਾਂ ਅਤੇ ਪ੍ਰਤਿਭਾਵਾਂ ਨੂੰ ਪਛਾਣਨ ਵਿੱਚ ਮਦਦ ਕਰਦੀ ਹੈ। ਇਸ ਲਈ, ਆਪਣੀ ਵਿਲੱਖਣਤਾ ਨੂੰ ਅਪਣਾਓ ਅਤੇ ਇਸਨੂੰ ਆਪਣੀ ਤਾਕਤ ਬਣਾਓ।



ਰਮਨਦੀਪ ਕੌਰ
ਬਾਬਾ ਫ਼ਰੀਦ ਕਾਲਜ਼ ਆਫ਼ ਐਜਕੇਸ਼ਨ ਦਿਉਣ (ਬਠਿੰਡਾ),

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ ਕੋਟਗੁਰੂ

ਮੋਬਾਇਲ 98888 70822

# ਥਾਣਾ ਮਾਡਲ ਟਾਉਨ ਦੀ ਪੁਲਿਸ ਨੇਂ ਪੀ.ਓ ਮੁਨੀਸ਼ ਭਾਟੀਆ ਨੂੰ ਗ੍ਰਿਫਤਾਰ !

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 5 ਅਪ੍ਰੈਲ ( ਤਰਸੇਮ ਦੀਵਾਨਾ ) ਸੰਦੀਪ ਮਲਿਕ ਆਈ ਪੀ ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੀ ਹਦਾਇਤ ਅਤੇ ਸਰਬਜੀਤ ਸਿੰਘ ਬਾਹੀਆ ਪੁਲਿਸ ਕਪਤਾਨ ( ਤਫਤੀਸ਼ ਅਤੇ ਦੇਵ ਦੱਤ



ਸ਼ਰਮਾ ਪੀ ਪੀ ਐਸ ਉਪ ਪੁਲਿਸ ਕਪਤਾਨ (ਸਿਟੀ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੁਸ਼ਿਆਰਪੁਰ ਜਿਲੇ ਦੇ ਪੀ.ਓ. ਨੂੰ ਗ੍ਰਿਫਤਾਰ ਕਰਨ ਚਲਾਈ ਮੁਹਿੰਮ ਤਹਿਤ ਐਸ.ਆਈ. ਗੁਰਸਾਹਿਬ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਅਤੇ ਏ ਐਸ ਆਈ ਦਿਪੰਕਰ ਸਿੰਘ ਸਾਥੀ ਕਰਮਚਾਰੀਆ ਵਲੋ ਥਾਣਾ ਮਾਡਲ ਟਾਊਨ ਵਿੱਚ ਕਥਿਤ ਦੋਸ਼ੀ ਮੁਨੀਸ਼ ਭਾਟੀਆ ਪੁੱਤਰ ਰਾਮ ਲਾਲ ਵਾਸੀ ਮੁਹੱਲਾ ਅਰਾਈਆ ਖਾਨਪੁਰੀ ਗੇਟ ਜੋ ਕਿ 19 ਅਕਤੂਬਰ 2021 ਤੋ ਪੀ.ਓ. ਚੱਲਿਆ ਆ ਰਿਹਾ ਸੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ ।

# ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਭਵਾਨੀਗੜ੍ਹ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਟਰੱਕ ਯੂਨੀਅਨ ਵੱਲੋਂ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਮੌਕੇ ਹੋਏ ਨਤਮਸਤਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਸੰਗਰੂਰ, 5 ਅਪ੍ਰੈਲ, 2025: ਹਾੜੀ ਦੇ ਸੀਜ਼ਨ ਦੀ ਸ਼ੁਰੂਆਤ ਦੇਸ਼ ਭਰ ਦੇ ਕਿਸਾਨਾਂ ਲਈ ਜਸ਼ਨ ਅਤੇ ਸ਼ੁਕਰਗੁਜ਼ਾਰੀ ਦਾ ਸਮਾਂ ਹੁੰਦਾ ਹੈ। ਇਸ ਸ਼ੁਭ ਮੌਕੇ ਨੂੰ ਮਨਾਉਣ ਲਈ, ਭਵਾਨੀਗੜ੍ਹ ਦੀ ਸ਼੍ਰੀ ਗੁਰੂ ਤੇਗ ਬਹਾਦਰ ਟਰੱਕ ਓਪਰੇਟਰਜ਼ ਯੂਨੀਅਨ ਵੱਲੋਂ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਸਮਾਗਮ ਵਿੱਚ ਪੰਜਾਬ ਟਰਾਂਸਪੋਰਟ ਵਿੰਗ ਦੇ ਸੂਬਾ ਪ੍ਰਧਾਨ ਅਤੇ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਨਤਮਸਤਕ ਹੋਏ। ਇਸ ਮੌਕੇ ਹਲਕਾ ਸੰਗਰੂਰ ਦੇ ਵਿਧਾਇਕ ਨਰਿੰਦਰ ਕੌਰ ਭਰਾਜ ਦੇ ਪਿਤਾ ਗੁਰਨਾਮ ਸਿੰਘ ਭਰਾਜ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।



ਵਿਧਾਇਕ ਰੰਧਾਵਾ ਨੇ ਆਪਣੇ ਸੰਬੋਧਨ ਵਿੱਚ ਸਾਰੇ ਯੂਨੀਅਨ ਮੈਂਬਰਾਂ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਪਹਿਲੀ ਵਾਰ ਆਪਣੇ ਪਿਤਾ ਜੀ ਨਾਲ ਇਸ ਇਲਾਕੇ ਵਿੱਚ ਆਉਣ ਦਾ ਮੌਕਾ 1987 ਵਿੱਚ ਮਿਲਿਆ ਸੀ। ਉਨ੍ਹਾਂ ਕਿਹਾ ਕਿ ਅੱਜ ਸ਼੍ਰੀ ਗੁਰੂ ਤੇਗ ਬਹਾਦਰ ਟਰੱਕ ਯੂਨੀਅਨ ਭਵਾਨੀਗੜ੍ਹ ਵਿੱਚ ਹੀ ਉਸ ਸਮੇਂ ਵਾਲਾ ਹੀ ਉਤਸ਼ਾਹ ਵੇਖਣ ਨੂੰ ਮਿਲਦਾ ਹੈ ਜਿੱਥੇ ਟਰਾਂਸਪੋਰਟਰ, ਟਰੱਕ ਡਰਾਈਵਰ, ਕੰਡਕਟਰ ਅਤੇ ਟਰਾਂਸਪੋਰਟ ਕਿੱਤੇ ਨਾਲ ਜੁੜੇ ਹੋਰ ਲੋਕ ਹਰ ਸਾਲ ਰਖਵਾਏ ਜਾਣ ਵਾਲੇ ਸ਼੍ਰੀ ਅਖੰਡ ਪਾਠ ਸਾਹਿਬ ਵਿੱਚ ਸ਼੍ਰੀ ਗੁਰੂ ਗੰਥ ਸਾਹਿਬ ਨੂੰ ਨਤਮਸਤਕ ਹੋਣ ਅਤੇ ਸ਼ੁਕਰਾਨੇ ਲਈ ਆਉਂਦੇ ਹਨ।

ਇਸ ਮੌਕੇ ਵਿਧਾਇਕ ਰੰਧਾਵਾ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਨੂੰ ਟਰਾਂਸਪੋਰਟ ਵਿੰਗ ਦਾ ਸੂਬਾ ਪ੍ਰਧਾਨ ਬਣਾਏ ਜਾਣ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਬਤੌਰ ਪ੍ਰਧਾਨ ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਪੰਜਾਬ ਵਿੱਚ ਟਰਾਂਸਪੋਰਟ ਉਦਯੋਗ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਵਿਆਪਕ ਯੋਜਨਾ ਤਿਆਰ ਕਰਕੇ ਖਾਕਾ ਬਣਾਇਆ ਜਾਵੇ ਤਾਂ ਜੋ ਟਰਾਂਸਪੋਰਟ ਕਿੱਤੇ ਨਾਲ ਜੁੜੇ ਸਾਡੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਡਰਾਈਵਰੀ ਕਰਨ ਲਈ ਆਪਣੇ ਘਰ ਅਤੇ ਪਰਿਵਾਰ ਛੱਡ ਕੇ ਰੁਜ਼ਗਾਰ ਦੀ ਭਾਲ ਨਾ ਕਰਨੀ ਪਵੇ।

ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਟਰੱਕ ਯੂਨੀਅਨ ਭਵਾਨੀਗੜ੍ਹ ਬੜੀ ਕਰਮਾਂ ਵਾਲੀ ਹੈ ਜਿਸਦਾ ਨਾਮ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਦੇ ਨਾਮ ਤੇ ਰੱਖਿਆ ਗਿਆ ਹੈ ਜਿਸ ਤੇ ਸਦਾ ਹੀ ਗੁਰੂ ਸਾਹਿਬ ਦਾ ਓਟ ਆਸਰਾ ਰਿਹਾ ਹੈ ਜੋ ਕਿ ਪੰਜਾਬ ਦੀ ਸਭ ਤੋਂ ਵੱਡੀ ਟਰੱਕ ਯੂਨੀਅਨ ਹੈ। ਉਨ੍ਹਾਂ ਯੂਨੀਅਨ ਦੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਸੱਦਾ ਦਿੱਤਾ ਕਿ ਆਓ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਟਰਾਂਸਪੋਰਟ ਕਿੱਤੇ ਨਾਲ ਜੁੜੇ ਆੜ੍ਹਤੀਆ, ਕਾਰੋਬਾਰੀਆਂ, ਸਨਅਤਕਾਰਾਂ ਨੂੰ ਨਾਲ ਜੋੜ ਕੇ ਅੱਗੇ ਵਧੀਏ ਤਾਂ ਜੋ ਟਰਾਂਸਪੋਰਟ ਦਾ ਕਿੱਤਾ ਮੁੜ ਤੋਂ ਪ੍ਰਫੁੱਲਤ ਕੀਤਾ ਜਾ ਸਕੇ।

ਇਸ ਮੌਕੇ ਯੂਨੀਅਨ ਦੇ ਪ੍ਰਧਾਨ ਜਤਿੰਦਰ ਸਿੰਘ ਵਿੱਕੀ ਬਾਜਵਾ ਦੀ ਪ੍ਰਧਾਨਗੀ ਹੇਠ ਅਹੁਦੇਦਾਰਾਂ ਵੱਲੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਸਮੇਤ ਹੋਰਨਾਂ ਸ਼ਖਸ਼ੀਅਤਾਂ ਨੂੰ ਸਨਮਾਨਤ ਕੀਤਾ ਗਿਆ।

# ਜਗਰਾਉਂ ਬਲਾਕ ਦੇ ਚਾਰ ਅਧਿਆਪਕ "ਮਿਹਨਤੀ ਅਤੇ ਸੁਹਿਰਦ ਅਧਿਆਪਕ ਐਵਾਰਡ" ਸਨਮਾਨਿਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਮਤੀ ਰਵਿੰਦਰ ਕੌਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਮਨੋਜ ਕੁਮਾਰ ਵੱਲੋਂ ਬਲਾਕ ਜਗਰਾਉਂ ਦੇ ਚਾਰ ਅਧਿਆਪਕਾਂ ਨੂੰ ਮਿਹਨਤੀ ਅਤੇ ਸੁਹਿਰਦ ਅਧਿਆਪਕ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਜਿਸ ਵਿੱਚ ਸਤਨਾਮ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਮਲਕ,ਹਰਪ੍ਰੀਤ ਸਿੰਘ ਕੋਠੇ ਸਮਸ਼ੇ,ਸ਼੍ਰੀ ਮਤੀ ਸੁਰਿੰਦਰ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਡੱਲਾ,ਸ਼੍ਰੀ ਮਤੀ ਰੰਜੂ ਬਾਲਾ ਹੈੱਡ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ ਅਗਵਾੜ ਲੋਪੋ





ਬਰਾਂਚ ਨੂੰ ਸਨਮਾਨਿਤ ਕੀਤਾ।

ਇਸ ਮੌਕੇ ਸਤਨਾਮ ਸਿੰਘ ਹਠੂਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਮਤੀ ਰਵਿੰਦਰ ਕੌਰ ਵੱਲੋਂ ਹਰ ਬਲਾਕ ਚ ਚਾਰ ਅਧਿਆਪਕ ਚੁਣੇ ਗਏ ਸਨ,ਜਿਹਨਾਂ ਨੂੰ ਜ਼ਿਲ੍ਹਾ ਪੱਧਰ ਤੇ ਪਿਛਲੇ ਦਿਨੀ ਸਨਮਾਨਿਤ ਕੀਤਾ ਗਿਆ।

ਬਲਾਕ ਪੱਧਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ. ਸੁਖਦੇਵ ਸਿੰਘ ਹਠੂਰੀਆ ਦੀ ਅਤੇ ਸਮੁੱਚੇ ਬਲਾਕ ਦੇ ਸੈਂਟਰ ਹੈੱਡ ਟੀਚਰ ਰਾਹੀਂ ਇਹ ਨਾਮ ਜ਼ਿਲ੍ਹੇ ਨੂੰ ਭੇਜੇ ਗਏ ਸਨ।ਜਿਹਨਾਂ ਵਿੱਚ ਇਹਨਾਂ ਚਾਰ ਅਧਿਆਪਕਾਂ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਮੈਰੀਟੋਰੀਅਸ ਸਕੂਲ ਲੁਧਿਆਣਾ ਵਿੱਚ ਰੱਖੇ ਪ੍ਰੋਗਰਾਮ ਵਿੱਚ ਮਿਹਨਤੀ ਅਤੇ ਸੁਹਿਰਦ ਅਧਿਆਪਕ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਇਹਨਾਂ ਸਨਮਾਨਿਤ ਅਧਿਆਪਕਾਂ ਨੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ. ਸੁਖਦੇਵ ਸਿੰਘ ਹਠੂਰੀਆ ਅਤੇ ਸਮੂਹ ਸੈਂਟਰ ਹੈੱਡ ਟੀਚਰ ਦਾ ਧੰਨਵਾਦ ਕੀਤਾ। ਸ. ਸਤਨਾਮ ਸਿੰਘ ਹਠੂਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹਨਾਂ ਸਨਮਾਨਾਂ ਨਾਲ ਤੁਹਾਡੇ ਕੰਮ ਨੂੰ ਹੋਰ ਵੱਧ ਪਹਿਚਾਣ ਮਿਲਦੀ ਹੈ ਅਤੇ ਜ਼ਿੰਮੇਵਾਰੀ ਦਾ ਸੰਚਾਰ ਹੁੰਦਾ ਹੈ।ਇਸ ਨਾਲ ਸਾਡੀ ਕਿੱਤੇ ਪ੍ਰਤੀ ਜ਼ਿੰਮੇਵਾਰੀ ਹੋਰ ਵੱਧ ਜਾਂਦੀ ਹੈ ਅਤੇ ਅਸੀਂ ਹੋਰ ਲਗਨ ਅਤੇ ਭਾਵਨਾ ਨਾਲ ਕੰਮ ਕਰਦੇ ਹਾਂ।

# ਸਰਕਾਰੀ ਹਾਈ ਸਮਾਰਟ ਸਕੂਲ ਪਿੰਡ ਕੋਟਗੁਰੂ (ਬਠਿੰਡਾ) ਦੇ ਅੱਠਵੀਂ ਜਮਾਤ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਸੂਚੀ ਵਿੱਚ ਨਾਮ ਦਰਜ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com

ਸਰਕਾਰੀ ਹਾਈ ਸਮਾਰਟ ਸਕੂਲ ਪਿੰਡ ਕੋਟਗੁਰੂ (ਬਠਿੰਡਾ) ਦੇ ਅੱਠਵੀਂ ਜਮਾਤ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਸੂਚੀ ਵਿੱਚ ਨਾਮ ਦਰਜ਼ ਕਰਵਾਉਣ ਅਤੇ ਸਕੂਲ ਵਿੱਚੋਂ ਚੰਗੇ ਅੰਕ ਲੈਕੇ ਪਾਸ ਹੋਣ ਵਾਲੇ



ਵਿਦਿਆਰਥੀਆਂ ਨਾਲ ਸਕੂਲ ਦਾ ਮਿਹਨਤੀ ਸਟਾਫ਼।

# ਦੂਜਿਆਂ ਦੇ ਸੁੱਖ 'ਤੇ ਦੁੱਖੀ ਹੋਣਾ: ਇੱਕ ਮਾਨਸਿਕ ਰੋਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪ੍ਰੈਲ INTERNATIONAL PAPER, 9463601616 hardipchumber57@gmail.com



ਦੂਜਿਆਂ ਦੀ ਖੁਸ਼ੀ ਤੋਂ ਦੁਖੀ ਹੋਣਾ ਇੱਕ ਮਾਨਸਿਕ ਸਮੱਸਿਆ ਹੈ। ਇਹ ਇੱਕ ਕੌੜਾ ਸੱਚ ਹੈ ਕਿ ਸਾਡੇ ਸਮਾਜ ਵਿੱਚ ਅਜਿਹੇ ਲੋਕ ਮੌਜੂਦ ਹਨ ਜੋ ਆਪਣੀ ਖੁਸ਼ੀ ਦੀ ਬਜਾਏ ਦੂਜਿਆਂ ਦੀ ਖੁਸ਼ੀ ਵਿੱਚ ਨੁਕਸ ਲੱਭਦੇ ਹਨ ਜਾਂ ਉਨ੍ਹਾਂ ਦੀ ਖੁਸ਼ੀ ਦੇਖ ਕੇ ਦੁਖੀ ਹੁੰਦੇ ਹਨ। ਇਹ ਇੱਕ ਮਾਨਸਿਕ ਰੋਗ ਹੈ ਜੋ ਅਜਿਹੇ ਲੋਕਾਂ ਨੂੰ ਅੰਦਰੋਂ ਖਾਲੀ ਕਰ ਦਿੰਦਾ ਹੈ ਅਤੇ ਸਮਾਜ ਵਿੱਚ ਨਕਾਰਾਤਮਕਤਾ ਫੈਲਾਉਂਦਾ ਹੈ।

ਅਕਸਰ, ਜਦੋਂ ਕੋਈ ਵਿਅਕਤੀ ਤਰੱਕੀ ਕਰਦਾ ਹੈ ਜਾਂ ਕੋਈ ਸਫਲਤਾ ਹਾਸਿਲ ਕਰਦਾ ਹੈ, ਤਾਂ ਉਸਦੀ ਪ੍ਰਸ਼ੰਸਾ ਕਰਨ ਦੀ ਬਜਾਏ ਕੁਝ ਲੋਕ ਉਸਦੀ ਕਾਮਯਾਬੀ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੇ ਹਨ ਜਾਂ ਉਸ ਵਿੱਚ ਕੋਈ ਨਾ ਕੋਈ ਕਮੀ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੂੰ ਇਹ ਗੱਲ ਪਰੇਸ਼ਾਨ ਕਰਦੀ ਹੈ ਕਿ ਕੋਈ ਹੋਰ ਉਨ੍ਹਾਂ ਤੋਂ ਅੱਗੇ ਕਿਵੇਂ ਨਿਕਲ ਗਿਆ। ਇਹ ਈਰਖਾ ਅਤੇ ਸਾੜੇ ਦੀ ਭਾਵਨਾ ਉਨ੍ਹਾਂ ਨੂੰ ਅੰਦਰੋਂ ਹੀ ਅੰਦਰ ਖਾਂਦੀ ਰਹਿੰਦੀ ਹੈ।

ਅਸਲ ਵਿੱਚ, ਅਜਿਹੇ ਲੋਕ ਆਪਣੀ ਜ਼ਿੰਦਗੀ ਵਿੱਚ ਅਸੰਤੁਸ਼ਟ ਹੁੰਦੇ ਹਨ। ਉਹ ਆਪਣੀਆਂ ਪ੍ਰਾਪਤੀਆਂ ਨੂੰ ਘੱਟ ਅਤੇ ਦੂਜਿਆਂ ਦੀਆਂ ਪ੍ਰਾਪਤੀਆਂ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ। ਇਸੇ ਲਈ ਉਹ ਆਪਣੀ ਖੁਸ਼ੀ ਨੂੰ ਮਹਿਸੂਸ ਕਰਨ ਦੀ ਬਜਾਏ ਦੂਜਿਆਂ ਦੇ ਸੁੱਖ 'ਤੇ ਦੁਖੀ ਹੁੰਦੇ ਹਨ।

ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਹਰ ਵਿਅਕਤੀ ਦੀ ਆਪਣੀ ਕਿਸਮਤ ਅਤੇ ਆਪਣੀ ਮਿਹਨਤ ਹੁੰਦੀ ਹੈ। ਕਿਸੇ ਹੋਰ ਦੀ ਸਫਲਤਾ ਸਾਡੀ ਅਸਫਲਤਾ ਨਹੀਂ ਹੈ। ਸਗੋਂ ਸਾਨੂੰ ਦੂਜਿਆਂ ਤੋਂ ਪ੍ਰੇਰਨਾ ਲੈ ਕੇ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਦੋਂ ਅਸੀਂ ਦੂਜਿਆਂ ਦੀ ਖੁਸ਼ੀ ਵਿੱਚ ਖੁਸ਼ ਹੋਣਾ ਸਿੱਖ ਲੈਂਦੇ ਹਾਂ, ਤਾਂ ਸਾਡੀ ਆਪਣੀ ਜ਼ਿੰਦਗੀ ਵੀ ਸਕਾਰਾਤਮਕਤਾ ਨਾਲ ਭਰ ਜਾਂਦੀ ਹੈ। ਆਓ, ਅਸੀਂ ਸਾਰੇ ਮਿਲ ਕੇ ਇਸ ਨਕਾਰਾਤਮਕ ਸੋਚ ਨੂੰ ਤਿਆਗ ਕੇ ਇੱਕ ਦੂਜੇ ਦੀ ਖੁਸ਼ੀ ਵਿੱਚ ਸ਼ਾਮਿਲ ਹੋਣਾ ਸਿੱਖੀਏ।

ਚਾਨਣ ਦੀਪ ਸਿੰਘ ਔਲਖ, ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ 9876888177 Email: chanandeepaulakh@gmail.com

# ਡਾ. ਅੰਬੇਡਕਰ ਦਾ ਨਿਰਾਦਰ ਕਰਨ ਵਾਲੇ ਅਨਸਰਾਂ ਪ੍ਰਤੀ ਸਖ਼ਤੀ ਵਰਤੇਗੀ ਸਰਕਾਰ - ਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪ੍ਰੈਲ INTERNATIONAL PAPER, 9463601616 hardipchumber57@gmail.com



ਫਗਵਾੜਾ 5 ਅਪ੍ਰੈਲ (ਸ਼ਿਵ ਕੌੜਾ) ਆਮ ਆਦਮੀ ਪਾਰਟੀ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਫਿਲੌਰ ਦੇ ਪਿੰਡ ਨੰਗਲ 'ਚ ਸਥਾਪਤ ਭਾਰਤੀ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦੇ ਬੁੱਤ ਦਾ ਨਿਰਾਦਰ ਕਰਨ ਵਾਲੇ ਦੇ ਅਨਸਰਾਂ ਦੀ ਪੰਜਾਬ ਪੁਲਿਸ ਵਲੋਂ ਕੀਤੀ ਗਿਰਫਤਾਰੀ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਡਾ. ਅੰਬੇਡਕਰ ਨੇ ਭਾਰਤ ਦੇ ਬਿਹਤਰੀਨ ਸੰਵਿਧਾਨ ਦੀ ਰਚਨਾ ਕੀਤੀ ਅਤੇ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਵੀ ਰਹੇ। ਡਾ. ਅੰਬੇਡਕਰ ਨੇ ਆਪਣੀ ਮਿਹਨਤ ਸਦਕਾ ਅਜਿਹਾ ਉੱਚਾ ਮੁਕਾਮ ਹਾਸਲ ਕੀਤਾ ਕਿ ਉਹਨਾਂ ਗਿਣਤੀ ਉਸ ਸਮੇਂ ਦੁਨੀਆ ਦੇ ਬੁੱਧੀਜੀਵੀ ਵਰਗ ਵਿਚੋਂ 6ਵੇਂ ਮਨੁੱਖ ਦੇ ਤੌਰ ਤੇ ਹੁੰਦੀ ਸੀ। ਡਾ. ਅੰਬੇਡਕਰ ਨੇ ਭਾਰਤੀ ਸੰਵਿਧਾਨ ਦੀ ਰਚਨਾ ਸਮੇਂ ਹਰੇਕ, ਧਰਮ, ਫਿਰਕੇ ਅਤੇ ਜਾਤੀ ਦਾ ਧਿਆਨ ਰੱਖਦੇ ਹੋਏ ਬਰਾਬਰਤਾ ਦੇ ਅਧਿਕਾਰ ਦਿੱਤੇ ਹਨ। ਔਰਤਾਂ ਨੂੰ ਵੀ ਉਹਨਾਂ ਨੇ ਦੇਸ਼ ਆਜਾਦ ਹੋਣ ਤੋਂ ਪੰਦਰਾਂ ਸਾਲ ਪਹਿਲਾਂ ਬਰਾਬਰਤਾ ਦਾ ਅਧਿਕਾਰ ਲੈ ਕੇ ਦਿੱਤਾ ਸੀ। ਉਹਨਾਂ ਕਿਹਾ ਕਿ ਡਾ. ਅੰਬੇਡਕਰ ਸਿਰਫ ਦਲਿਤਾਂ ਦੇ ਮਸੀਹਾ ਹੀ ਨਹੀਂ ਬਲਕਿ ਹਰੇਕ ਭਾਰਤੀ ਦੇ ਲਈ ਸਨਮਾਨ ਦੇ ਯੋਗ ਹਨ। ਉਹਨਾਂ ਦਾ ਨਿਰਾਦਰ ਕਿਸੇ ਵੀ ਰੂਪ ਵਿਚ ਬਿਲਕੁਲ ਬਰਦਾਸ਼ਤ ਕਰਨ ਯੋਗ ਨਹੀਂ ਹੈ। ਜੋ ਲੋਕ ਡਾ. ਅੰਬੇਡਕਰ ਦੇ ਬੁੱਤ ਪੰਜਾਬ ਦੀ ਧਰਤੀ ਤੋਂ ਹਟਾਉਣ ਦੀ ਗੱਲ ਕਰਦੇ ਹਨ, ਉਹਨਾਂ ਨੂੰ ਪਹਿਲਾਂ ਡਾ. ਅੰਬੇਡਕਰ ਦੇ ਜੀਵਨ, ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਪੜ੍ਹਨਾ ਚਾਹੀਦਾ ਹੈ। ਮਾਨ ਨੇ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਅਜਿਹੀਆਂ ਨਿੰਦਣਯੋਗ ਹਰਕਤਾਂ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਉਹਨਾਂ ਪੰਜਾਬ ਦੇ ਨੌਜਵਾਨਾਂ ਨੂੰ ਸਚੇਤ ਕੀਤਾ ਕਿ ਉਹ ਕੱਟੜਤਾ ਦਾ ਜਹਿਰ ਫੈਲਾਉਣ ਵਾਲਿਆਂ ਤੋਂ ਸੁਚੇਤ ਰਹਿਣ ਅਤੇ ਇਹਨਾਂ ਦੇ ਭੁਲੇਖੇ ਵਿਚ ਬਿਲਕੁਲ ਨਾ ਆਉਣ ਕਿਉਂਕਿ ਪੰਜਾਬ ਸਰਕਾਰ ਅਜਿਹੇ ਅਨਸਰਾਂ ਨਾਲ ਬੜੀ ਸਖ਼ਤੀ ਦੇ ਨਾਲ ਨਜਿੱਠੇਗੀ।

# ਸਵੱਛ ਭਾਰਤ ਮੁਹਿਮ ਸਬੰਧੀ ਖੇੜ੍ਹਾ ਰੋਡ ਵਿਖੇ ਨਾਗਰਿਕਾਂ ਤੋਂ ਲਈ ਫੀਡਬੈਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪ੍ਰੈਲ INTERNATIONAL PAPER, 9463601616 hardipchumber57@gmail.com



ਫਗਵਾੜਾ 5 ਅਪ੍ਰੈਲ (ਸ਼ਿਵ ਕੌੜਾ) ਨਗਰ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਦੇ ਨਿਰਦੇਸ਼ਾਂ ਅਤੇ ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਸਵੱਛ ਸਰਵੇਖਣ 2024 ਤਹਿਤ ਸ਼ਹਿਰ ਦੀ ਸਫਾਈ ਵਿਵਸਥਾ ਦੀ ਜਾਣਕਾਰੀ ਲੈਣ ਸਬੰਧੀ ਫੀਡਬੈਕ ਮੀਟਿੰਗ ਸੀਨੀਅਰ ਸਿਟੀਜਨ ਕੇਅਰ ਸੈਂਟਰ ਖੇੜਾ ਰੋਡ ਫਗਵਾੜਾ ਵਿਖੇ ਹੋਈ। ਜਿਸ ਦੀ ਪ੍ਰਧਾਨਗੀ ਨਗਰ ਨਿਗਮ ਦੇ ਸਹਾਇਕ ਕਮਿਸ਼ਨਰ ਅਸ਼ੀਸ਼ ਬਾਂਸਲ ਨੇ ਕੀਤੀ। ਮੀਟਿੰਗ ਵਿਚ ਪ੍ਰੇਮ ਨਗਰ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ, ਸੀਨੀਅਰ ਸਿਟੀਜਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਵਿਸ਼ਵਾਮਿੱਤਰ ਸ਼ਰਮਾ ਅਤੇ ਏਕ ਕੋਸ਼ਿਸ਼ ਸੰਸਥਾ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਸਹਾਇਕ ਕਮਿਸ਼ਨਰ ਅਸ਼ੀਸ਼ ਬਾਂਸਲ ਨੇ ਸੀਨੀਅਰ ਸਿਟੀਜਨ ਵੈਲਫੇਅਰ ਸੁਸਾਇਟੀ ਦੇ ਕੰਮਕਾਜ ਅਤੇ ਬਿਲਡਿੰਗ ਬਾਰੇ ਜਾਣਕਾਰੀ ਹਾਸਲ ਕਰਨ ਉਪਰੰਤ ਮੈਂਬਰਾਂ ਵਲੋਂ ਸੀਨੀਅਰ ਸਿਟੀਜਨ ਸੈਂਟਰ ਦੇ ਵਿਸਥਾਰ ਸਬੰਧੀ ਅਪੀਲ ਬਾਰੇ ਵਿਚਾਰ ਕਰਨ ਦਾ ਭਰੋਸਾ ਦਿੱਤਾ। ਉਹਨਾਂ ਨੇ ਸੀਨੀਅਰ ਸਿਟੀਜਨ ਨੂੰ ਵੀ ਸਵੱਛ ਭਾਰਤ ਮੁਹਿਮ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ ਸਵੱਛ ਭਾਰਤ ਮਿਸ਼ਨ ਦੇ ਆਈ.ਈ.ਸੀ. ਸੀ. ਐਕਸਪਰਟ ਪੂਜਾ ਸ਼ਰਮਾ, ਸੁਨੀਤਾ ਸ਼ਰਮਾ ਅਤੇ ਆਸ਼ਾ ਨੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਸਵੱਛਤਾ ਸਰਵੇਖਣ 2024 ਬਾਰੇ ਵਿਸਥਾਰ ਨਾਲ ਦੱਸਿਆ। ਉਹਨਾਂ ਕਿਹਾ ਕਿ ਇਸ ਮੀਟਿੰਗ ਦਾ ਆਯੋਜਨ ਭਾਰਤ ਸਰਕਾਰ ਦੀ ਇਸ ਮੁਹਿਮ ਸਬੰਧੀ ਨਾਗਰਿਕਾਂ ਤੋਂ ਫੀਡਬੈਕ ਲੈਣਾ ਹੈ। ਜਿਸ ਤਹਿਤ ਆਨਲਾਈਨ 10 ਸੁਆਲ ਪੁੱਛੇ ਜਾਂਦੇ ਹਨ। ਫੀਡਬੈਕ ਦੇ ਆਧਾਰ ਤੇ ਸਵੱਛਤਾ ਮੁਹਿਮ ਨੂੰ ਸਫਲ ਬਨਾਉਣ ਲਈ ਹੋਰ ਲੋੜੀਂਦੇ ਉਪਰਾਲੇ ਕੀਤੇ ਜਾਂਦੇ ਹਨ। ਹਾਜਰੀਨ ਵਲੋਂ ਵੀ ਆਪੋ ਆਪਣੇ ਸੁਝਾਅ ਦਿੱਤੇ ਗਏ। ਮੀਟਿੰਗ ਦੌਰਾਨ ਹਾਜਰੀਨ ਨੂੰ ਡਸਟਬਿਨ ਅਤੇ ਕਪੜੇ ਦੇ ਥੈਲੇ ਭੇਂਟ ਕਰਦਿਆਂ ਪਲਾਸਟਿਕ ਦੀ ਵਰਤੋਂ ਨਾ ਕਰਨ ਅਤੇ ਗਿੱਲਾ ਤੇ ਸੁੱਕਾ ਕੂੜਾ ਵੱਖਰਾ ਇਕੱਠਾ ਕਰਨ ਦੀ ਅਪੀਲ ਕੀਤੀ ਗਈ। ਇਸ ਮੌਕੇ ਨਗਰ ਨਿਗਮ ਫਗਵਾੜਾ ਦੇ ਸੈਨੇਟਰੀ ਇੰਸਪੈਕਟਰ ਹੀਤੇਸ਼ ਸ਼ਰਮਾ ਤੋਂ ਇਲਾਵਾ ਮੋਹਨ ਲਾਲ ਤਨੇਜਾ, ਮਨੀਸ਼ ਕਨੌਜੀਆ, ਰਾਮ ਲੁਭਾਇਆ, ਬਲਦੇਵ ਸ਼ਰਮਾ, ਸੁਭਾਸ਼ ਗੋਗਨਾ, ਸੁਧਾ ਬੇਦੀ, ਸੁਰਿੰਦਰ ਪਾਲ ਸਕੱਤਰ ਸਮੇਤ ਵਾਰਡ ਦੇ ਵਸਨੀਕ ਹਾਜਰ ਸਨ।

# ਬੇਗਮਪੁਰਾ ਟਾਈਗਰ ਫੋਰਸ ਨੇ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਬੰਦ ਪਏ ਆਕਸੀਜਨ ਜਨਰੇਸ਼ਨ ਪਲਾਂਟਾਂ ਨੂੰ ਠੀਕ ਕਰਵਾਉਣ ਲਈ ਦਿੱਤਾ ਮੰਗ ਪੱਤਰ

## ਸਿਵਲ ਹਸਪਤਾਲ ਹੁਸ਼ਿਆਰਪੁਰ ਦੀ ਸੀਨੀਅਰ ਐਸਐਮਉ ਦੀ ਅਣਗਹਿਲੀ ਕਾਰਨ ਵਾਝੇ ਹਨ ਹਸਪਤਾਲ ਵਿੱਚ ਆਕਸੀਜਨ ਦੀ ਸੁਵਿਧਾ ਤੋਂ ਮਰੀਜ਼ : ਬੰਟੀ, ਕਲੋਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪ੍ਰੈਲ INTERNATIONAL PAPER, 9463601616 hardipchumber57@gmail.com



ਹੁਸ਼ਿਆਰਪੁਰ, 5 ਅਪ੍ਰੈਲ (ਤਰਸੇਮ ਦੀਵਾਨਾ) ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਬਲਾਕ ਹਰਿਆਣਾ ਭੂੰਗਾ ਦੇ ਪ੍ਰਧਾਨ ਅਨਿਲ ਕੁਮਾਰ ਬੰਟੀ ਉਪ ਪ੍ਰਧਾਨ ਰਾਹੁਲ ਕਲੋਤਾ ਪ੍ਰਧਾਨਗੀ ਹੇਠ ਨਾਇਬ ਤਹਿਸੀਲਦਾਰ ਰਵਿੰਦਰ ਕੌਰ ਦੇ ਰਾਹੀ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਨੂੰ ਸਿਵਲ ਹਸਪਤਾਲ ਵਿੱਚ ਕਰੋੜਾਂ ਰੁਪਏ ਨਾਲ ਬਣੇ ਆਕਸੀਜਨ ਜਨਰੇਸ਼ਨ ਪਲਾਂਟ ਨੂੰ ਤੁਰੰਤ ਚਾਲੂ ਕਰਨ ਲਈ ਭੇਜਿਆ ਗਿਆ ! ਮੰਗ ਪੱਤਰ ਵਿੱਚ ਉਹਨਾਂ ਕਿਹਾ ਕਿ ਅਜੇਕੇ ਸਮੇਂ ਅੰਦਰ ਸਿਵਲ ਹਸਪਤਾਲ ਹੁਸ਼ਿਆਰਪੁਰ ਅੰਦਰ ਸਿਹਤ ਪ੍ਰਬੰਧ ਰੱਬ ਆਸਰੇ ਹੀ ਚੱਲ ਰਹੇ ਹਨ। ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਦੋ ਆਕਸੀਜਨ ਜਨਰੇਸ਼ਨ ਪਲਾਂਟ ਕਰੋੜਾਂ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤੇ ਹੋਏ ਹਨ ਤਾਂ ਜੋ ਹੰਗਾਮੀ ਹਾਲਤ ਵਿੱਚ ਮਰੀਜ਼ਾਂ ਦੀ ਜਾਨ ਬਚਾਉਣ ਲਈ ਤੁਰੰਤ ਜੀਵਨ ਰੱਖਿਆ ਉਪਕਰਨਾਂ ਦੀ ਤੁਰੰਤ ਵਰਤੋਂ ਕੀਤੀ ਜਾ ਸਕੇ। ਇਸ ਮਕਸਦ ਲਈ ਆਕਸੀਜਨ ਪਹੁੰਚਾਉਣ ਲਈ ਸਿਵਲ ਹਸਪਤਾਲ ਦੇ ਸਾਰੇ ਕਮਰਿਆਂ ਵਿੱਚ ਪਾਈਪਾਂ ਰਾਹੀਂ ਸਪਲਾਈ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਬੇਗਮਪੁਰਾ ਟਾਈਗਰ ਫੋਰਸ ਦੀ ਟੀਮ ਵੱਲੋਂ ਇਸ ਆਕਸੀਜਨ ਪਲਾਂਟ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਕੀਤੇ ਦੌਰੇ ਦੌਰਾਨ ਇਹ ਵੇਖਿਆ ਗਿਆ ਕਿ ਦੋਵੇਂ ਆਕਸੀਜਨ ਜਨਰੇਸ਼ਨ ਪਲਾਂਟਾਂ ਦੀ ਤਾਲਾਬੰਦੀ ਕੀਤੀ ਹੋਈ ਹੈ ਅਤੇ ਇਹ ਕੰਮ ਕਰਨ ਦੀ ਸਥਿਤੀ ਵਿੱਚ ਨਹੀਂ ਹਨ। ਉਹਨਾਂ ਕਿਹਾ ਕਿ ਪੁੱਛ ਪੜਤਾਲ ਕਰਨ ਤੋਂ ਪਤਾ ਚੱਲਿਆ ਕਿ ਪਿਛਲੇ ਕਰੀਬ ਇੱਕ ਸਾਲ ਤੋਂ ਇਹ ਦੋਵੇਂ ਆਪ ਜੀ ਪਲਾਂਟ ਬੰਦ ਪਏ ਹੋਏ ਹਨ। ਇਹਨਾਂ ਦਾ ਮਰੀਜ਼ਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ। ਉਨਾਂ ਦੋਸ਼ ਲਗਾਇਆ ਕਿ ਹੰਗਾਮੀ ਹਾਲਤ ਵਿੱਚ ਜੀਵਨ ਰੱਖਿਅਕ ਉਪਕਰਨ ਦੋਵੇਂ ਆਕਸੀਜਨ ਪਲਾਂਟ ਲੰਬੇ ਸਮੇਂ ਤੋਂ ਵਰਤੋਂ ਵਿੱਚ ਨਾ ਹੋਣ ਕਾਰਨ ਇਹ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਮੌਜੂਦਾ ਪ੍ਰਸ਼ਾਸਕ ਸੀਨੀਅਰ ਐਸ ਐਮ ਓ ਦੀ ਕੇਵਲ ਕਾਰਜਸ਼ਲੀ ਹੀ ਨਹੀਂ, ਸਗੋਂ ਉਹਨਾਂ ਦੀ ਪ੍ਰਸ਼ਾਸਨਿਕ ਯੋਗਤਾ ਉੱਪਰ ਵੀ ਸਵਾਲੀਆ ਚਿੰਨ੍ਹ ਲਗਾ ਰਹੇ ਹਨ। ਉਨਾਂ ਮੰਗ ਕੀਤੀ ਕਿ ਲੰਬੇ ਸਮੇਂ ਤੋਂ ਬੰਦ ਪਏ ਇਹਨਾਂ ਆਕਸੀਜਨ ਪਲਾਂਟਾਂ ਨੂੰ ਸਮੇਂ ਸਿਰ ਠੀਕ ਨਾ ਕਰਾਉਣ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਗੈਰ ਜ਼ਿੰਮੇਵਾਰ ਪ੍ਰਸ਼ਾਸਕ ਤੇ ਹੋਰ ਅਧਿਕਾਰੀਆਂ ਨੂੰ ਮੌਜੂਦਾ ਸੀਟ ਤੋਂ ਤੁਰੰਤ ਪ੍ਰਭਾਵ ਨਾਲ ਹਟਾ ਕੇ ਇਹਨਾਂ ਸਭਨਾਂ ਵਿਰੁੱਧ ਸਖਤ ਵਿਭਾਗੀ ਕਾਰਵਾਈ ਅਤੇ ਜੀਵਨ ਰਖਿਅਕ ਕਰਨਾ ਨੂੰ ਠੀਕ ਕਰਾ ਕੇ ਮਰੀਜ਼ਾਂ ਦੀ ਵਰਤੋਂ ਯੋਗ ਵਿੱਚ ਲਿਆਉਣ, ਜੀਵਨ ਰੱਖਿਅਕ ਉਪਕਰਨਾਂ ਦੀ ਚੋਰੀ ਵੱਲ ਲੈ ਜਾਣ ਵਾਲੇ ਹਾਲਾਤਾਂ ਦੀ ਤੁਰੰਤ ਅਤੇ ਪੂਰੀ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਅਤੇ ਅਧਿਕਾਰੀਆਂ ਨੂੰ ਉਹਨਾਂ ਦੀ ਗੰਭੀਰ ਲਾਪਰਵਾਹੀ ਲਈ ਜ਼ਿੰਮੇਵਾਰ ਠਹਿਰਾਇਆ ਜਾਵੇ ਅਤੇ ਤੁਰੰਤ ਪ੍ਰਸ਼ਾਸਨ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰੀਕ ਸਿੰਘ, ਸਤੀਸ਼ ਕੁਮਾਰ ਬਸੀ ਬਾਹਦ,ਮਨਪ੍ਰੀਤ ਕਲੋਤਾ,ਸੁਨੀਲ ਕੁਮਾਰ ਆਦਿ ਹਾਜ਼ਰ ਸਨ !

# ਜ਼ਿਲ੍ਹਾ ਸੰਗਰੂਰ ਦੇ 8 ਵਿਦਿਆਰਥੀ ਅੱਠਵੀਂ ਦੀ ਬੋਰਡ ਪ੍ਰੀਖਿਆ ਵਿੱਚ ਮੈਰਿਟ ਵਿੱਚ ਆਏ

## ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਮੁਬਾਰਕਬਾਦ ਦਿੱਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪ੍ਰੈਲ INTERNATIONAL PAPER, 9463601616 hardipchumber57@gmail.com

ਦਲਜੀਤ ਕੌਰ

ਸੰਗਰੂਰ, 5 ਅਪ੍ਰੈਲ, 2025: ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਦੇ ਵਿੱਚ ਪੜ੍ਹਦੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਇਸ ਵਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ । ਜ਼ਿਲ੍ਹੇ ਦੇ 8 ਬੱਚਿਆਂ ਨੇ ਮੈਰਿਟ ਵਿੱਚ ਸਥਾਨ ਹਾਸਿਲ ਕੀਤਾ ਹੈ ਅਤੇ ਜ਼ਿਲ੍ਹਾ ਸੰਗਰੂਰ ਦਾ ਨਤੀਜਾ ਵੀ 95.80 ਫ਼ੀਸਦੀ ਰਿਹਾ। ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਭੇਟ ਕੀਤੀ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਤਰਵਿੰਦਰ ਕੌਰ ਨੇ ਦੱਸਿਆ ਕਿ ਇਸ ਵਾਰ ਅੱਠਵੀਂ ਬੋਰਡ ਦੀ ਪ੍ਰੀਖਿਆ ਵਿੱਚ ਜ਼ਿਲ੍ਹਾ ਸੰਗਰੂਰ ਦੇ ਕੁਲ 11378 ਬੱਚੇ ਬੈਠੇ ਸਨ ਜਿਨ੍ਹਾਂ ਵਿੱਚੋਂ ਕੁੱਲ 10900 ਬੱਚਿਆਂ ਨੇ ਪ੍ਰੀਖਿਆ ਪਾਸ ਕੀਤੀ ਹੈ ਇਸ ਤਰ੍ਹਾਂ ਜ਼ਿਲ੍ਹੇ ਦੀ ਪਾਸ ਪ੍ਰਤਿਸ਼ਤਤਾ 95.80 ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਬੱਚਿਆਂ ਦੇ ਅਧਿਆਪਕਾਂ ਅਤੇ ਮਾਪਿਆਂ ਦੀ ਮਿਹਨਤ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸਕੂਲਾਂ ਵਿੱਚ ਪੜ੍ਹਾਉਣ ਲਈ ਉਪਲੱਬਧ ਕਰਵਾਈਆਂ ਗਈਆਂ ਆਧੁਨਿਕ ਤਕਨੀਕਾਂ ਸਦਕਾ ਸੰਭਵ ਹੋ ਸਕਿਆ ਹੈ।

ਉਨ੍ਹਾਂ ਦੱਸਿਆ ਕਿ ਖੁਸ਼ਪ੍ਰੀਤ ਕੌਰ ਸ.ਹ.ਸ ਢੰਡਿਆਲ ਨੇ 600 ਵਿਚੋਂ 598, ਸੁਨਿਧੀ ਸ. ਕੰਨਿਆ ਸ.ਸ.ਸ ਸੁਨਾਮ ਨੇ 592, ਯੁਵਰਾਜ ਸਿੰਘ ਸ.ਮਿ.ਸ ਰੱਤੋਕੇ ਨੇ 591, ਮਨਿੰਦਰ ਕੌਰ ਸ.ਹ.ਸ ਨੰਗਲਾਂ ਨੇ 590, ਏਕਮਜੋਤ ਕੌਰ ਸ.ਹ.ਸ ਢੰਡਿਆਲ ਨੇ 589, ਕਿਰਪਾ ਕੌਰ ਸਕੂਲ ਆਫ ਐਮੀਨੈਂਸ ਘਨੌਰੀ ਕਲਾਂ ਨੇ 589, ਨਿਸ਼ੂ ਮਾਡਲ ਸ.ਸ.ਸ. ਮੰਡਵੀ ਨੇ 589, ਗੁਰਜੀਤ ਕੌਰ ਸ.ਸ.ਸ.ਸ ਉਪਲੀ ਚੱਠੇ ਨੇ 588 ਨੰਬਰ ਪ੍ਰਾਪਤ ਕਰਕੇ ਮੈਰਿਟ ਵਿੱਚ ਥਾਂ ਬਣਾਈ ਹੈ ।ਉਨ੍ਹਾਂ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵੀ ਮੁਬਾਰਕਬਾਦ ਦਿੱਤੀ ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਇਸ ਮੌਕੇ ਮਨਜੀਤ ਕੌਰ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਦੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਸਿਰਫ ਬੋਰਡ ਦੀ ਪ੍ਰੀਖਿਆ ਵਿੱਚ ਹੀ ਨਹੀਂ ਸਗੋਂ ਨੈਸ਼ਨਲ ਮੀਨਸ-ਕਮ-ਮੈਰਿਟ ਸਕਾਲਰਸ਼ਿਪ ਵਿੱਚ ਵੀ ਵੱਡੀ ਮੱਲ ਮਾਰੀ ਹੈ। ਜ਼ਿਲ੍ਹਾ ਸੰਗਰੂਰ ਦੇ 106 ਵਿਦਿਆਰਥੀਆਂ ਨੇ ਵਜ਼ੀਫਾ ਪ੍ਰੀਖਿਆ ਪਾਸ ਕੀਤੀ ਹੈ।

ਪ੍ਰਵੀਨ ਕੁਮਾਰ ਜ਼ਿਲ੍ਹਾ ਕੋਆਰਡੀਨੇਟਰ ਨੇ ਦੱਸਿਆ ਕਿ ਕੇਂਦਰ ਵੱਲੋਂ ਚਲਾਈ ਜਾ ਰਹੀ ਇਸ ਵਜ਼ੀਫਾ ਮੁਹਿੰਮ ਦਾ ਉਦੇਸ਼ ਬੱਚਿਆਂ ਨੂੰ ਉਚੇਰੀ ਪੜ੍ਹਾਈ ਲਈ ਉਤਸ਼ਾਹਿਤ ਕਰਨਾ ਹੈ ਇਸ ਤਹਿਤ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਬੱਚਿਆਂ ਨੂੰ ਨੌਵੀਂ ਅਤੇ ਦਸਵੀਂ ਵਿੱਚ 12-12 ਹਜਾਰ ਰੁਪਏ ਵਜ਼ੀਫਾ ਮਿਲਦਾ ਹੈ ।s

# ਅਗਨੀਵੀਰ ਭਰਤੀ ਲਈ ਨੌਜਵਾਨ 10 ਅਪ੍ਰੈਲ ਤੱਕ ਕਰ ਸਕਦੇ ਹਨ ਅਪਲਾਈ : ਡਿਪਟੀ ਕਮਿਸ਼ਨਰ

## ਪੰਜਾਬੀ ਵਿੱਚ ਹੋਵੇਗਾ ਭਰਤੀ ਲਈ ਲਿਖਤੀ ਟੈਸਟ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਬਠਿੰਡਾ, 5 ਅਪ੍ਰੈਲ (ਅੰਗਰੇਜ ਸਿੰਘ ਵਿੱਕੀ)- ਭਾਰਤੀ ਸੈਨਾ ਵਿੱਚ ਆਰਮੀ ਅਗਨੀਵੀਰ ਦੀਆਂ ਅਸਾਮੀਆਂ ਲਈ ਜਲਦ ਭਰਤੀ ਕੀਤੀ ਜਾ ਰਹੀ ਹੈ ਤੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ। ਜ਼ਿਲ੍ਹੇ ਦੇ ਚਾਹਵਾਨ ਜੋ ਨੌਜਵਾਨ ਭਾਰਤੀ ਸੈਨਾ ਵਿੱਚ ਅਗਨੀਵੀਰ ਦੇ ਰੂਪ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨੀ ਚਾਹੁੰਦੇ ਹਨ, ਉਹ ਇਸ ਭਰਤੀ ਰੈਲੀ ਲਈ ਆਨਲਾਈਨ ਪੋਰਟਲ ਰਾਹੀਂ 10 ਅਪ੍ਰੈਲ 2025 ਤੱਕ ਅਪਲਾਈ ਕਰ ਸਕਦੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਸ਼੍ਰੀ ਸੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜਗਾਰ ਅਫਸਰ ਮੈਡਮ ਅੰਕਿਤਾ ਅਗਰਵਾਲ ਨੇ ਦੱਸਿਆ ਕਿ ਇਸ ਸਬੰਧੀ ਕੰਪਿਊਟਰ ਅਧਾਰਿਤ ਲਿਖਤੀ ਪੇਪਰ ਜੂਨ ਮਹੀਨੇ ਵਿੱਚ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਸ ਵਾਰ ਆਨਲਾਈਨ ਪੇਪਰ ਪੰਜਾਬੀ ਭਾਸ਼ਾ ਵਿੱਚ ਵੀ ਹੋਵੇਗਾ।ਉਨ੍ਹਾਂ ਕਿਹਾ ਕਿ ਇਸ ਭਰਤੀ ਲਈ ਨੌਜਵਾਨਾਂ ਦੀ ਉਮਰ ਸਾਢੇ 17 ਸਾਲ ਤੋਂ 21 ਸਾਲ ਤੱਕ ਹੋਣੀ ਚਾਹੀਦੀ ਹੈ। ਛਾਤੀ ਬਿਨ੍ਹਾਂ ਫੁਲਾ ਕੇ 77 ਸੈਂਟੀਮੀਟਰ ਅਤੇ ਫੁਲਾ ਕੇ 82 ਸੈਂਟੀਮੀਟਰ, ਕੱਦ 5 ਫੁੱਟ 7 ਇੰਚ ਹੋਣਾ ਚਾਹੀਦਾ ਹੈ। ਇਸ ਭਰਤੀ ਲਈ ਘੱਟੋ-ਘੱਟ ਯੋਗਤਾ ਦਸਵੀਂ 45 ਫ਼ੀਸਦੀ ਅੰਕਾਂ ਨਾਲ ਪਾਸ ਹੋਵੇ ਜਾਂ ਬਾਰਵੀਂ ਪਾਸ ਹੋਣੀ ਲਾਜ਼ਮੀ ਹੈ।

# 8ਵੀਂ ਕਲਾਸ ਦੇ ਰਿਜ਼ਲਟ 'ਚ ਜਿਲਾ ਜਲੰਧਰ 'ਚ ਪਹਿਲਾ ਤੇ ਪੰਜਾਬ ਭਰ 'ਚ 7ਵਾਂ ਸਥਾਨ ਹਾਸਲ ਕਰਨ ਵਾਲੀ ਵਿਦਿਆਰਥਣ ਹਰਸਿਮਰਜੀਤ ਕੌਰ ਨੂੰ ਐੱਸ. ਡੀ. ਐੱਮ. ਫਿਲੌਰ ਨੇ ਕੀਤਾ ਸਨਮਾਨਿਤ

## *ਡਾ. ਬੀ. ਆਰ ਅੰਬੇਡਕਰ ਐਜੂਕੇਸ਼ਨਕ ਵੈਲਫੇਅਰ ਸੋਸਾਇਟੀ ਨੇ ਵੀ ਕੀਤਾ ਸਨਮਾਨਿਤ*

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com




ਫਿਲੌਰ/ਅੱਪਰਾ (ਦੀਪਾ)-ਸਥਾਨਕ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਦੀ 8ਵੀਂ ਕਲਾਸ ਦੀ ਵਿਧਆਰਥਣ ਹਰਸਿਮਰਨਜੀਤ ਕੌਰ ਜਿਸਨੇ (594/600) ਅੰਕ ਲੈ ਕੇ ਪੂਰੇ ਜਿਲਾ ਜਲੰਧਰ 'ਚ ਪਹਿਲਾ ਤੇ ਪੂਰੇ ਪੰਜਾਬ ਭਰ 'ਚ 7ਵਾਂ ਸਥਾਨ ਪ੍ਰਾਪਤ ਕੀਤਾ ਹੈ, ਅੱਜ ਉਸਨੂੰ ਸਕੂਲ ਵਿਖੇ ਐੱਸ. ਡੀ. ਐੱਮ ਸ. ਅਮਨਪਾਲ ਸਿੰਘ ਫਿਲੌਰ ਤੇ ਸਮੂਹ ਅਧਿਆਪਕਾਂ ਵਲੋਂ ਨਕਦ ਇਨਾਮ ਤੇ ਸਿਰੋਪਾਓ ਪਹਿਨਾ ਕੇ ਸਨਮਾਨਿਤ ਕੀਤਾ ਗਿਆ | ਇਸ ਮੌਕੇ ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨ ਵੈਲਫੇਅਰ ਸੋਸਾਇਟੀ ਅੱਪਰਾ ਵਲੋਂ ਵੀ ਵਿਦਿਆਰਥਣ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ | ਇਸ ਮੌਕੇ ਬੋਲਦਿਆਂ ਸ. ਅਮਨਪਾਲ ਸਿੰਘ ਐੱਸ. ਡੀ. ਐੱਮ. ਫਿਲੌਰ ਨੇ ਕਿਹਾ ਵਿਦਿਆਰਥਣ ਹਰਸਿਮਰਜੀਤ ਕੌਰ ਨੇ ਪੂਰੇ ਜਿਲਾ ਜਲੰਧਰ ਦਾ ਮਾਣ ਪੰਜਾਬ ਭਰ 'ਚ ਵਧਾਇਆ ਹੈ | ਇਸ ਮੌਕੇ ਬੋਲਦਿਆਂ ਸੰਤ ਆਤਮਾ ਰਾਮ ਸੰਚਾਲਕ ਡੇਰਾ ਸੰਤ ਟਹਿਲ ਦਾਸ ਤੇ ਮੁੱਖ ਅਧਿਆਪਕ ਜਸਪਾਲ ਸੰਧੂ ਨੇ ਕਿਹਾ ਕਿ ਉਹ ਭਵਿੱਖ 'ਚ ਵੀ ਇਸ ਬਾਲੜੀ ਦੀ ਸਿੱਖਿਆ ਸੰਬੰਧੀ ਹਰ ਸੰਭਵ ਕੋਸ਼ਿਸ਼ ਕਰਦੇ ਰਹਿਣਗੇ | ਇਸ ਮੌਕੇ ਸਰਪੰਚ ਵਿਨੈ ਕੁਮਾਰ ਬੰਗੜ, ਜੋਗ ਰਾਜ ਚੰਦੜ ਰਿਟਾਇਰਡ ਮੁੱਖ ਅਧਿਆਪਕ, ਕਮਲ ਕੁਮਾਰ ਚੱਕ ਸਾਹਬੂ, ਰਾਕੇਸ਼ ਕੁਮਾਰ ਬੱਬੂ ਚੱਕ ਸਾਹਬੂ, ਸੋਮ ਨਾਥ ਸਾਬਕਾ ਪੰਚ, ਹਰਬੰਸ ਰਾਣਾ, ਮਨਦੀਪ ਸਿੰਘ, ਅਰਵਿੰਦਰ ਸਿੰਘ, ਸ਼ਰਨਜੀਤ ਸਿੰਘ, ਹਰਜੀਤ ਸਿੰਘ, ਨੀਰੂ ਬਾਲਾ, ਰਮਨਦੀਪ ਕੌਰ ਕੈਂਥ, ਨੈਂਨਸੀ ਰਾਣੀ, ਪ੍ਰੋਮਿਲਾ ਦੇਵੀ, ਬਲਜੀਤ ਕੌਰ, ਸੁਭਾਸ਼ ਚੰਦਰ, ਗੁਰਨਾਮ ਸਿੰਘ ਵੀ ਹਾਜ਼ਰ ਸਨ |

# ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਛੋਕਰਾਂ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਆਯੋਜਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਫਿਲੌਰ/ਅੱਪਰਾ (ਦੀਪਾ)-ਕਰੀਬੀ ਪਿੰਡ ਛੋਕਰਾਂ ਵਿਖੇ ਸਥਿਤ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ | ਇਸ ਮੌਕੇ ਕਾਰਮੇਡ ਸੁਰਜੀਤ ਸਿੰਘ (ਯੂ.ਕੇ) ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ, ਜਦਕਿ ਕਾਮਰੇਡ ਭੁਪਿੰਦਰ ਸਿੰਘ ਕੈਨੇਡਾ, ਜਗਤਾਰ ਸਿੰਘ ਤਾਰੀ ਯੂ. ਐੱਸ. ਏ, ਮਹਿੰਦਰ ਸਿੰਘ ਯੂ. ਕੇ, ਨਛੱਤਰ ਸਿੰਘ ਯੂ. ਕੇ, ਸਰਬਜੀਤ ਸਿੰਘ ਰਾਣਾ, ਬਲਵੀਰ ਸਿੰਘ ਛੋਕਰ ਸਕੱਤਰ ਤੇ ਆਪ ਪ੍ਰਧਾਨ ਆਪ ਬਲਾਕ ਫਿਲੌਰ, ਮੁਹੰਮਦ ਸਰਵਰ ਮੱਖਣ ਸਾਬਕਾ ਮੈਂਬਰ ਬਲਾਕ ਸੰਮਤੀ ਫਿਲੌਰ, ਅਵਤਾਰ ਸਿੰਘ ਖਜ਼ਾਨਚੀ, ਮਾਸਟਰ ਕੁਲਵੀਰ ਸਿੰਘ, ਮਾਸਟਰ ਗੁਰਜੰਟ ਸਿੰਘ, ਕ੍ਰਿਪਾਲ ਪਾਲੀ ਸਰਪੰਚ, ਮੁਖਤਿਆਰ ਰਾਮ ਪੰਚ, ਮਨਜੀਤ ਖਾਲਸਾ ਪੰਚ, ਰਣਜੀਤ ਸਿੰਘ ਪੰਚ, ਸੁਰਿੰਦਰ ਪਾਲ ਬਾਟਾ ਪੰਚ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ | ਇਸ ਮੌਕੇ ਵਿੱਦਿਅਕ ਤੇ ਖੇਡਾਂ ਦੇ ਖੇਤਰ 'ਚ ਅਵੱਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ ਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ | ਸਮਾਗਮ ਨੂੰ ਸਫਲ ਬਣਾਉਣ 'ਚ ਸ. ਸਰਬਜੀਤ ਸਿੰਘ ਰਾਣਾ ਤੇ ਬਲਵੀਰ ਸਿੰਘ ਛੋਕਰ ਦਾ ਖਾਸ ਯੋਗਦਾਨ ਰਿਹਾ | ਇਸ ਮੌਕੇ ਬਿੰਦਰ ਛੋਕਰਾਂ, ਹਨੀ ਸੇਠੀ, ਮਾਸਟਰ ਜਸਵੰਤ ਮੌਰੋਂ, ਤਾਰੋ ਦੇਵੀ, ਰਾਨੀ ਆਸ਼ਾ ਵਰਕਰਜ਼ ਵੀ ਹਾਜ਼ਰ ਸਨ

# -ਪੈਨਸ਼ਨਰਾਂ ਦੇ ਕੰਮਕਾਜ ਪਹਿਲ ਦੇ ਆਧਾਰ ਤੇ ਹੱਲ ਕਰਵਾਏ ਜਾਣਗੇ -ਪ੍ਰਧਾਨ ਗੁਰਚਰਨ ਮੰਦਰਾਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਮਾਨਸਾ (ਡਾ.ਸੰਦੀਪ ਘੰਡ)

ਪੁਲਿਸ ਪੈਨਸ਼ਨਰਜ ਜਿਲਾ ਇਕਾਈ ਮਾਨਸਾ ਵੱਲੋਂ ਅੱਜ ਆਪਣੇ ਦਫਤਰ ਵਿੱਚ ਮਹੀਨਾਵਾਰ ਮੀਟਿੰਗ ਕੀਤੀ ਗਈ। ਸਟੇਜ ਸੈਕਟਰੀ ਦੀ ਜਿੰਮੇਵਾਰੀ ਅਮਰਜੀਤ ਸਿੰਘ ਵੱਲੋਂ ਨਿਭਾਈ ਗਈ।

ਮੀਟਿੰਗ ਦੇ ਸ਼ੁਰੂ ਵਿਚ ਪਿਛਲੇ ਮਹੀਨੇ ਦੌਰਾਨ ਸਵਰਗਵਾਸ ਹੋਏ ਪੈਨਸ਼ਨਰ ਸ਼੍ਰੀ ਰਾਮ ਪ੍ਰਕਾਸ਼ ਭੰਮੇ ਵਾਲਾ ਅਤੇ ਸ਼੍ਰੀ ਗੁਰਦੀਪ ਸਿੰਘ ਦਿਆਲਪੁਰਾ ਸਬੰਧੀ ਦੁੱਖ ਪ੍ਰਗਟ ਕਰਦੇ ਹੋਏ 2 ਮਿੰਟ ਦਾ ਮੋਨ ਧਾਰ ਕੇ ਇਸ ਵਿਛੜ ਚੁੱਕੇ ਸਾਥੀ ਨੂੰ ਸਰਧਾਂਜਲੀ ਦਿੱਤੀ ਗਈ।

ਮੀਟਿੰਗ ਦੀ ਪ੍ਰਧਾਨਗੀ ਸਾਬਕਾ ਇੰਸ: ਗੁਰਚਰਨ ਸਿੰਘ ਮੰਦਰਾਂ ਪ੍ਰਧਾਨ ਪੁਲਿਸ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਮਾਨਸਾ ਵੱਲੋਂ ਕੀਤੀ ਗਈ। ਜਿਹਨਾਂ ਵੱਲੋਂ ਸਭਾ ਵਿੱਚ ਨਵੇਂ ਆਏ 4 ਪੈਨਸ਼ਨਰਾਂ ਜਗਦੇਵ ਸਿੰਘ ਨੰਗਲਾ, ਵਕੀਲ ਚੰਦ ਭੀਖੀ, ਮੋਹਨ ਸਿੰਘ ਮਾਨਸਾ, ਬੱਗਾ ਸਿੰਘ ਆਹਲੂਪੁਰ ਹਾਲ ਮਾਨਸਾ ਦੇ ਹਾਰ ਪਾ ਕੇ ਜੀ ਆਇਆ ਆਖਿਆ ਗਿਆ ਅਤੇ ਉਹਨਾਂ ਨੂੰ ਸਭਾ ਦੀ ਮੈਂਬਰਸ਼ਿਪ ਜਾਰੀ ਕੀਤੀ ਗਈ।

ਮੀਟਿੰਗ ਦੌਰਾਨ ਪ੍ਰਧਾਨ ਵੱਲੋਂ ਸੰਸਥਾਂ ਦਾ ਸਵਿਧਾਨ-2012 ਵਿੱਚ ਹੋਈਆ ਲੋੜੀਂਦੀਆਂ ਸੋਧਾਂ ਸਬੰਧੀ ਸਾਰੇ ਪੈਨਸ਼ਨਰਾ ਨੂੰ ਵਿਸਥਾਰ ਨਾਲ ਸਮਝਾਇਆ ਗਿਆ। ਪ੍ਰਧਾਨ ਵੱਲੋਂ ਮਿਤੀ 31-12-2015 ਤੋਂ ਪਹਿਲਾ ਰਿਟਾਇਰਮੈਂਟ ਗਏ ਸਾਥੀਆ ਨੂੰ ਪੈਡਿੰਗ ਏਰੀਅਰ ਦੇ ਸਬੰਧਤ ਕਾਗਜਾਤ ਆਪਣੇ ਪੈਨਸ਼ਨਰ ਦਫਤਰ ਵਿੱਚ ਤੁਰੰਤ ਦੇਣ ਬਾਰੇ ਕਿਹਾ ਗਿਆ ਤਾ ਜੋ ਉਹ ਖਜਾਨਾ ਦਫਤਰ ਵਿੱਚ ਸਮੇਂਸਿਰ ਜਮਾ ਕਰਵਾ ਕੇ ਏਰੀਅਰ ਡਰਾਅ ਕਰਵਾ ਸਕਣ। ਮਿਤੀ 1-1-2016 ਤੋਂ ਬਾਅਦ ਰਿਟਾਇਰਮੈਂਟ ਹੋਏ ਸਾਥੀਆ ਦਾ ਏਰੀਅਰ ਜਿਲਾ ਪੁਲਿਸ ਦਫਤਰ ਵੱਲੋਂ ਪਾ ਦਿੱਤਾ ਜਾਵੇਗਾ।

ਪ੍ਰਧਾਨ ਵੱਲੋਂ ਅਪੀਲ ਕੀਤੀ ਗਈ ਕਿ ਜੇਕਰ ਕੋਈ ਪੈਨਸ਼ਨਰ ਸਾਥੀ ਅਚਨਚੇਤ ਬਿਮਾਰ ਹੋ ਜਾਂਦਾ ਹੈ ਜਾਂ ਫਿਰ ਉਸਦੀ ਮੌਤ ਹੋ ਜਾਂਦੀ ਹੈ ਤਾਂ ਵੱਧ ਤੋਂ ਵੱਧ ਸਾਥੀਆ ਨੂੰ ਉਸਨੂੰ ਜਾਂ ਉਸ ਦੇ ਪਰਿਵਾਰ ਨੂੰ ਮਿਲ ਕੇ ਹੌਸਲਾ ਦੇਣਾ ਚਾਹੀਦਾ ਹੈ। ਕਿਸੇ ਸਾਥੀ ਦੀ ਮੌਤ ਤੇ ਸੋਗ ਸਲਾਮੀ ਦੇਣ ਲਈ ਜਿਲਾ ਪੁਲਿਸ ਅਫਸਰਾਨ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ। ਇਹ ਵੀ ਦੱਸਿਆ ਗਿਆ ਕਿ ਕਮਾਈ 450 ਦਿਨਾਂ ਦੀ ਛੁੱਟੀ ਦੀ ਅਦਾਇਗੀ ਵਾਲਾ ਨੋਟੀਫਿਕੇਸ਼ਨ ਸਰਕਾਰ ਵੱਲੋਂ ਵਾਪਸ ਲੈ ਲਿਆ ਗਿਆ ਹੈ, ਸਰਕਾਰ ਵੱਲੋਂ ਦੁਬਾਰਾ ਜਾਰੀ ਕਰਨ ਤੇ ਆਪ ਸਭ ਨੂੰ ਦੱਸਿਆ ਜਾਵੇਗਾ।

ਇਸ ਤੋਂ ਇਲਾਵਾ ਬੂਟਾ ਸਿੰਘ, ਜਗਜੀਤ ਸਿੰਘ ਨੰਗਲ ਕਲਾਂ, ਕਾਨੂੰਨੀ ਸਲਾਹਕਾਰ ਰਾਮ ਸਿੰਘ ਅੱਕਾਂਵਾਲੀ ਨੇ ਪੈਨਸ਼ਨਰਜ ਦੀਆ ਹੱਕੀ ਮੰਗਾਂ, ਪੇਸ਼ ਆ ਰਹੀਆ ਸਮੱਸਿਆਵਾ ਅਤੇ ਹੋਰ ਸਬੰਧਤ ਮਸਲਿਆ ਤੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ।

ਅਖੀਰ ਵਿੱਚ ਸੁਖਦੇਵ ਸਿੰਘ ਕੁੱਤੀਵਾਲ, ਦਰਸ਼ਨ ਸਿੰਘ ਬੁਢਲਾਡਾ, ਗੁਰਤੇਜ ਸਿੰਘ ਪਿੱਪਲੀਆ, ਬਿੱਕਰ ਸਿੰਘ ਖਿਆਲਾ, ਪ੍ਰੀਤਮ ਸਿੰਘ, ਗੁਰਜੰਟ ਸਿੰਘ ਫੱਤਾਮਾਲੋਕਾ, ਗੁਰਸੇਵਕ ਸਿੰਘ ਡਰਾਈਵਰ, ਮਲਕੀਤ ਸਿੰਘ ਮੂਸਾ, ਗੁਰਪਿਆਰ ਸਿੰਘ, ਬਲਵੰਤ ਸਿੰਘ ਨੰਦਗੜ੍ਹ ਅਤੇ ਦਰਸ਼ਨ ਕੁਮਾਰ ਗੇਹਲੇ ਸੀਨੀਅਰ ਮੀਤ ਪ੍ਰਧਾਨ ਵੱਲੋਂ ਮੀਟਿੰਗ ਵਿੱਚ ਹਾਜ਼ਰ ਆਏ ਸਾਰੇ ਪੈਨਸ਼ਨਰ ਸਾਥੀਆ ਦਾ ਧੰਨਵਾਦ ਕੀਤਾ ਗਿਆ।

# *ਸੱਤਾਧਾਰੀ ਪਾਰਟੀ ਵੱਲੋਂ ਸਕੂਲਾਂ ਨੂੰ ਸਿਆਸੀ ਪ੍ਰਚਾਰ ਲਈ ਵਰਤਣਾ ਮੰਦਭਾਗਾ- ਡੀ.ਟੀ.ਐੱਫ*

## ਚੰਡੀਗੜ੍ਹ ਵਿਖੇ ਸੂਬਾਈ ਕਨਵੈਨਸ਼ਨ 'ਚ ਵੱਡੀ ਗਿਣਤੀ ਅਧਿਆਪਕ ਕਰਨਗੇ ਸ਼ਮੂਲੀਅਤ,,,

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਮਾਨਸਾ,0 5 ਅਪ੍ਰੈਲ ( ਆਤਮਾ ਸਿੰਘ ਪਮਾਰ ) ਡੀ.ਟੀ. ਐੱਫ ਜਿਲ੍ਹਾ ਇਕਾਈ ਮਾਨਸਾ ਦੀ ਅਹਿਮ ਮੀਟਿੰਗ ਜਿਲ੍ਹਾ ਪ੍ਰਧਾਨ ਅਮੋਲਕ ਡੇਲੂਆਣਾ ਦੀ ਅਗਵਾਈ ਵਿੱਚ ਸਥਾਨਕ ਟੀਚਰ ਹੋਮ ਵਿਖੇ ਹੋਈ। ਮੀਟਿੰਗ ਦੌਰਾਨ ਸਕੱਤਰ ਹੰਸਾ ਸਿੰਘ ਡੇਲੂਆਣਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਜਿੱਥੇ ਜਿੱਥੇ ਵੀ ਪਿਛਲੇ ਤਿੰਨ ਸਾਲਾਂ ਵਿੱਚ ਸਮੱਗਰਾ ਸਿੱਖਿਆ ਦੀਆਂ ਗਰਾਂਟਾਂ ਨਾਲ ਬਣੇ ਕਮਰੇ ਰਸੋਈਆਂ ਜਾਂ ਬਾਥਰੂਮਾਂ ਵਗੈਰਾ ਦੇ ਉਦਘਾਟਨੀ ਸਮਾਰੋਹ ਕਰਵਾਉਣ ਲਈ ਸੰਬੰਧਤ ਸਕੂਲਾਂ ਨੂੰ ਹੁਕਮ ਦਿੱਤੇ ਗਏ ਹਨ ਕਿ ਇਹਨਾਂ ਦਾ ਉਦਘਾਟਨ ਇਸ ਸਮੇਂ ਵੱਖ-ਵੱਖ ਸੰਵਿਧਾਨਿਕ ਅਹੁਦਿਆਂ ਵਾਲੇ ਅਧਿਕਾਰੀ ਕਰਨਗੇ। ਜਦੋਂ ਕਿ ਇਹਨਾਂ ਦਿਨਾਂ ਵਿੱਚ ਅਧਿਆਪਕ ਨਵੇਂ ਦਾਖਲੇ, ਨਵੀਆਂ ਕਲਾਸਾਂ ਦੀ ਸ਼ੁਰੂਆਤ,ਕਿਤਾਬਾਂ ਦੀ ਵੰਡ ਅਤੇ ਹੋਰ ਪ੍ਰਬੰਧਕੀ ਕੰਮਾਂ ਵਿੱਚ ਪੂਰੀ ਤਰਾਂ ਰੁੱਝੇ ਹੋਏ ਹਨ । ਇਸ ਤੋਂ ਅਜਿਹਾ ਜਾਪਦਾ ਹੈ ਜਿਵੇਂ ਅਧਿਆਪਕਾਂ ਨੂੰ ਇੱਕ ਤਰ੍ਹਾਂ ਨਾਲ ਈਵੈਂਟ ਮੈਨੇਜਰ ਹੀ ਬਣਾ ਦਿੱਤਾ ਗਿਆ ਹੋਵੇ। ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਡੈਮੋਕਰੇਟਿਕ ਟੀਚਰ ਫਰੰਟ ਜ਼ਿਲ੍ਹਾ ਮਾਨਸਾ ਦੇ ਆਗੂਆਂ ਨੇ ਦੱਸਿਆ ਕਿ ਸਕੂਲਾਂ ਨੂੰ ਗਰਾਂਟਾਂ ਮਿਲਣਾ ਅਤੇ ਨਵੀਆਂ ਉਸਾਰੀਆਂ ਹੋਣਾ ਇੱਕ ਸੁਭਾਵਿਕ ਪ੍ਰਕਿਰਿਆ ਹੈ। ਪਰ ਇਹ ਪਹਿਲੀ ਵਾਰ ਹੈ ਕਿ ਭਗਵੰਤ ਮਾਨ ਸਰਕਾਰ ਵੱਲੋਂ ਇਸ ਨੂੰ ਇੱਕ ਵੱਡਾ ਈਵੈਂਟ ਅਤੇ ਅਸਧਾਰਨ ਪ੍ਰਾਪਤੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਤਰਾਂ ਸਰਕਾਰ ਨੇ ਆਪਣੀਂ ਵਾਹ ਵਾਹੀ ਲੁੱਟਣ ਦਾ ਇੱਕ ਸੌਖਾ ਜਰੀਆ ਲੱਭਿਆ ਹੈ। ਆਗੂਆਂ ਨੇ ਕਿਹਾ ਕਿ ਆਪਣੀ ਸਿਆਸਤ ਚਮਕਾਉਣ ਖ਼ਾਤਰ ਇਸ ਤਰਾਂ ਸਕੂਲਾਂ ਨੂੰ ਵਰਤਣਾ ਕਿਵੇਂ ਵੀ ਵਾਜਿਬ ਨਹੀਂ । ਡੈਮੋਕਰੇਟਿਕ ਟੀਚਰਜ਼ ਫਰੰਟ ਸਰਕਾਰ ਦੀ ਇਸ ਨੀਤੀ ਦੀ ਸਖ਼ਤ ਆਲੋਚਨਾ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਤੁਰੰਤ ਇਸ ਪ੍ਰਕਿਰਿਆ ਨੂੰ ਰੋਕ ਕੇ ਸਕੂਲਾਂ ਵਿੱਚ ਪੜ੍ਹਾਈ ਦਾ ਮਾਹੌਲ ਬਣਿਆ ਰਹਿਣ ਦੇਵੇ। ਸਕੂਲਾਂ ਵਿੱਚ ਤੰਬੂ, ਕਨਾਤਾਂ ਲਗਾ ਕੇ ਸਿਆਸੀ ਜਲਸੇ ਕਰਨ ਦੀ ਥਾਂ ਸਰਕਾਰ ਨੂੰ ਸਕੂਲਾਂ ਵਿੱਚ ਖਾਲੀ ਪਈਆਂ ਸਕੂਲ ਮੁਖੀਆਂ, ਅਧਿਆਪਕਾਂ, ਕਲਰਕਾਂ, ਸਫਾਈ ਕਰਮਚਾਰੀਆਂ, ਸੇਵਾਦਾਰਾਂ ਅਤੇ, ਚੌਕੀਦਾਰ/ ਮਾਲੀ ਆਦਿ ਭਰਤੀ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।ਇਸ ਮੌਕੇ ਡੀਈਓ ਐਲੀ/ਸੈਕੰਡਰੀ ਮਾਨਸਾ ਵਲੋਂ ਇਸ ਸਬੰਧੀ ਸਕੂਲਾਂ 'ਚ ਜਾ ਕੇ ਅਧਿਆਪਕਾਂ ਨੂੰ ਇਸ ਸਬੰਧੀ ਬੇਲੋੜਾ ਉਲਝਾਉਣ/ਉਚੇਚ ਕਰਨ ਸਬੰਧੀ ਉਹਨਾਂ ਦੇ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਵੀ ਕੀਤੀ ਗਈ ।ਸਿੱਖਿਆ ਖੇਤਰ ਵਿੱਚ ਬਿਨਾਂ ਕੋਈ ਵਿਸ਼ੇਸ਼ ਕਾਰਜ਼ ਕੀਤੇ ਅਤੇ ਬਗੈਰ ਕਿਸੇ ਉਪਲੱਬਧੀ ਦੇ ਸਿੱਖਿਆ ਕ੍ਰਾਂਤੀ ਦੇ ਫੋਕੇ ਨਾਅਰੇ ਮਾਰਨਾ ਅਤੇ ਕੇਵਲ ਸ਼ੋਸ਼ੇਬਾਜ਼ੀ ਕਰਨਾ ਸੱਤਾ ਧਿਰ ਨੂੰ ਬਿਲਕੁਲ ਵੀ ਸ਼ੋਭਾ ਨਹੀਂ ਦਿੰਦਾ ਇਸ ਮੌਕੇ ਆਗੂਆਂ ਨੇ ਦੱਸਿਆ ਕਿ 8 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਸੂਬਾ ਕਨਵੈਨਸ਼ਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਅਤੇ ਜਿਲ੍ਹੇ ਵਲੋਂ ਵੱਡੀ ਗਿਣਤੀ ਅਧਿਆਪਕ ਇਸ 'ਚ ਸਮੂਲੀਅਤ ਕਰਨਗੇ। ਇਸ ਮੌਕੇ ਪਰਮਿੰਦਰ ਮਾਨਸਾ, ਜਸਵੀਰ ਸਿੰਘ ਭੰਮਾ, ਦਿਲਬਾਗ ਰੱਲੀ, ਸੁਖਵੀਰ ਬੱਬੀ, ਅਮਰਿੰਦਰ ਸਿੰਘ, ਗੁਰਲਾਲ ਗੁਰਨੇ, ਗੁਰਦਾਸ ਗੁਰਨੇ, ਸੰਦੀਪ ਢੰਡ, ਗੁਰਪ੍ਰੀਤ ਬੀਰੋਕੇ, ਮਨਜੀਤ ਕਲਹਿਰੀ, ਕਾਲਾ ਸਹਾਰਨਾ, ਵੀਰ ਸਿੰਘ ਅੱਕਾਂਵਾਲੀ, ਧਰਮਿੰਦਰ ਹੀਰੇਵਾਲਾ, ਕੁਲਵਿੰਦਰ ਸਿੰਘ ਆਦਿ ਆਗੂ ਸਾਥੀ ਵੀ ਹਾਜ਼ਰ ਸਨ।

# ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਦਿੜ੍ਹਬਾ ਵਿਖੇ ਗਊਸ਼ਾਲਾ ‘ਚ 10 ਲੱਖ ਦੀ ਲਾਗਤ ਨਾਲ ਤਿਆਰ ਨਵੇਂ ਸ਼ੈੱਡ ਦਾ ਉਦਘਾਟਨ

## ਪੰਜਾਬ ਸਰਕਾਰ ਵੱਲੋਂ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਸਪਲਾਈ ਚੇਨ ਤੋੜਨ ਲਈ ਤਸਕਰਾਂ ਵਿਰੁੱਧ ਸਖ਼ਤੀ ਲਗਾਤਾਰ ਜਾਰੀ: ਮੰਤਰੀ ਹਰਪਾਲ ਸਿੰਘ ਚੀਮਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ INTERNATIONAL PAPER, 9463601616 hardipchumber57@gmail.com

ਦਲਜੀਤ ਕੌਰ

ਦਿੜ੍ਹਬਾ/ਸੰਗਰੂਰ, 5 ਅਪ੍ਰੈਲ: 2025: ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਤੇ ਵਿਧਾਨ ਸਭਾ ਹਲਕਾ ਦਿੜ੍ਹਬਾ ਤੋਂ ਵਿਧਾਇਕ ਹਰਪਾਲ ਸਿੰਘ ਚੀਮਾ ਵੱਲੋਂ ਅੱਜ ਵਡਿਆਲਾ ਗਊਸ਼ਾਲਾ ਦਿੜ੍ਹਬਾ ਵਿਖੇ ਸ਼੍ਰੀ ਮਦ ਭਾਗਵਤ ਕਥਾ ਸਪਤਾਹ ਯੱਗ ਦੇ ਸਮਾਪਤੀ ਸਮਾਰੋਹ ਵਿੱਚ ਸ਼ਿਰਕਤ ਕੀਤੀ ਗਈ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਦਿੜ੍ਹਬਾ ਗਊਸ਼ਾਲਾ ‘ਚ 10 ਲੱਖ ਦੀ ਲਾਗਤ ਨਾਲ ਤਿਆਰ ਕੀਤੇ ਗਏ ਨਵੇਂ ਸ਼ੈੱਡ ਦਾ ਉਦਘਾਟਨ ਵੀ ਕੀਤਾ ਗਿਆ।



ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਸਰਵੋਤਮ ਸਹੂਲਤਾਂ ਮੁਹੱਈਆ ਕਰਵਾਉਣ ਦੀ ਕਵਾਇਦ ਤਹਿਤ ਦਿੜ੍ਹਬਾ ਹਲਕੇ ਦਾ ਵੀ ਸਰਵਪੱਖੀ ਵਿਕਾਸ ਕਰਵਾਉਣਾ ਯਕੀਨੀ ਬਣਾਇਆ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਦਿੜ੍ਹਬਾ ਗਊਸ਼ਾਲਾ ਦੇ ਇਕ ਹੋਰ ਨਵੇਂ ਸ਼ੈੱਡ ਲਈ ਜਲਦ ਹੀ ਗ੍ਰਾਂਟ ਦੇ ਰੂਪ ਵਿੱਚ ਹੋਰ ਵਿੱਤੀ ਸਹਾਇਤਾ ਭੇਜਣ ਦਾ ਐਲਾਨ ਕੀਤਾ। ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਗਊਸ਼ਾਲਾ ਦੇ ਤਲਾਬ ਨੂੰ ਸਾਫ ਕਰਵਾ ਕੇ ਮੁੜ ਸੁਰਜੀਤ ਕਰਨ ਦਾ ਕੰਮ ਨਗਰ ਕੌਂਸਲ ਜ਼ਰੀਏ ਕਰਵਾਇਆ ਜਾ ਰਿਹਾ ਹੈ ਜਿਸਨੂੰ ਜਲਦ ਨੇਪਰੇ ਚਾੜ੍ਹਨਾ ਯਕੀਨੀ ਬਣਾਇਆ ਜਾਵੇਗਾ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਹਾਲ ਹੀ ਵਿੱਚ ਦਿੜ੍ਹਬਾ ਸ਼ਹਿਰ ਵਿੱਚ ਨਵਾਂ ਪ੍ਰਬੰਧਕੀ ਕੰਪਲੈਕਸ ਤਿਆਰ ਕਰਵਾਇਆ ਗਿਆ ਹੈ ਜਿਸ ਵਿੱਚ ਐਸ.ਡੀ.ਐਮ. ਦਫ਼ਤਰ ਤੇ ਡੀ.ਐਸ.ਪੀ. ਦਫ਼ਤਰ ਦੇ ਨਾਲ-ਨਾਲ ਹੋਰਨਾ ਸਰਕਾਰੀ ਦਫ਼ਤਰਾਂ ਨੂੰ ਢੁੱਕਵੀਂ ਥਾਂ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਸ਼ਹਿਰ ਵਿੱਚ ਪੁਲਿਸ ਥਾਣੇ ਦੀ ਨਵੀਂ ਇਮਾਰਤ ਉਸਾਰਨ ਲਈ ਯੋਗ ਥਾਂ ਦੀ ਤਲਾਸ਼ ਕੀਤੀ ਜਾ ਰਹੀ ਹੈ ਅਤੇ ਥਾਂ ਮਿਲਣ ਤੋਂ ਤੁਰੰਤ ਬਾਅਦ ਇਸਦੀ ਉਸਾਰੀ ਦਾ ਕੰਮ ਵੀ ਸ਼ੁਰੂ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਲੋਕਾਂ ਦੀ ਖੱਜਲ ਖੁਆਰੀ ਘਟਾਉਣ ਦੇ ਮਕਸਦ ਨਾਲ ਦਿੜ੍ਹਬਾ ਵਿਖੇ ਅਦਾਲਤੀ ਕੰਪਲੈਕਸ ਬਣਵਾਉਣ ਦੀ ਕੋਸ਼ਿਸ਼ ਵੀ ਲਗਾਤਾਰ ਜਾਰੀ ਹੈ ਜਿਸਨੂੰ ਜਲਦ ਬੂਰ ਪੈਣ ਦੀ ਸੰਭਾਵਨਾ ਹੈ।

ਇਸ ਮੌਕੇ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਬਾਰੇ ਬੋਲਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਨਸ਼ਿਆਂ ਦੀ ਸਪਲਾਈ ਚੇਨ ਤੋੜਨ ਲਈ ਨਸ਼ਾ ਤਸਕਰਾਂ ਵਿਰੁੱਧ ਲਗਾਤਾਰ ਸਖ਼ਤ ਕਾਰਵਾਈਆਂ ਅਮਲ ਵਿੱਚ ਲਿਆਂਦੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਨਸ਼ਿਆਂ ਦਾ ਕਾਲਾ ਕਾਰੋਬਾਰ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਵਿੱਚ ਨਸ਼ਿਆਂ ਦੀ ਤਸਕਰੀ ਲਈ ਕੋਈ ਥਾਂ ਬਾਕੀ ਨਹੀਂ ਛੱਡੀ ਜਾ ਰਹੀ ਅਤੇ ਨਸ਼ਾ ਤਸਕਰਾਂ ਨੂੰ ਸੂਬੇ ਵਿੱਚੋਂ ਖਤਮ ਕਰਨ ਲਈ ਪੂਰੀ ਵਾਹ ਲਾਈ ਜਾ ਰਹੀ ਹੈ।

ਇਸ ਮੌਕੇ ਗਊਸ਼ਾਲਾ ਦੇ ਪ੍ਰਬੰਧਕ ਅਤੇ ਮੈਂਬਰ ਵੀ ਮੌਜੂਦ ਸਨ।

# ਪੰਜਾਬ ਸਰਕਾਰ ਕਣਕ ਦੇ ਸਮੁੱਚੇ ਸੀਜ਼ਨ ਨੂੰ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਵਚਨਬੱਧ: ਹਰਪਾਲ ਸਿੰਘ ਚੀਮਾ

## ਦਿੜ੍ਹਬਾ ਵਿਖੇ ਟਰੱਕ ਯੂਨੀਅਨ ਵੱਲੋਂ ਕਰਵਾਏ ਧਾਰਮਿਕ ਸਮਾਗਮ ਮੌਕੇ ਵਿਸ਼ੇਸ਼ ਤੌਰ ਉੱਤੇ ਕੀਤੀ ਸ਼ਿਰਕਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ INTERNATIONAL PAPER, 9463601616 hardipchumber57@gmail.com

ਦਲਜੀਤ ਕੌਰ

ਦਿੜ੍ਹਬਾ/ਸੰਗਰੂਰ, 5 ਅਪ੍ਰੈਲ, 2025: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਕਣਕ ਦੇ ਸਮੁੱਚੇ ਸੀਜ਼ਨ ਨੂੰ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਵਚਨਬੱਧ ਹੈ। ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ



ਸਿੰਘ ਚੀਮਾ ਨੇ ਅੱਜ ਦਿੜ੍ਹਬਾ ਵਿਖੇ ਟਰੱਕ ਯੂਨੀਅਨ ਵੱਲੋਂ ਰਖਵਾਏ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਾਰੇ ਟਰੱਕ ਮਾਲਕਾਂ ਤੇ ਅਪਰੇਟਰਾਂ ਨੂੰ ਕਣਕ ਦੇ ਸੀਜ਼ਨ ਲਈ ਸ਼ੁਭਕਾਮਨਾਵਾਂ ਭੇਟ ਕਰਦਿਆਂ ਸਰਕਾਰ ਦੀ ਤਰਫੋ ਹਰੇਕ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਯੂਨੀਅਨ ਪ੍ਰਬੰਧਕਾਂ ਦਾ ਇਹ ਸ਼ਾਨਦਾਰ ਉਪਰਾਲਾ ਹੈ ਕਿ ਸੀਜ਼ਨ ਦੀ ਸ਼ੁਰੂਆਤ ਪਰਮਾਤਮਾ ਦਾ ਓਟ ਆਸਰਾ ਲੈਂਦੇ ਹੋਏ ਕੀਤੀ ਜਾਂਦੀ ਹੈ। ਉਨ੍ਹਾਂ ਨੇ ਯੂਨੀਅਨ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਨੂੰ ਵੀ ਮੁਬਾਰਕਬਾਦ ਦਿੱਤੀ ਅਤੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਣਕ ਦੀ ਖਰੀਦ ਨਾਲ ਜੁੜੇ ਹਰ ਵਰਗ ਦੀ ਸਹੂਲਤ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਕਿਸੇ ਨੂੰ ਵੀ ਕੋਈ ਪ੍ਰੇਸ਼ਾਨੀ ਪੇਸ਼ ਨਹੀਂ ਆਵੇਗੀ।

# ਸ੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ, ਭੀਖੀ ਦਾ ਅੱਠਵੀ ਕਲਾਸ ਦਾ ਨਤੀਜਾ ਰਿਹਾ ਸ਼ਾਨਦਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ INTERNATIONAL PAPER, 9463601616 hardipchumber57@gmail.com

ਭੀਖੀ,05 ਅਪ੍ਰੈਲ ( ਕਮਲ ਜਿੰਦਲ )

ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵੱਲੋਂ ਸਥਾਨਕ ਸ੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ, ਭੀਖੀ ਦਾ ਅੱਠਵੀ ਕਲਾਸ ਦਾ ਨਤੀਜਾ ਮਿਤੀ 04 ਅਪ੍ਰੈਲ, 2025 ਦਿਨ ਸ਼ੁੱਕਰਵਾਰ ਨੂੰ ਘੋਸ਼ਿਤ ਕੀਤਾ ਗਿਆ। ਇਸ ਸਕੂਲ ਦੇ ਅੱਠਵੀ ਕਲਾਸ ਦੇ 52



ਵਿਦਿਆਰਥੀਆਂ ਵਿੱਚੋਂ ਸਾਰੇ ਹੀ ਵਿਦਿਆਰਥੀ ਚੰਗੇ ਅੰਕ ਲੈ ਕੇ ਪਾਸ ਹੋਏ।11 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ, 17 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਵੱਧ, 13 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਵੱਧ ਅਤੇ 11 ਵਿਦਿਆਰਥੀਆਂ ਨੇ 60 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਮਨਪ੍ਰੀਤ ਕੌਰ ਪੁੱਤਰੀ ਮੇਜਰ ਸਿੰਘ ਨੇ 600 ਅੰਕਾਂ ਵਿੱਚੋਂ 575 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ , ਰਾਹੁਲ ਸਿੰਘ ਪੁੱਤਰ ਮੱਖਣ ਲਾਲ ਨੇ 600 ਅੰਕਾਂ ਵਿੱਚੋਂ 574 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਪਰਨੀਤ ਸ਼ਰਮਾ ਪੁੱਤਰੀ ਜੀਵਨ ਕੁਮਾਰ ਅਤੇ ਅਮਨਦੀਪ ਸਿੰਘ ਪੁੱਤਰ ਪਾਲੀ ਸਿੰਘ ਨੇ 600 ਅੰਕਾਂ ਵਿੱਚੋਂ 572 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਬੱਚਿਆਂ ਦੀਆਂ ਵਧੀਆ ਪੁਜੀਸ਼ਨਾਂ ਆਉਣ ਤੇ ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ—ਪਿਤਾ ਨੂੰ ਵਧਾਈ ਦਿੱਤੀ।

# ਸਿੱਖਿਆ ਦਾ ਸਫਰ: ਅਧਿਆਪਕ ਅਤੇ ਵਿਦਿਆਰਥੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ INTERNATIONAL PAPER, 9463601616 hardipchumber57@gmail.com

ਸਿੱਖਿਆ ਦਾ ਮੰਚ ਇੱਕ ਐਸਾ ਸਫਰ ਹੈ, ਜਿਸ ਵਿੱਚ ਅਧਿਆਪਕ ਅਤੇ ਵਿਦਿਆਰਥੀ ਦੋਨੋਂ ਇੱਕ ਦੂਜੇ ਦੇ ਸਾਥੀ ਹੁੰਦੇ ਹਨ। ਇਹ ਸਫਰ ਸਿਰਫ਼ ਪਾਠਾਂ ਅਤੇ ਵਿਦਿਆਨਿਕ ਗਿਆਨ ਤੱਕ ਸੀਮਿਤ ਨਹੀਂ, ਬਲਕਿ ਇਹ ਜੀਵਨ ਦੇ ਅਨੇਕ ਪਹਿਲੂਆਂ ਨੂੰ ਵੀ ਛੂਹਦਾ ਹੈ। ਅਧਿਆਪਕਾਂ ਦੀ ਮਿਹਨਤ ਅਤੇ ਵਿਦਿਆਰਥੀਆਂ ਦੀ ਜਿਗਿਆਸਾ ਇਸ ਯਾਤਰਾ ਨੂੰ ਰੰਗੀਨ ਬਣਾਉਂਦੀ ਹੈ।

### ਅਧਿਆਪਕ: ਗਿਆਨ ਦੇ ਮਾਰਗਦਰਸ਼ਕ--

ਅਧਿਆਪਕ ਸਿਰਫ਼ ਸਿੱਖਿਆ ਦੇ ਸ੍ਰੋਤ ਨਹੀਂ, ਸਗੋਂ ਉਹ ਵਿਦਿਆਰਥੀਆਂ ਦੇ ਜੀਵਨ ਦੇ ਮਾਰਗਦਰਸ਼ਕ ਵੀ ਹੁੰਦੇ ਹਨ। ਉਹਨਾਂ ਦੀਆਂ ਸਿੱਖਿਆਵਾਂ ਅਤੇ ਸਲਾਹਾਂ ਵਿਦਿਆਰਥੀਆਂ ਨੂੰ ਸਿਰਫ਼ ਅਕਾਦਮਿਕ ਸਫਲਤਾ ਹੀ ਨਹੀਂ, ਬਲਕਿ ਜੀਵਨ ਦੇ ਹਰ ਪਹਿਲੂ ‘ਚ ਸਫਲ ਹੋਣ ਲਈ ਪ੍ਰੇਰਿਤ ਕਰਦੀਆਂ ਹਨ। ਅਧਿਆਪਕਾਂ ਦੀ ਮਿਹਨਤ ਅਤੇ ਸਮਰਪਣ ਨਾਲ ਵਿਦਿਆਰਥੀ ਆਪਣੇ ਉਦੇਸ਼ ਨੂੰ ਹਾਸਲ ਕਰਨ ਲਈ ਪ੍ਰੇਰਿਤ ਹੁੰਦੇ ਹਨ।

### ਵਿਦਿਆਰਥੀ: ਭਵਿੱਖ ਦੇ ਨਿਰਮਾਤਾ---

ਵਿਦਿਆਰਥੀ ਸਿੱਖਿਆ ਦੇ ਮੰਚ ‘ਤੇ ਇੱਕ ਅਹਿਮ ਭੂਮਿਕਾ ਨਿਭਾਉਂਦੇ ਹਨ। ਉਹ ਆਪਣੇ ਅਧਿਆਪਕਾਂ ਤੋਂ ਸਿੱਖਦੇ ਹਨ, ਪਰ ਇਸ ਦੇ ਨਾਲ-ਨਾਲ ਉਹ ਆਪਣੇ ਵਿਚਾਰਾਂ ਅਤੇ ਸਵਾਲਾਂ ਨਾਲ ਵੀ ਅਧਿਆਪਕਾਂ ਨੂੰ ਪ੍ਰੇਰਿਤ ਕਰਦੇ ਹਨ। ਵਿਦਿਆਰਥੀਆਂ ਦੀ ਜਿਗਿਆਸਾ ਅਤੇ ਉਤਸ਼ਾਹ ਅਧਿਆਪਕਾਂ ਨੂੰ ਵੀ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਿਤ ਕਰਦਾ ਹੈ।

### ਸਹਿਯੋਗ ਅਤੇ ਸਮਰਥਨ---

ਇੱਕ ਸਫਲ ਸਿੱਖਿਆ ਪ੍ਰਣਾਲੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਦੇ ਵਿਚਕਾਰ ਸਹਿਯੋਗ ਅਤੇ ਸਮਰਥਨ ਦੀ ਲੋੜ ਹੁੰਦੀ ਹੈ। ਜਦੋਂ ਅਧਿਆਪਕ ਆਪਣੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਨੂੰ ਸਹਿਯੋਗ ਦਿੰਦੇ ਹਨ, ਤਾਂ ਵਿਦਿਆਰਥੀ ਆਪਣੇ ਆਪ ਨੂੰ ਸੁਰੱਖਿਅਤ ਅਤੇ ਪ੍ਰੇਰਿਤ ਮਹਿਸੂਸ ਕਰਦੇ ਹਨ। ਇਸ ਤਰ੍ਹਾਂ, ਉਹ ਆਪਣੇ ਲਕਸ਼ਾਂ ਨੂੰ ਹਾਸਲ ਕਰਨ ਵਿੱਚ ਜ਼ਿਆਦਾ ਸਮਰੱਥ ਹੁੰਦੇ ਹਨ।

ਸਿੱਖਿਆ ਦੇ ਇਸ ਯਾਤਰਾ ਵਿੱਚ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਇੱਕ ਦੂਜੇ ਲਈ ਸਹਾਰਾ ਬਣਦਾ ਹੈ। ਇਹ ਰਿਸ਼ਤਾ ਸਿਰਫ਼ ਗਿਆਨ ਦੇ ਅਦਾਨ-ਪ੍ਰਦਾਨ ਤੱਕ ਸੀਮਿਤ ਨਹੀਂ, ਬਲਕਿ ਇਹ ਜੀਵਨ ਦੇ ਹਰ ਪਹਿਲੂ ‘ਚ ਇੱਕ ਦੂਜੇ



ਰੂਬੀ ਕੌਰ
ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ, ਦਿਉਣ (ਬਠਿੰਡਾ),

ਨੂੰ ਸਮਝਣ ਅਤੇ ਸਹਿਯੋਗ ਕਰਨ ਦਾ ਮੌਕਾ ਦਿੰਦਾ ਹੈ। ਇਸ ਲਈ ਸਿੱਖਿਆ ਦੇ ਮੰਚ ‘ਤੇ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਨੂੰ ਮਜ਼ਬੂਤ ਬਣਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਸਿੱਖਿਆ ਦੀ ਇਸ ਯਾਤਰਾ ਨੂੰ ਸਫਲਤਾ ਦੀ ਨਵੀਂ ਉਚਾਈਆਂ ‘ਤੇ ਲੈ ਜਾਇਆ ਜਾ ਸਕੇ।

ਪੇਸ਼ਕਸ਼ -ਅੰਗਰੇਜ ਸਿੰਘ ਵਿੱਕੀ,ਕੋਟਗੁਰੂ ਮੋਬਾਇਲ 98888-70822,

# ਜ਼ਿਲ੍ਹਾ ਮੈਜਿਸਟ੍ਰੇਟ ਨੇ ਰੇਵ ਆਈਲੈਟਸ ਸਕੂਲ ਝੁਨੀਰ ਦਾ ਲਾਇਸੰਸ ਤੁਰੰਤ ਪ੍ਰਭਾਵ ਨਾਲ ਕੀਤਾ ਰੱਦ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਪਰੈਲ INTERNATIONAL PAPER, 9463601616 hardipchumber57@gmail.com

ਮਾਨਸਾ, 05 ਅਪ੍ਰੈਲ : (ਆਤਮਾ ਸਿੰਘ ਪਮਾਰ)

ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਕੁਲਵੰਤ ਸਿੰਘ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ 2012 ਦੇ ਸੈਕਸ਼ਨ 6 (1) (ਜੀ) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮੈ/ਸ ਰੇਵ ਆਈਲੈਟਸ ਸਕੂਲ , ਨੇੜੇ ਬੀ.ਡੀ.ਪੀ.ਓ. ਬਲਾਕ ਸਿਰਸਾ ਰੋਡ ਝੁਨੀਰ, ਜ਼ਿਲ੍ਹਾ ਮਾਨਸਾ ਦਾ ਲਾਇਸੰਸ ਨੰਬਰ 51/ਐਲ.ਪੀ.ਏ./ਐਲ.ਪੀ.ਸੀ.—1 ਮਿਤੀ 30—11—2021 ਤੁਰੰਤ ਪ੍ਰਭਾਵ ਨਾਲ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਹੁਕਮ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਹਿਊਮਨ ਸਮੱਗਲਿੰਗ ਐਕਟ 2012 (ਪੰਜਾਬ ਐਕਟ ਨੰਬਰ 2 ਆਫ਼ 2013 (ਨੋਟੀਫਿਕੇਸ਼ਨ ਨੰਬਰ ਜੀ.ਐਸ.ਆਰ 49/ਪੀ.ਏ. 2/2013/ਐਸ.18 ਏਐਮਡੀ (1) ਮਿਤੀ 16—09—2014) ਰਾਹੀਂ ਸੋਧਿਆ ਨਾਮ (ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ) ਤਹਿਤ ਸ੍ਰੀ ਅਭੀਕਰਨ ਸਿੰਘ ਪੁੱਤਰ ਨਰਿੰਦਰਪਾਲ ਸਿੰਘ ਵਾਸੀ ਬਾਬਾ ਦੀਪ ਸਿੰਘ ਨਗਰ ਹੰਡਿਆਇਆ ਰੋਡ ਬਰਨਾਲਾ ਨੂੰ ਮੈ/ਸ ਰੇਵ ਆਈਲੈਟਸ ਸਕੂਲ, ਨੇੜੇ ਬੀ.ਡੀ.ਪੀ.ਓ. ਬਲਾਕ ਸਿਰਸਾ ਰੋਡ ਝੁਨੀਰ, ਜ਼ਿਲ੍ਹਾ ਮਾਨਸਾ ਦਾ ਲਾਇਸੰਸ ਨੰਬਰ 51/ਐਲ.ਪੀ.ਏ./ ਐਲ.ਪੀ.ਸੀ.—1 ਮਿਤੀ 30—11—2021 ਜਾਰੀ ਕੀਤਾ ਗਿਆ ਸੀ, ਜਿਸ ਦੀ ਮਿਆਦ 29 ਨਵੰਬਰ 2026 ਤੱਕ ਸੀ।

ਉਨ੍ਹਾਂ ਦੱਸਿਆ ਕਿ ਅਭੀਕਰਨ ਸਿੰਘ ਪੁੱਤਰ ਨਰਿੰਦਰਪਾਲ ਸਿੰਘ ਵੱਲੋਂ ਇਸ ਦਫ਼ਤਰ ਵਿਖੇ ਦਰਖ਼ਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਵਿਦਿਆਰਥੀ ਨਾ ਹੋਣ ਕਾਰਨ ਸੈਂਟਰ ਘਾਟੇ ਵਿੱਚ ਚੱਲ ਰਿਹਾ ਸੀ। ਜਿਸ ਕਾਰਨ ਅਗਸਤ 2024 ਤੋਂ ਉਨ੍ਹਾਂ ਦਾ ਸੈਂਟਰ ਬੰਦ ਪਿਆ ਹੈ। ਇਸ ਲਈ ਉਨ੍ਹਾਂ ਦਾ ਲਾਇਸੰਸ ਕੈਂਸਲ ਕੀਤਾ ਜਾਵੇ।ਉਨ੍ਹਾਂ ਦੱਸਿਆ ਕਿ ਐਕਟ/ਰੂਲਜ਼ ਮੁਤਾਬਿਕ ਇਸ ਦੇ ਖੁਦ ਜਾਂ ਇਸ ਦੀ ਫਰਮ ਦੇ ਖ਼ਿਲਾਫ਼ ਕੋਈ ਵੀ ਸ਼ਿਕਾਇਤ ਲਈ ਭਰਪਾਈ ਕਰਨ ਦਾ ਸ੍ਰੀ ਅਭੀਕਰਨ ਸਿੰਘ ਪੁੱਤਰ ਨਰਿੰਦਰਪਾਲ ਸਿੰਘ ਖੁਦ ਜ਼ਿੰਮੇਵਾਰ ਹੋਵੇਗਾ।

# *ਪੰਜਾਬ ਸਰਕਾਰ ਅਧਿਆਪਕ ਜਥੇਬੰਦੀਆਂ ਦੀ ਅਲੋਚਨਾ ਕਰਨ ਦੀ ਬਜਾਏ ਚੋਣ ਵਾਅਦੇ ਕਰੇ ਪੂਰੇ,, *ਡੀ ਟੀ ਐੱਫ

## *ਉਦਘਾਟਨੀ ਪੱਥਰਾਂ ਤੇ 25 ਕਰੋੜ ਦੀ ਹੋਈ ਬਰਬਾਦੀ*

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com

ਮਾਨਸਾ 5 ਅਪ੍ਰੈਲ (ਆਤਮਾ ਸਿੰਘ ਪਮਾਰ)ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਸਕੂਲ ਪ੍ਰਬੰਧਕ ਕਮੇਟੀਆਂ ਵਿੱਚ ਇਨ੍ਹਾਂ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਤੋਂ ਬਿਨਾਂ ਅਸਰ ਰਸੂਖ ਵਾਲੇ ਚੌਧਰੀਆਂ ਅਤੇ ਵਿਧਾਇਕਾਂ ਦੀ ਜ਼ਬਰੀ ਦਖਲਅੰਦਾਜ਼ੀ ਸ਼ੁਰੂ ਕਰਵਾ ਰਹੀ ਹੈ । ਦੂਜੇ ਪਾਸੇ ਪੰਜਾਬ ਦੇ ਮੁਲਾਜ਼ਮ ਅਤੇ ਅਧਿਆਪਕਾ ਦਿਨ -ਬ -ਦਿਨ ਸਰਕਾਰੀ ਬੇਰੁਖੀ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਦਰ-ਕਿਨਾਰ ਕਰਕੇ, ਪੁਰਾਣੀ ਪੈਨਸ਼ਨ ਬਹਾਲੀ, ਡੀ,ਏ, ਦੀ ਬਕਾਇਆ ਰਾਸ਼ੀ ਦੀ ਅਦਾਇਗੀ,ਕੱਟੇ ਹੋਏ ਭੱਤਿਆਂ ਦੀ ਬਹਾਲੀ ਜਿਹੇ ਅਹਿਮ ਮਸਲੇ ਹੱਲ ਕਰਨ ਦੀ ਥਾਂ ਮੁਲਾਜ਼ਮ ਜੱਥੇਬੰਦੀਆਂ ਦੀ ਅਲੋਚਨਾਂ ਕਰਨ ਲੱਗੀ ਹੋਈ ਹੈ।ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐਫ਼ ਜਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ੍ਹ ਨੇ ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਆਪ ਸਰਕਾਰ ਦੇ ਬੁਲਾਰੇ ਨੀਲ ਗਰਗ ਵੱਲੋਂ ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਬਾਰੇ ਕੀਤੀਆਂ ਗਈਆਂ ਟਿਪਣੀਆਂ ਆਧਾਰ ਹੀਣ ਅਤੇ ਹਾਸੋਹੀਣੀਆਂ ਹਨ।ਡੀ ਟੀ ਐਫ਼ ਦੇ ਸੀਨੀਅਰ ਆਗੂਆਂ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਨੇ ਆਪ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਸਿਆਸੀ ਦਖ਼ਲ -ਅੰਦਾਜ਼ੀ ਕਾਰਨ ਆਦਰਸ਼ ਮਾਡਲ ਸਕੂਲ ਚਾਉਂਕੇ ਦੀਆਂ ਔਰਤ ਅਧਿਆਪਕਾਂਵਾ ਨੂੰ ਆਪਣੀਂ ਨੌਕਰੀ ਬਚਾਉਣ ਲਈ ਰੋਸ ਪ੍ਰਦਰਸ਼ਨ ਕਰਨੇ ਪੈ ਰਹੇ ਹਨ। ਪੰਜਾਬ ਦੇ ਤਿੰਨ ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਆਪਣੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਲਗਾਤਾਰ ਸੰਘਰਸ਼ ਕਰਨਾਂ ਪੈ ਰਿਹਾ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਸਿਆਸੀ ਦਖਲਅੰਦਾਜ਼ੀ ਖ਼ਤਮ ਕਰਨ ਲਈ ਹੀ ਵਿਦਿਆਰਥੀਆਂ ਦੇ ਮਾਪਿਆਂ ਅਧਾਰਿਤ ਸਕੂਲ ਪ੍ਰਬੰਧਕ ਕਮੇਟੀਆਂ ਬਣਾਈਆਂ ਗਈਆਂ ਸਨ। ਪ੍ਰੰਤੂ ਆਪ ਸਰਕਾਰ ਇਸ ਹਾਂ ਪੱਖੀ ਪਹਿਲੂ ਨੂੰ ਪੁੱਠਾ ਗੇੜਾ ਦੇਣ ਲੱਗੀ ਹੋਈ ਹੈ। ਆਗੂਆਂ ਨੇ ਸੁਆਲ ਕੀਤਾ ਕਿ ਇੱਕੋ ਸਕੂਲ ਵਿੱਚ ਹੋਏ ਤਿੰਨ ਕੰਮਾਂ ਦਾ ਤਿੰਨ ਵਾਰ ਉਦਘਾਟਨ ਕਰਕੇ ਕਿਸ ਤਰ੍ਹਾਂ ਸਿੱਖਿਆ ਦਾ ਮਿਆਰ ਉੱਚਾ ਚੁੱਕਿਆ ਜਾਵੇਗਾ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜ੍ਹਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਐਮੀਨੈਂਸ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਵਰਦੀਆਂ ਦੀ ਰਾਸ਼ੀ ਅਤੇ ਵਜ਼ੀਫਾ ਰਾਸ਼ੀ ਵਿੱਚ ਆਮ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨਾਲੋਂ ਦੁੱਗਣੇ ਫ਼ਰਕ ਨੂੰ ਵੀ ਵਿਦਿਆਰਥੀ ਦੇ ਇੱਕ ਸਮਾਨ ਸਿੱਖਿਆ ਦੇ ਅਧਿਕਾਰ ਤੇ ਡਾਕਾ ਕਰਾਰ ਦਿੱਤਾ। ਅਧਿਆਪਕ ਆਗੂਆਂ ਨੇ ਦੱਸਿਆ ਕਿ ਇਸ ਵਾਰ ਅਧਿਆਪਕਾਂ ਦੀਆਂ ਤਰੱਕੀਆਂ ਅਤੇ ਬਦਲੀਆਂ ਵੀ ਸਿਆਸੀ ਦਖਲ ਅੰਦਾਜ਼ੀ ਕਾਰਨ ਘੱਟੇ ਰੁਲੀਆਂ ਹੋਈਆਂ ਹਨ। ਅਧਿਆਪਕ ਆਗੂਆਂ ਨੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਲਗਾਤਾਰ ਸੰਘਰਸ਼ ਕਰਨ ਦੀ ਲੋੜ ਤੇ ਜੋਰ ਦਿੰਦਿਆਂ ,ਆਉਣ ਵਾਲੇ ਸਮੇਂ ਵਿੱਚ ਤਿੱਖੇ ਸੰਘਰਸ਼ ਕਰਨ ਦਾ ਅਹਿਦ ਵੀ ਕੀਤਾ।ਇਸ ਮੌਕੇ ਅਮਰੀਕ ਬੋਹਾ,ਰਾਜ ਸਿੰਘ,ਨਵਜੋਸ਼ ਸ ਪੋ ਲੀ ਆ , ਸੰ ਦੀ ਪ ਧ ਰ ਮ ਪੁ ਰਾ , ਗੁ ਰ ਦੀ ਪ ਬਰਨਾਲਾ , ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ,ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ , ਅਮਰਪ੍ਰੀਤ ਕੌਰ,ਨਿਰਲੇਪ ਕੌਰ,ਮਨਵੀਰ ਕੌਰ, ਗੁਰਜੀਤ ਮਾ ਨ ਸਾ , ਅ ਮ ਰ ਜੀ ਤ ਸਿੰ ਘ , ਸੁ ਖ ਵਿੰ ਦ ਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ

# ਚਾਨਕਿਆ: ਦ ਮਾਸਟਰ ਸਟੇਟਸਮੈਨ"

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com



ਗੁਰਸਵਰੀਤ ਕੌਰ, ਬਾਬਾ ਫ਼ਰੀਦ ਕਾਲਜ਼ ਆਫ਼ ਐਜਕੇਸ਼ਨ ਦਿਉਣ (ਬਠਿੰਡਾ),

ਇਹ ਕਿਤਾਬ ਜੋ ਚਾਣਕਿਆ ਦੇ ਜੀਵਨ, ਦਾਰਸ਼ਨਿਕਤਾ ਅਤੇ ਯੋਗਦਾਨਾਂ ਨੂੰ ਖੋਜਦੀ ਹੈ। ਚਣਕਿਆ, ਜੋ ਕਿ ਕੌਟਿਲਿਆ ਜਾਂ ਵਿਸ਼ਨੁਗੁਪਤ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਪ੍ਰਾਚੀਨ ਭਾਰਤੀ ਰਾਜਨੀਤਿਕ ਰਣਨੀਤੀਕਾਰ, ਅਰਥਸ਼ਾਸਤਰੀ ਅਤੇ ਦਰਸ਼ਨ ਸ਼ਾਸਤਰੀ ਸਨ। ਉਹ ਮੌਰਿਆ ਸਮਰਾਜ ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਸਨ ਅਤੇ ਇਸਦੇ ਪਹਿਲੇ ਸਮਰਾਟ ਚੰਦਰਗੁਪਤ ਮੌਰਿਆ ਦੇ ਸਲਾਹਕਾਰ ਰਹੇ।ਇਸ ਕਿਤਾਬ ਵਿੱਚ ਵੱਧ ਜ਼ੋਰ ਚਣਕਿਆ ਦੇ ਜੀਵਨ ਤੇ ਦਿੱਤਾ ਗਿਆ ਹੈ। ਚਣਕਿਆ ਦਾ ਜਨਮ ਤੱਖਸ਼ਿਲਾ ਵਿੱਚ ਹੋਇਆ। ਉਹ ਅਰਥਸ਼ਾਸਤਰ, ਰਾਜਨੀਤੀ ਅਤੇ ਸੈਨਿਕ ਰਣਨੀਤੀ ਦੇ ਇੱਕ ਪ੍ਰਤਿਭਾਵਾਨ ਵਿਦਵਾਨ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸ਼ੁਰੂਆਤੀ ਸੰਗਰਾਮਾਂ ਨੂੰ ਆਪਣੀ ਗਿਆਨ ਅਤੇ ਚਤੁਰਾਈ ਨਾਲ ਪਾਰ ਕੀਤਾ। ਨੰਦਾ ਵੰਸ਼ ਵਿਰੁੱਧ ਆਪਣੀ ਨਿੱਜੀ ਵਿਰੋਧਤਾ ਕਾਰਨ, ਉਹ ਚੰਦਰਗੁਪਤ ਮੌਰਿਆ ਦੀ ਸਹਾਇਤਾ ਕਰਨ ਲਈ ਉਨ੍ਹਾਂ ਦੇ ਸਨਰੱਖਕ ਬਣੇ।

ਚਣਕਿਆ ਨੇ ਅਰਥਸ਼ਾਸਤ੍ਰ ਦੀ ਰਚਨਾ ਕੀਤੀ, ਜੋ ਰਾਜਨੀਤਿਕੇ, ਆਰਥਿਕ ਨੀਤੀਆਂ, ਸੈਨਿਕ ਰਣਨੀਤੀ ਅਤੇ ਪ੍ਰਸ਼ਾਸਨ ਤੇ ਇੱਕ ਮਹੱਤਵਪੂਰਨ ਗ੍ਰੰਥ ਹੈ। ਉਨ੍ਹਾਂ ਦੀਆਂ ਸਿੱਖਾਵਾਂ ਵਾਸਤਵਿਕਤਾ, ਕੂਟਨੀਤੀ ਅਤੇ ਰਣਨੀਤੀਕ ਯੋਜਨਾ ਬਣਾਉਣ 'ਤੇ ਜ਼ੋਰ ਦਿੰਦੀ ਹਨ, ਅਤੇ ਰਾਜਾ ਨੂੰ ਰਾਜ ਦੇ ਭਲੇ ਨੂੰ ਪਹਿਲ ਦਿੰਦੇ ਹੋਏ ਕੰਮ ਕਰਨ ਲਈ ਪ੍ਰੇਰਿਤ ਕਰਦੀਆਂ ਹਨ।ਚਾਣਕਿਆ ਰਾਜਨੀਤਿਕ ਕੂਟਨੀਤੀ ਦੇ ਮਾਹਰ ਸਨ। ਉਨ੍ਹਾਂ ਨੇ ਸੱਥਬੰਧਨ, ਗੁਪਤਚਰ ਅਤੇ ਮਨੋਵਿਗਿਆਨਕ ਤਕਨੀਕਾਂ ਵਰਤੀਆਂ। ਉਹ ਨੈਤਿਕ ਅਤੇ ਪ੍ਰਯੋਗਕਤਮਕ ਦੋਹਾਂ ਪਧਤੀਆਂ ਨੂੰ ਸਥਿਤੀ ਦੇ ਅਨੁਸਾਰ ਵਰਤਣ ਵਿੱਚ ਵਿਸ਼ਵਾਸ ਕਰਦੇ ਸਨ। ਇੱਕ ਅਰਥਸ਼ਾਸਤਰੀ ਦੇ ਤੌਰ 'ਤੇ, ਚਾਣਕਿਆ ਨੇ ਮਜ਼ਬੂਤ ਅਰਥਵਿਵਸਥਾ ਨੂੰ ਇੱਕ ਸਥਿਰ ਰਾਜ ਦੇ ਮੂਲ ਤੱਤ ਵਜੋਂ ਜ਼ਰੂਰੀ ਮੰਨਿਆ। ਉਨ੍ਹਾਂ ਨੇ ਪ੍ਰਭਾਵਸ਼ਾਲੀ ਟੈਕਸ ਲਾਗੂ ਕਰਨ, ਸਰੋਤਾਂ ਦੇ ਪ੍ਰਬੰਧਨ ਅਤੇ ਵਪਾਰ ਨੀਤੀਆਂ ਦੀ ਵਕਾਲਤ ਕੀਤੀ। ਚਣਕਿਆ ਦੇ ਸਿਧਾਂਤ ਅੱਜ ਦੇ ਗਵਰਨੈਂਸ, ਕਾਰੋਬਾਰ ਅਤੇ ਨੇਤ੍ਰਿਤਵ ਵਿੱਚ ਵੀ ਪ੍ਰਸੰਗਿਕ ਹਨ। ਉਨ੍ਹਾਂ ਦੇ ਯੋਗਦਾਨਾਂ ਦੀ ਤੁਲਨਾ ਪੱਛਮੀ ਦਰਸ਼ਨਸ਼ਾਸਤਰੀਆਂ ਜਿਵੇਂ ਕਿ ਮੈਕਿਆਵੇਲੀ ਨਾਲ ਕੀਤੀ ਜਾਂਦੀ ਹੈ।

ਇਹ ਕਿਤਾਬ ਚਣਕਿਆ ਦੀ ਪ੍ਰਖਰ ਬੁੱਧੀਮਤਾ, ਅਡਿਗ ਨਿਰਧਾਰਤਾ ਅਤੇ ਭਾਰਤੀ ਇਤਿਹਾਸ ਵਿੱਚ ਉਨ੍ਹਾਂ ਦੀ ਬਦਲਾਅਵਿਕ ਭੂਮਿਕਾ ਬਾਰੇ ਜਾਣਕਾਰੀ ਦਿੰਦੀ ਹੈ। ਇਹ ਉਨ੍ਹਾਂ ਨੂੰ ਇੱਕ ਦੂਰਦਰਸ਼ੀ ਵਿਅਕਤੀ ਵਜੋਂ ਦਰਸਾਉਂਦੀ ਹੈ, ਜਿਸਨੇ ਮਨੁੱਖੀ ਵਿਵਹਾਰ, ਸਮਾਜਕ ਗਤੀਵਿਧੀਆਂ ਅਤੇ ਸ਼ਕਤੀਕਾਂਚਨ ਨੂੰ ਸਮਝਿਆ। ਉਨ੍ਹਾਂ ਦਾ ਜੀਵਨ ਅਤੇ ਰਚਨਾਵਾਂ ਦੁਨੀਆਂ ਭਰ ਦੇ ਆਗੂਆਂ ਅਤੇ ਵਿਚਾਰਕਾਂ ਲਈ ਪ੍ਰੇਰਣਾ ਬਣੇ ਰਹਿੰਦੇ ਹਨ।

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ,ਕੋਟਗੁਰੂ

# ਸੰਯੁਕਤ ਕਿਸਾਨ ਮੋਰਚੇ ਨੇ ਸਾਰੇ ਪੰਜਾਬ 'ਚ ਫੂਕੇ ਟਰੰਪ ਅਤੇ ਮੋਦੀ ਦੇ ਪੁਤਲੇ

## ਦੇਸ਼ ਵਿੱਚ ਅਮਰੀਕਨ ਵਸਤਾਂ ਦਾ ਹੜ੍ਹ ਆ ਜਾਣ ਨਾਲ ਖੇਤੀ ਅਤੇ ਡੇਅਰੀ ਖੇਤਰ ਦੀ ਹੋਵੇਗੀ ਤਬਾਹੀ: ਮਨਜੀਤ ਧਨੇਰ

## ਮੁਕਤ ਵਪਾਰ ਸਮਝੌਤਾ ਦੇਸ਼ ਦੇ ਸਮੁੱਚੇ ਲੋਕਾਂ ਲਈ ਮਾਰੂ ਸਾਬਤ ਹੋਵੇਗਾ: ਹਰਨੇਕ ਮਹਿਮਾ

## ਸਾਮਰਾਜੀ ਲੁਟੇਰਿਆਂ ਦਾ ਟਾਕਰਾ ਕਰਨ ਲਈ ਲੋਕਾਂ ਦੇ ਜਥੇਬੰਦ ਘੋਲ ਹੀ ਇੱਕੋ ਇੱਕ ਹੱਲ: ਗੁਰਦੀਪ ਰਾਮਪੁਰਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com



ਦਲਜੀਤ ਕੌਰ

ਚੰਡੀਗੜ੍ਹ/ਬਰਨਾਲਾ, 05 ਅਪ੍ਰੈਲ, 2025: ਅੱਜ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਸਮੁੱਚੇ ਪੰਜਾਬ ਦੇ ਜ਼ਿਲਾ, ਤਹਿਸੀਲ ਅਤੇ ਬਲਾਕ ਪੱਧਰਾਂ ਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕੇ ਗਏ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਅਮਰੀਕਾ ਦੇ ਸਹਾਇਕ ਵਪਾਰ ਪ੍ਰਤੀਨਿਧ ਬ੍ਰੈਂਡਨ ਲਿੰਚ ਦੀ ਪ੍ਰਧਾਨਗੀ ਵਾਲਾ ਵਫਦ ਪਿਛਲੇ ਦਿਨੀ ਭਾਰਤ ਦਾ ਚਾਰ ਰੋਜ਼ਾ ਦੌਰਾ ਕਰਕੇ 29 ਮਾਰਚ ਨੂੰ ਵਾਪਸ ਗਿਆ ਹੈ।

ਇਸ ਤੋਂ ਪਹਿਲਾਂ ਵੀ ਅਮਰੀਕੀ ਉਪ ਵਿਦੇਸ਼ ਮੰਤਰੀ ਕ੍ਰਿਸ਼ਟੋਫਰ ਲੈਂਡੋ ਨੇ ਭਾਰਤੀ ਵਿਦੇਸ਼ ਸਚਿਵ ਵਿਕਰਮ ਮਿਸਰੀ ਨਾਲ ਗੱਲਬਾਤ ਕੀਤੀ ਸੀ ਅਤੇ ਪਿਛਲੇ ਮਹੀਨੇ ਪ੍ਰਧਾਨ ਮੰਤਰੀ ਮੋਦੀ ਨੇ ਵੀ ਅਮਰੀਕਾ ਦਾ ਦੌਰਾ ਕਰਕੇ ਇਸ ਸਮਝੌਤੇ ਬਾਰੇ ਗੱਲਬਾਤ ਕੀਤੀ ਹੈ। ਭਾਰਤ ਦਾ ਵਪਾਰ ਮੰਤਰੀ ਪਿਓਸ਼ ਗੋਇਲ ਵੀ ਵਾਸ਼ਿੰਗਟਨ ਵਿੱਚ ਅਮਰੀਕੀ ਵਪਾਰ ਪ੍ਰਤੀਨਿਧ ਜੈਮੀਸਨ ਗਰੀਨ ਅਤੇ ਵਣਜ ਸਚਿਵ ਹਾਵਰਡ ਲੁਟਨਿਕ ਨਾਲ ਮੀਟਿੰਗਾਂ ਕਰ ਚੁੱਕਿਆ ਹੈ।

ਭਾਰਤ ਦੇ ਵਣਜ ਮੰਤਰਾਲੇ ਨੇ 29 ਮਾਰਚ ਨੂੰ ਪ੍ਰੈਸ ਬਿਆਨ ਜਾਰੀ ਕਰਕੇ ਦੱਸਿਆ ਹੈ ਕਿ ਆਉਣ ਵਾਲੇ ਹਫਤਿਆਂ ਵਿੱਚ ਹੋਰ ਵੀ ਗੱਲਬਾਤ ਹੋਵੇਗੀ ਅਤੇ ਸਤੰਬਰ ਅਕਤੂਬਰ 2025 ਤੱਕ ਸਮਝੌਤੇ ਦੀ ਪਹਿਲੀ ਕਿਸ਼ਤ ਤੇ ਦਸਤਖਤ ਕਰ ਦਿੱਤੇ ਜਾਣਗੇ। 2030 ਤੱਕ ਆਪਸੀ ਵਪਾਰ ਨੂੰ ਮੌਜੂਦਾ 190 ਬਿਲੀਅਨ ਡਾਲਰ ਤੋਂ ਵਧਾ ਕੇ 500 ਬਿਲੀਅਨ ਡਾਲਰ ਕਰਨ ਦਾ ਨਿਸ਼ਾਨਾ ਹੈ।

ਗੱਲਬਾਤ ਵਿੱਚ ਅਮਰੀਕਾ ਦੀ ਮੁੱਖ ਧੁੱਸ ਖੇਤੀ ਅਤੇ ਡੇਅਰੀ ਵਸਤਾਂ ਤੇ ਟੈਕਸ ਘੱਟ ਕਰਨਾ ਅਤੇ ਭਾਰਤੀ ਬਾਜ਼ਾਰ ਵਿੱਚ ਇਹਨਾਂ ਦੇ ਦਾਖਲੇ ਲਈ ਰਾਹ ਮੋਕਲਾ ਕਰਨਾ ਹੈ।

ਜਥੇਬੰਦੀ ਦੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਕਿਹਾ ਕਿ ਅਮਰੀਕਾ ਆਪਣੇ ਇੱਕ ਕਿਸਾਨ ਪਰਿਵਾਰ ਨੂੰ ਔਸਤ 26 ਲੱਖ 80 ਹਜ਼ਾਰ ਰੁਪਏ ਸਲਾਨਾ ਸਬਸਿਡੀ ਦਿੰਦਾ ਹੈ ਜਦੋਂ ਕਿ ਭਾਰਤ ਵਿੱਚ ਪ੍ਰਤੀ ਕਿਸਾਨ ਪਰਿਵਾਰ ਸਿਰਫ਼ 53,700/- ਰੁਪਏ ਸਲਾਨਾ ਸਬਸਿਡੀ ਬਣਦੀ ਹੈ। ਇੰਨੀ ਜ਼ਿਆਦਾ ਸਬਸਿਡੀ ਮਿਲਣ ਕਾਰਨ ਅਮਰੀਕਾ ਦੀਆਂ ਖੇਤੀ ਅਤੇ ਡਾਇਰੀ ਵਸਤਾਂ ਸਸਤੀਆਂ ਪੈਂਦੀਆਂ ਹਨ। ਇਹਨਾਂ ਦੇ ਭਾਰਤੀ ਬਾਜ਼ਾਰ ਵਿੱਚ ਖੁੱਲ੍ਹੇ ਦਾਖਲੇ ਨੇ ਭਾਰਤ ਦੇ ਖੇਤੀ ਖੇਤਰ ਨੂੰ ਤਬਾਹ ਕਰ ਦੇਣਾ ਹੈ। ਅਮਰੀਕਾ ਵੱਲੋਂ ਕਣਕ, ਮੱਕੀ, ਸੋਇਆਬੀਨ, ਜੌਂ, ਓਟਸ, ਚੌਲ, ਮਟਰ, ਨਰਮਾ ਅਤੇ ਤੇਲ ਬੀਜ ਥੋਕ ਵਿੱਚ ਭਾਰਤੀ ਮੰਡੀ ਵਿੱਚ ਭੇਜੇ ਜਾਣਗੇ। ਇੱਕ ਵਾਰ ਖੇਤੀ ਖੇਤਰ ਨੂੰ ਤਬਾਹ ਕਰਨ ਤੋਂ ਬਾਅਦ ਸਾਮਰਾਜੀ ਇਹਨਾਂ ਖੇਤੀ ਉਪਜਾਂ ਦਾ ਮੂੰਹ ਮੰਗਿਆ ਭਾਅ ਮੰਗਣਗੇ। ਇਸ ਤਰਾਂ ਜਨਤਕ ਵੰਡ ਪ੍ਰਣਾਲੀ ਦਾ ਵੀ ਭੋਗ ਪੈ ਜਾਵੇਗਾ। ਇਸ ਤੋਂ ਇਲਾਵਾ ਪ੍ਰਚੂਨ ਵਪਾਰ ਤੇ ਵੀ ਬਹੁਤ ਮਾਰੂ ਪ੍ਰਭਾਵ ਪਵੇਗਾ।

ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ ਸਾਮਰਾਜੀ ਕੰਪਨੀਆਂ ਦੇ ਹੱਲੇ ਤੋਂ ਦੇਸ਼ ਦੇ ਲੋਕਾਂ ਨੂੰ ਬਚਾਉਣ ਲਈ ਉਹਨਾਂ ਕੋਲ ਆਪਣੇ ਜਥੇਬੰਦਕ ਸੰਘਰਸ਼ਾਂ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ। ਭਾਰਤ ਦੀ ਹਾਕਮ ਜਮਾਤ ਅਮਰੀਕੀ ਕੰਪਨੀਆਂ ਨਾਲ ਸਾਂਝ ਪਿਆਲੀ ਪਾ ਕੇ ਲੋਕਾਂ ਨੂੰ ਉਹਨਾਂ ਦੇ ਰਹਿਮੋ ਕਰਮ ਤੇ ਸੁੱਟ ਦੇਵੇਗੀ। ਇਸ ਦੇ ਮੱਦੇਨਜ਼ਰ ਅੱਜ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਾਰੇ ਪੰਜਾਬ ਵਿੱਚ ਡੋਨਲਡ ਟਰੰਪ ਅਤੇ ਮੋਦੀ ਦੇ ਪੁਤਲੇ ਫੂਕੇ ਗਏ ਹਨ।

ਜਥੇਬੰਦੀ ਦੇ ਪ੍ਰੈਸ ਸਕੱਤਰ ਅੰਗਰੇਜ਼ ਸਿੰਘ ਭਦੌੜ ਨੇ ਦੱਸਿਆ ਕਿ ਉਹਨਾਂ ਦੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਪੰਜਾਬ ਦੇ 14 ਜ਼ਿਲਿਆਂ ਫਾਜ਼ਿਲਕਾ, ਫਿਰੋਜ਼ਪੁਰ, ਮੁਕਤਸਰ ਸਾਹਿਬ, ਫਰੀਦਕੋਟ, ਮੋਗਾ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ, ਲੁਧਿਆਣਾ, ਮਲੇਰਕੋਟਲਾ, ਜਲੰਧਰ, ਕਪੂਰਥਲਾ ਅਤੇ ਮੋਹਾਲੀ ਵਿਖੇ ਇਹਨਾਂ ਅਰਥੀ ਫੂਕ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ। ਸੰਯੁਕਤ ਕਿਸਾਨ ਮੋਰਚਾ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਜਾਗਰੂਕ ਕਰਕੇ ਇਸ ਲੜਾਈ ਨੂੰ ਹੋਰ ਤੇਜ਼ ਕਰੇਗਾ।

# ਲੌਂਗੋਵਾਲ ਵਿਖੇ 22 ਸਾਲਾ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਪਰੈਲ INTERNATIONAL PAPER, 94636 01616 hardipchumber57@gmail.com



ਲੌਂਗੋਵਾਲ,5 ਅਪ੍ਰੈਲ (ਜਗਸੀਰ ਸਿੰਘ)- ਕਾਲਜ ਦੀ ਪ੍ਰਧਾਨਗੀ ਨੂੰ ਲੈ ਕੇ ਦੋ ਗਰੁੱਪਾਂ ਵਿੱਚ ਹੋਈ ਤਕਰਾਰਬਾਜ਼ੀ ਕਾਰਨ ਇੱਕ ਨੌਜਵਾਨ ਨੂੰ ਤੇਜ਼ਧਾਰ ਦਾਤਰ ਅਤੇ ਲੋਹੇ ਦੀਆਂ ਰਾਡਾਂ ਮਾਰ ਕੇ ਦੂਸਰੇ ਗਰੁੱਪ ਵੱਲੋਂ ਕਤਲ ਕਰਨ ਤੋਂ ਬਾਅਦ ਥਾਣਾ ਲੌਂਗੋਵਾਲ ਵਿਖੇ ਪੰਜ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਹੋਣ ਦਾ ਸਮਾਚਾਰ ਹੈ। ਇਸ ਸਬੰਧੀ ਭਗਤ ਸਿੰਘ ਪੁੱਤਰ ਮੱਘਰ ਸਿੰਘ ਵਾਸੀ ਕੁੱਬੇ ਥਾਣਾ ਧਨੌਲਾ ਜ਼ਿਲ੍ਹਾ ਬਰਨਾਲਾ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਮਨਦੀਪ ਸਿੰਘ ਦੋ ਸਾਲ ਪਹਿਲਾਂ ਮਸਤੂਆਣਾ ਸਾਹਿਬ ਕਾਲਜ ਵਿੱਚ ਪੜ੍ਹਦਾ ਸੀ ਅਤੇ ਹੁਣ ਉਹ ਘਰੇਲੂ ਕੰਮ ਕਰਦਾ ਸੀ ਪਰ ਜਦੋਂ ਉਹ ਸਲਾਈਟ ਮੁੱਖ ਗੇਟ 'ਤੇ ਆਇਆ ਤਾਂ ਕਾਲਜ ਦੇ ਦੂਸਰੇ ਗਰੁੱਪ ਨੇ ਘੇਰ ਕੇ ਤੇਜ਼ਧਾਰ ਦਾਤਰ ਅਤੇ ਲੋਹੇ ਦੀਆਂ ਰਾਡਾਂ ਮਾਰ ਕੇ ਉਸ ਦੇ ਬੇਟੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਵਾਰੇ ਥਾਣਾ ਲੌਂਗੋਵਾਲ ਦੇ ਐੱਸਐੱਚਓ ਜਤਿੰਦਰਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਰਦਾਤ ਕਰਨ ਵਾਲੇ ਸਲਾਈਟ ਦੇ ਮੁੱਖ ਗੇਟ 'ਤੇ ਪਹਿਲਾਂ ਹੀ ਮੌਜੂਦ ਸਨ ਜਦੋਂ ਮਨਦੀਪ ਸਿੰਘ (24) ਗੇਟ 'ਤੇ ਆਇਆ ਤਾਂ ਇਸ ਗਰੁੱਪ ਨੇ ਘੇਰ ਕੇ ਮਨਦੀਪ ਸਿੰਘ ਦਾ ਤੇਜ਼ਧਾਰ ਦਾਤਰ ਅਤੇ ਲੋਹੇ ਦੀਆਂ ਰਾਡਾਂ ਮਾਰ ਕੇ ਕਤਲ ਕਰ ਦਿੱਤਾ ਤੇ ਮ੍ਰਿਤਕ ਲੜਕੇ ਮਨਦੀਪ ਸਿੰਘ ਦੇ ਪਿਤਾ ਭਗਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਰਾਜਵੀਰ ਸਿੰਘ ਉਰਫ ਬੱਚਾ ਪੁੱਤਰ ਗੁਰਮੀਤ ਸਿੰਘ ਵਾਸੀ ਬਡਰੁੱਖਾਂ, ਹਰਮਨ ਸਿੰਘ ਪੁੱਤਰ ਰਘਬੀਰ ਸਿੰਘ ਵਾਸੀ ਬਹਾਦਰਪੁਰ, ਜੋਤ ਵਾਸੀ ਬਹਾਦਰਪੁਰ, ਕੋਹਿਨੂਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਦਾਨਗੜ੍ਹ ਧਨੌਲਾ, ਨਵਨੀਤ ਖਾਂ ਪੁੱਤਰ ਲਖਵਿੰਦਰ ਖਾਂ ਵਾਸੀ ਬਹਾਦਰਪੁਰ ਅਤੇ ਛੇ ਸੱਤ ਹੋਰ ਨਾ - ਮਾਲੂਮ ਵਿਅਕਤੀਆਂ ਖਿਲਾਫ ਥਾਣਾ ਲੌਂਗੋਵਾਲ ਵਿਖੇ ਮੁਕੱਦਮਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਨਿਊ ਆਟੇ ਵਰਕਰ ਯੂਨੀਅਨ ਨੇ ਫੂਕਿਆ ਗੁਰਪਤਵੰਤ ਪੰਨੂੰ ਦਾ ਪੁਤਲਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਨਿਊ ਆਟੇ ਵਰਕਰ ਯੂਨੀਅਨ ਜਿਲਾ ਸ਼ਹੀਦ ਭਗਤ ਸਿੰਘ ਨਗਰ(ਇਫਟੂ) ਅਤੇ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਡਾਕਟਰ ਅੰਬੇਡਕਰ ਚੌਂਕ ਨਵਾਂਸ਼ਹਿਰ ਵਿਖੇ ਗੁਰਪਤਵੰਤ ਸਿੰਘ ਪੰਨੂੰ ਦਾ ਪੁਤਲਾ ਫੂਕਿਆ ਗਿਆ। ਪੁਤਲਾ ਫੂਕਣ ਤੋਂ ਪਹਿਲਾਂ ਸ਼ਹਿਰ ਵਿੱਚ ਮੁਜਾਹਰਾ ਵੀ ਕੀਤਾ ਗਿਆ। ਇਸ ਮੌਕੇ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਜਮਹੂਰੀ ਅਧਿਕਾਰ ਸਭਾ ਦੇ ਜਿਲਾ ਸਕੱਤਰ ਜਸਬੀਰ ਦੀਪ, ਨਿਊ ਆਟੇ ਵਰਕਰ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਬਛੌੜੀ, ਸ਼ਹੀਦ ਭਗਤ ਸਿੰਘ ਆਟੋ ਯੂਨੀਅਨ ਜਲੰਧਰ ਦੇ ਪ੍ਰਧਾਨ, ਰਣਜੀਤ ਕੁਮਾਰ, ਡਾਕਟਰ ਅੰਬੇਡਕਰ ਭਵਨ ਨਵਾਂਸ਼ਹਿਰ ਦੇ ਪ੍ਰਧਾਨ ਸਤੀਸ਼ ਕੁਮਾਰ, ਸਮਾਜ ਸੇਵੀ ਸਿਮਰਨਜੀਤ ਕੌਰ ਸਿੰਮੀ, ਸਾਹਿਬ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਦੇ ਪ੍ਰਧਾਨ ਨਿੰਕੂ ਰਾਮ ਜਨਾਗਲ, ਪੇਂਡੂ ਮਜਦੂਰ ਯੂਨੀਅਨ ਦੇ ਜਿਲਾ ਆਗੂ ਹਰੀ ਰਾਮ ਰਸੂਲਪੁਰੀ, ਮੁਸਲਿਮ ਸੰਗਠਨ ਪੰਜਾਬ ਦੇ ਜਿਲ੍ਹਾ ਜਨਰਲ ਸਕੱਤਰ ਸ਼ਾਹਿਦ ਨੇ ਕਿਹਾ ਕਿ ਅਮਰੀਕਾ ਬੈਠਾ ਪੰਨੂੰ ਡਾਕਟਰ ਅੰਬੇਡਕਰ ਅਤੇ ਸੰਵਿਧਾਨ ਵਿਰੁੱਧ ਕਾਰਵਾਈਆਂ ਕਰਵਾ ਕੇ ਭਾਜਪਾ-ਆਰ.ਐਸ.ਐਸ ਸਰਕਾਰ ਦੇ ਲੋਕ ਵਿਰੋਧੀ ਮਨਸੂਬੇ ਪੂਰੇ ਕਰਨ ਦੇ ਯਤਨਾਂ 'ਚ ਹੈ। ਇਹ ਸਰਕਾਰ ਆਪਣੀਆਂ ਏਜੰਸੀਆਂ ਰਾਹੀਂ ਅਜਿਹੇ ਕਾਰੇ ਕਰਵਾਕੇ ਦਲਿਤਾਂ ਵਿੱਚ ਭੈਅ ਦਾ ਮਾਹੌਲ ਬਣਾਕੇ ਉਹਨਾਂ ਨੂੰ ਆਪਣੇ ਨੇੜੇ ਖਿੱਚਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਵਿੱਚ ਪੰਜਾਬ ਦੇ ਮੁੰਡਿਆਂ ਨਾਲ ਗੜਬੜ ਕਰਵਾਈ ਗਈ। ਫਿਰ ਪੰਜਾਬ ਅੰਦਰ ਹਿਮਾਚਲ ਪ੍ਰਦੇਸ਼ ਦੀਆਂ ਬੱਸਾਂ ਦੀ ਭੰਨਤੋੜ ਕੀਤੀ ਗਈ ਅਤੇ ਇਹਨਾਂ ਬੱਸਾਂ ਉੱਤੇ ਖਾਲਿਸਤਾਨ ਦੇ ਨਾਹਰੇ ਲਿਖੇ ਗਏ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਕਾਲੇ ਦੌਰ ਵਿੱਚ ਖਾਲਿਸਤਾਨ ਲਹਿਰ ਵੇਲੇ ਪੰਜਾਬ ਵਿੱਚ 35 ਹਜਾਰ ਬੰਦਿਆਂ ਦੀਆਂ ਜਾਨਾਂ ਜਾ ਚੁੱਕੀਆਂ ਹਨ। ਭਾਵੇਂ ਉਹ ਜਾਨਾਂ ਨੌਜਵਾਨ ਸਿੱਖ ਮੁੰਡਿਆਂ ਦੀਆਂ ਸਨ, ਭਾਵੇਂ ਪੁਲਸ ਮੁਲਾਜਮਾਂ ਦੀਆਂ ਭਾਵੇਂ ਵੱਖੋ ਵੱਖ ਪਾਰਟੀਆਂ ਦੇ ਲੀਡਰਾਂ ਜਾਂ ਵਰਕਰਾਂ ਦੀਆਂ ਸਨ। ਉਸ ਸਮੇਂ ਵੀ ਖਾਲਿਸਤਾਨੀ ਲਹਿਰ ਦੀ ਸ਼ੁਰੂਆਤ ਕੇਂਦਰੀ ਲਾਬੀ ਨੇ ਆਪਣੀਆਂ ਏਜੰਸੀਆਂ ਰਾਹੀਂ ਕਰਵਾਈ ਸੀ, ਜਿਸਦਾ ਸੰਤਾਪ ਪੰਜਾਬ ਨੂੰ ਭੁਗਤਣਾ ਪਿਆ ਸੀ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ-ਆਰ. ਐਸ.ਐਸ ਸਰਕਾਰ ਆਪਣੇ ਲੋਕ ਵਿਰੋਧੀ ਏਜੰਡੇ ਦੀ ਪੂਰਤੀ ਲਈ ਆਪਣੀਆਂ ਏਜੰਸੀਆਂ ਕੋਲੋਂ ਇਹ ਕੰਮ ਕਰਵਾ ਰਹੀ ਹੈ। ਆਗੂਆਂ ਨੇ ਕਿਹਾ ਕਿ ਭਾਜਪਾ ਸਰਕਾਰ ਖੁਦ ਹੀ ਫਾਸ਼ੀਵਾਦ ਰਾਹੀਂ ਸੰਵਿਧਾਨਕ ਕਦਰਾਂ ਕੀਮਤਾਂ ਅਤੇ ਜਮਹੂਰੀਅਤ ਨੂੰ ਪੈਰਾਂ ਹੇਠਾਂ ਦਰੜ ਰਹੀ ਹੈ। ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਯੂ.ਪੀ ਦੀ ਜੋਗੀ ਸਰਕਾਰ ਦੇ ਪਦਚਿੰਨ੍ਹਾਂ ਉੱਤੇ ਚੱਲਦਿਆਂ ਬੁਲਡੋਜ਼ਰ ਕਲਚਰ ਨੂੰ ਫੈਲਾਅ ਰਹੀ ਹੈ ਅਤੇ ਝੂਠੇ ਪੁਲਿਸ ਮੁਕਾਬਲੇ ਬਣਾ ਰਹੀ ਹੈ।ਇਸ ਤਰ੍ਹਾਂ ਪੰਜਾਬ ਪੁਲਸ ਰਾਜ ਵੱਲ ਵਧ ਰਿਹਾ ਹੈ। ਜਿਸਦਾ ਤਿੱਖਾ ਵਿਰੋਧ ਕਰਨ ਦੀ ਲੋੜ ਸਾਡੇ ਸਾਹਮਣੇ ਹੈ। ਉਹਨਾ ਨੇ ਲੋਕਾਂ ਨੂੰ ਸੁਚੇਤ ਰਹਿਣ ਦਾ ਸੱਦਾ ਦਿੰਦਿਆਂ ਪ੍ਰਸ਼ਾਸਨ ਕੋਲੋਂ ਸੰਵਿਧਾਨ ਅਤੇ ਡਾਕਟਰ ਬੀ. ਆਰ ਅੰਬੇਡਕਰ ਦੇ ਬੁੱਤਾਂ ਨਾਲ ਛੇੜਛਾੜ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮੌਕੇ ਜਿਲ੍ਹਾ ਪ੍ਰਸ਼ਾਸਨ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਵੀ ਸੌਂਪਿਆ ਗਿਆ ਅਤੇ ਆਗੂਆਂ ਵੱਲੋਂ ਡਾਕਟਰ ਬੀ.ਆਰ ਅੰਬੇਡਕਰ ਦੇ ਬੁੱਤ ਨੂੰ ਫੁੱਲਾਂ ਦੇ ਹਾਰ ਵੀ ਪਾਏ ਗਏ।

# ਵਰਲਡ ਕਬੱਡੀ ਕੱਪ 2025 ਦੀਆਂ ਗੋਲਡ ਮੈਡਲ ਜੇਤੂ ਕਬੱਡੀ ਖਿਡਾਰਨਾਂ ਜਸ਼ਨਦੀਪ ਕੌਰ ਅਤੇ ਮਨੀਸ਼ਾ ਦਾ ਢਾਹਾਂ ਕਲੇਰਾਂ ਵਿਖੇ ਸ਼ਾਨਦਾਰ ਸਵਾਗਤ ਅਤੇ ਸਨਮਾਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਬੰਗਾ 05 ਅਪਰੈਲ () ਚਰਨਜੀਤ ਸੱਲ੍ਹਾ- ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ ਦੀਆਂ ਵਰਲਡ ਕਬੱਡੀ ਕੱਪ 2025 ਦੀਆਂ ਗੋਲਡ ਮੈਡਲ ਵਿਜੇਤਾ ਖਿਡਾਰਨਾਂ ਜਸ਼ਨਦੀਪ ਕੌਰ ਅਤੇ ਮਨੀਸ਼ਾ ਦੀ ਜੇਤੂ ਗੋਲਡ ਮੈਡਲ ਯਾਤਰਾ ਦੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਕੰਪਲੈਕਸ ਪੁੱਜਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਪ੍ਰੋ ਹਰਬੰਸ ਸਿੰਘ ਡਾਇਰੈਕਟਰ ਸਿੱਖਿਆ ਨੇ ਟਰੱਸਟ ਦੇ ਪ੍ਰਧਾਨ ਸ ਕੁਲਵਿੰਦਰ ਸਿੰਘ ਢਾਹਾਂ ਵੱਲੋਂ ਗੋਲਡ ਮੈਡਲ ਜੇਤੂ ਖਿਡਾਰੀਆਂ, ਕਾਲਜ ਪ੍ਰਿੰਸੀਪਲ, ਸਮੂਹ ਕਬੱਡੀ ਕੋਚਾਂ ਅਤੇ ਸਟਾਫ ਦਾ ਨਿੱਘਾ ਸਵਾਗਤ ਕੀਤਾ ਅਤੇ ਸ਼ਾਨਦਾਰ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ । ਉਹਨਾਂ ਨੇ ਦੱਸਿਆ ਕਿ ਬ੍ਰਿਟਿਸ਼ ਕਬੱਡੀ ਐਸੋਸੀਏਸ਼ਨ ਬੈਸਟ ਮਿਡਲੈਂਡ ਇੰਗਲੈਂਡ ਵੱਲੋਂ ਕਰਵਾਏ ਵਰਲਡ ਕਬੱਡੀ ਕੱਪ 2025 ਵਿਚ ਭਾਈ ਸੰਗਤ ਸਿੰਘ ਖਾਲਸਾ ਕਾਲਜ ਦੀਆਂ ਕਬੱਡੀ ਖਿਡਾਰਨਾਂ ਜਸ਼ਨਦੀਪ ਕੌਰ ਅਤੇ ਮਨੀਸ਼ਾ ਨੇ ਸ਼ਾਨਦਾਰ ਕਬੱਡੀ ਖੇਡ ਦਾ ਪ੍ਰਦਰਸ਼ਨ ਕਰਕੇ ਗੋਲਡ ਮੈਡਲ ਜਿੱਤ ਕੇ ਆਪਣਾ, ਆਪਣੇ ਮਾਪਿਆਂ ਦਾ, ਆਪਣੇ ਕਾਲਜ ਅਤੇ ਪੰਜਾਬ ਦੀਆਂ ਧੀਆਂ ਦਾ ਨਾਮ ਉੱਚਾ ਕੀਤਾ ਹੈ । ਇਸ ਮੌਕੇ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ ਦੇ ਪ੍ਰਿੰਸੀਪਲ ਡਾ ਰਣਜੀਤ ਸਿੰਘ, ਕੋਚ ਚਰਨਜੀਤ ਸਿੰਘ ਕਪੂਰਥਲਾ, ਕੋਚ ਗੁਰਜੀਤ ਕੌਰ, ਕੋਚ ਰੁਪਿੰਦਰ ਕੌਰ, ਕੋਚ ਜਸਕਰਨ ਕੌਰ ਲਾੜੀ, ਕੋਚ ਕਮਲਜੀਤ ਸਿੰਘ ਔਜਲਾ ਅਤੇ ਵਰਲਡ ਕਬੱਡੀ ਕੱਪ 2025 ਵਿਚ ਭਾਗ ਲੈਣ ਵਾਲੇ ਖਿਡਾਰੀਆਂ ਕਰਮਜੀਤ ਕੌਰ, ਬਲਰਾਜ ਸਿੰਘ, ਗੁਲਸ਼ਨ ਸਿੰਘ, ਅਰਸ਼ਦੀਪ ਸਿੰਘ ਅਤੇ ਸਿਮਰਜੀਤ ਕੌਰ ਦਾ ਸਨਮਾਨ ਕੀਤਾ ਗਿਆ । ਸ਼ਾਨਦਾਰ ਸਵਾਗਤ ਅਤੇ ਖਿਡਾਰੀਆਂ ਦੇ ਸਨਮਾਨ ਲਈ ਡਾ. ਰਣਜੀਤ ਸਿੰਘ ਪ੍ਰਿੰਸੀਪਲ ਭਾਈ ਸੰਗਤ ਸਿੰਘ ਖਾਲਸਾ ਕਾਲਜ ਨੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ, ਸਮੂਹ ਟਰੱਸਟ ਮੈਂਬਰਾਂ ਅਤੇ ਢਾਹਾਂ ਕਲੇਰਾਂ ਵਿਖੇ ਚੱਲਦੇ ਸਮੂਹ ਵਿਦਿਅਕ ਅਤੇ ਮੈਡੀਕਲ ਅਦਾਰਿਆਂ ਦਾ ਹਾਰਦਿਕ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰਸੀਪਲ ਵਨੀਤਾ ਚੋਟ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ ਟਰੱਸਟ, ਪ੍ਰੋ: ਗੁਲਬਹਾਰ ਸਿੰਘ, ਅਮਨਦੀਪ ਸੰਧੂ, ਪ੍ਰੋ ਅਮਨਦੀਪ ਸਿੰਘ, ਰਮਨ ਕੁਮਾਰ, ਮੈਡਮ ਪਰਮਜੀਤ ਕੌਰ, ਮੈਡਮ ਜਸਪ੍ਰੀਤ ਕੌਰ, ਮੈਡਮ ਸ਼ਸ਼ੀ ਬਾਲਾ, ਮੈਡਮ ਰੁਪਿੰਦਰ ਕੌਰ, ਮੈਡਮ ਤਰੀਜ਼ਾ, ਮੈਡਮ ਪ੍ਰਭਦੀਪ ਕੌਰ, ਮੈਡਮ ਸ਼ਿਵਾਨੀ ਭਾਰਦਵਾਜ, ਮੈਡਮ ਵੰਦਨਾ ਬਸਰਾ, ਮੈਡਮ ਰੀਤੂ, ਯੂਨਸ ਵਾਨੀ, ਮੈਡਮ ਪਿਊਸ਼ੀ ਯਾਦਵ, ਰਮਨ ਕੁਮਾਰ, ਰਵੀ ਯਾਦਵ, ਵਿਕਾਸ ਕੁਮਾਰ, ਮੈਡਮ ਇੰਦੂ ਬਾਲਾ, ਮੈਡਮ ਕਮਲਜੀਤ ਕੌਰ, ਮੈਡਮ ਹਰਮੀਤ ਕੌਰ, ਮੈਡਮ ਸਰਬਜੀਤ ਕੌਰ, ਮੈਡਮ ਜਸਬੀਰ ਕੌਰ, ਅਮਨਦੀਪ ਮਾਨ, ਗੁਰਸ਼ਾਨ ਸਿੰਘ ਤੋਂ ਇਲਾਵਾ ਢਾਹਾਂ ਕਲੇਰਾਂ ਵਿਖੇ ਚੱਲਦੇ ਅਦਾਰਿਆਂ ਦੇ ਮੁੱਖੀ, ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ ।

ਫੋਟੋ ਕੈਪਸ਼ਨ : ਵਰਲਡ ਕਬੱਡੀ ਕੱਪ 2025 ਦੀਆਂ ਗੋਲਡ ਮੈਡਲ ਜੇਤੂ ਕਬੱਡੀ ਖਿਡਾਰਨਾਂ ਜਸ਼ਨਦੀਪ ਕੌਰ ਅਤੇ ਮਨੀਸ਼ਾ ਵਿਖੇ ਸਵਾਗਤ ਅਤੇ ਸਨਮਾਨ ਕਰਨ ਮੌਕੇ ਯਾਦਗਾਰੀ ਤਸਵੀਰ

# ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਵਿੱਢੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦੇ ਸਾਹਮਣੇ ਆਏ ਸਾਰਥਕ ਨਤੀਜੇ : ਡਾ. ਬਲਬੀਰ ਸਿੰਘ

**-'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ 2954 ਐਫ.ਆਈ.ਆਰਜ਼ ਹੋਈਆਂ ਦਰਜ, 55 ਨਸ਼ਾ ਤਸਕਰਾਂ ਦੀਆਂ ਨਜਾਇਜ਼ ਉਸਾਰੀਆਂ ਢਾਹੀਆਂ : ਸਿਹਤ ਮੰਤਰੀ**
**-196 ਕਿਲੋ ਹੈਰੋਇਨ, 55 ਕਿਲੋ ਚਰਸ ਤੇ ਗਾਂਜਾ ਸਮੇਤ 5.93 ਕਰੋੜ ਦੀ ਡਰੱਗ ਮਨੀ ਕੀਤੀ ਜ਼ਬਤ**
**-ਪਿਛਲੀਆਂ ਸਰਕਾਰਾਂ ਵੱਲੋਂ ਨਸ਼ਾ ਤਸਕਰਾਂ ਦੀ ਕੀਤੀ ਜਾਂਦੀ ਸਿਆਸੀ ਪੁਸ਼ਤ ਪਨਾਹੀ ਮਾਨ ਸਰਕਾਰ ਵੱਲੋਂ ਖਤਮ**
**-ਕਿਹਾ, ਓਟ ਕਲੀਨਿਕਾਂ 'ਚ ਨਸ਼ਾ ਛੱਡਣ ਵਾਲਿਆਂ ਦੀ ਗਿਣਤੀ ਦੁੱਗਣੀ ਹੋਈ**
**-35 ਦਿਨਾਂ 'ਚ ਵੱਡੀ ਗਿਣਤੀ ਨਸ਼ਾ ਤਸਕਰ ਜੇਲ੍ਹਾਂ 'ਚ ਤੇ ਨਸ਼ਾ ਕਰਨ ਵਾਲੇ ਨਸ਼ਾ ਛੁਡਾਊ ਕੇਂਦਰਾਂ 'ਚ ਪੁੱਜੇ : ਸਿਹਤ ਮੰਤਰੀ**
**-ਨਸ਼ਾ ਪੀੜਤ ਵਿਅਕਤੀਆਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਉਣ ਦੀ ਕੀਤੀ ਅਪੀਲ**

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 05 ਅਪਰੈਲ
INTERNATIONAL PAPER, 94636 01616
hardipchumber57@gmail.com



ਪਟਿਆਲਾ, 5 ਅਪ੍ਰੈਲ:2025(ਬੇਅੰਤ ਸਿੰਘ ਰੋਹਟੀ ਖਾਸ) ਪੰਜਾਬ ਵਿਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਅਗਵਾਈ ਕਰ ਰਹੀ ਕੈਬਨਿਟ ਸਬ-ਕਮੇਟੀ ਦੇ ਮੈਂਬਰ ਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਮਿਲੇ ਆਮ ਲੋਕਾਂ ਦੇ ਭਰਵੇਂ ਹੁੰਗਾਰੇ ਸਦਕਾ ਪਿਛਲੇ 35 ਦਿਨਾਂ 'ਚ ਪੁਲਿਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ 2954 ਐਫ.ਆਈ.ਆਰਜ਼ ਕੀਤੀਆਂ ਗਈਆਂ ਹਨ, ਜਦਕਿ 55 ਨਸ਼ਾ ਤਸਕਰਾਂ ਦੀਆਂ ਨਜਾਇਜ਼ ਉਸਾਰੀਆਂ ਢਾਹੁਣ ਸਮੇਤ 196 ਕਿਲੋ ਹੈਰੋਇਨ, 55 ਕਿਲੋ ਚਰਸ ਤੇ ਗਾਂਜਾ ਤੇ 5.93 ਕਰੋੜ ਰੁਪਏ ਦੀ ਡਰੱਗ ਮਨੀ ਜ਼ਬਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਨਸ਼ਿਆਂ ਵਿਰੁੱਧ ਚੱਲ ਰਹੀ ਲੜਾਈ ਜਲਦ ਹੀ ਆਪਣੇ ਅੰਜਾਮ 'ਤੇ ਪੁੱਜੇਗੀ ਤੇ ਸੂਬਾ ਨਸ਼ਾ ਮੁਕਤ ਹੋਵੇਗਾ।

ਅੱਜ ਇਥੇ ਪਟਿਆਲਾ ਦੇ ਸਰਕਟ ਹਾਊਸ ਵਿਖੇ ਮੀਡੀਆ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਕਰਨ ਦੇ ਨਾਲ ਨਾਲ ਨਸ਼ੇ ਦੀ ਬਿਮਾਰੀ ਨਾਲ ਜੂਝ ਰਹੇ ਵਿਅਕਤੀਆਂ ਨੂੰ ਇਲਾਜ ਮੁਹੱਈਆ ਕਰਵਾਉਣ ਲਈ ਵੀ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸੂਬੇ 'ਚ ਨਸ਼ਾ ਛੱਡਣ ਵਾਲਿਆਂ ਦੀ ਗਿਣਤੀ ਵਿੱਚ ਵੀ ਲਗਾਤਾਰ ਵਾਧਾ ਹੋਇਆ ਹੈ ਤੇ ਮੁਹਿੰਮ ਸ਼ੁਰੂ ਹੋਣ ਤੋਂ ਹੁਣ ਤੱਕ ਓਟ ਕਲੀਨਿਕਾਂ ਵਿੱਚ ਦਵਾਈ ਲੈਣ ਵਾਲਿਆਂ ਦੀ ਗਿਣਤੀ ਦੁੱਗਣੀ ਹੋਈ ਹੈ, ਜੋ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਹੀ ਨਤੀਜਾ ਹੈ।

